# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੇ ਸਿੱਖ



ਸਤਿਬੀਰ ਸਿੰਘ



www.sikhbookclub.com

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੇ ਸਿੱਖ

ਪ੍ਰਿੰ: ਸਤਿਬੀਰ ਸਿੰਘ

*ਸੰਪਾਦਕ :*
ਸਿਮਰਨ ਕੌਰ

*Mob.: 98117 91111 ◇98114 91111
ਧਾਰਮਿਕ ਪੁਸਤਕਾਂ ਤੇ ਬਾਬਾ ਜੀ ਦੇ ਰੁਮਾਲ ਸਾਹਿਬ ਦਾ ਨਿਵੇਕਲਾ ਸ਼ੋਅਰੂਮ
ਭਾਈ ਚਤਰ ਸਿੰਘ ਐਂਡ ਕੋ.
ਪੁਸਤਕਾਂ ਵਾਲੇ (ਅੰਮ੍ਰਿਤਸਰ ਵਾਲੇ)
* ਡੀ-118, ਫਤਿਹ ਨਗਰ, ਜੇਲ ਰੋਡ, ਨਵੀ ਦਿੱਲੀ-18
(ਨਜਦੀਕ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਸਾਹਿਬ ਜੀ)
◇1687 ਕੂਚਾ ਜੱਟ ਮਲ, ਦਰੀਬਾ ਕਲਾਂ, ਦਿੱਲੀ-6

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ।

 www.sikhbookclub.com

Sri Guru Hargobind Sahib Ji De Samay De Sikh

by Satbir Singh
Edited by Simran Kaur

Published by :
New Book Co., Mai Hiran Gate, Jalandhar. Ph. : 280045, 284325

ISBN 81-87476-12-5

© ਲੇਖਕ

ਪਹਿਲੀ ਵਾਰ : ਮਈ--2002

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
ਫੋਨ : 280045, 284325

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈੱਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ਼, ਜਲੰਧਰ। ਫੋਨ : 203346

**ਮੁੱਲ : 75/- ਰੁਪਏ**

 www.sikhbookclub.com

## 'ਵਡ ਜੋਧਾ ਬਹੁ ਪਰਉਪਕਾਰੀ'

# ਮੁੱਖ-ਸ਼ਬਦ

ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਗੰਢਾ ਤੋੜ, ਅਸੀਸ ਦਿੱਤੀ ਤਾਂ ਜਿੱਥੇ ਇਹ ਕਿਹਾ, "ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ" ਉਥੇ ਇਹ ਬਚਨ ਵੀ ਕਹੇ :

*ਮੀਰ ਪੀਰ ਗੁਰ ਧਰੇ ਅਵਤਾਰ॥*
*ਕਰ ਦਰਸਨ ਸੰਗਤ ਹੋਇ ਉਧਾਰ॥*

(ਮਹਿਮਾ ਪ੍ਰਕਾਸ਼, ੩੯੧)

ਇਤਿਹਾਸ ਪੜ੍ਹਦਿਆਂ ਅਸੀਂ ਮਹਿਸੂਸ ਕਰਦੇ ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਦੀ ਛਟਾ ਨਿਰਾਲੀ ਸੀ। ਉਂਝ ਤੇ ਹਰ ਗੁਰੂ ਦੀ ਵੱਖਰੀ ਨੁਹਾਰ ਹੈ। ਗੁਰੂ ਹਰਿਗੋਬਿੰਦ ਮਹਾਰਾਜ ਦੀ ਮਾਨਸਿਕ ਦ੍ਰਿੜ੍ਹਤਾ, ਸੁੰਦਰ ਸਰੂਪ, ਪ੍ਰਭੂ ਨਾਲ ਇਕਮਿਕਤਾ, ਡੁਬਦੀ ਲੁਕਾਈ ਨੂੰ ਤਾਰਨ ਵਾਲੇ, ਲੋਕਾਂ ਦਾ ਦਰਸ਼ਨ ਕਰ ਨਿਹਾਲ ਹੋਣਾ, ਮੀਰੀ ਪੀਰੀ ਦੀਆਂ ਦੋ ਤਲਵਾਰਾਂ ਦਾ ਪਹਿਨਣਾ, ਦੁਸਟ ਦਮਨ ਵਾਲਾ ਕਿਰਦਾਰ, ਕਮਾਨ ਦੇ ਧਨੀ, ਦਿਆਲੂ ਤੇ ਉਦਾਰਚਿੱਤ ਹੋਣਾ। ਇਹ ਸਭ ਕੁਝ ਅਸੀਂ ਗੁਰੂ ਸਾਹਿਬ ਦੇ ਜੀਵਨ 'ਤੇ ਇਕ ਝਾਤ ਮਾਰ ਕੇ ਦੇਖ ਸਕਦੇ ਹਾਂ।

ਗੁਰੂ ਪਾਤਸ਼ਾਹਾਂ ਦੇ ਅਵਤਾਰ ਧਾਰਨਾ ਤੋਂ ਬਾਅਦ ਆਲੇ ਦੁਆਲੇ ਦੇ ਵਾਤਾਵਰਣ ਤੇ ਸੁਖਾਵਾਂ ਹੋ ਹੀ ਗਿਆ ਸੀ ਨਾਲੇ ਜਿਹੜੇ ਲੋਕ ਉਨ੍ਹਾਂ ਦੇ ਸੰਪਰਕ ਵਿਚ ਆਏ ਉਹ ਵੀ ਧੰਨ ਹੋ ਗਏ। ਉਨ੍ਹਾਂ ਸਿੱਖਾਂ ਦੇ ਜੀਵਨ ਵਿਚ ਵੀ ਚੰਗਾ ਬਦਲਾਵ ਆਇਆ। ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਸਿੱਖਾਂ ਵਿਚ ਅਜਿਹੀ ਤਬਦੀਲੀ ਲੈ ਆਂਦੀ ਸੀ ਕਿ ਉਨ੍ਹਾਂ ਦਾ ਮਨ ਕੁਝ ਵਖਰੀ ਤਰ੍ਹਾਂ ਕੰਮ ਕਰਨ ਲੱਗਾ ਸੀ। ਉਨ੍ਹਾਂ ਦੀ ਆਤਮਾ ਉੱਚੀਆਂ ਉਡਾਰੀਆਂ ਮਾਰ ਅਰਸ਼ਾਂ ਤੱਕ ਪੁੱਜ ਰਹੀ ਸੀ। ਇੰਜ ਮਹਿਸੂਸ ਹੁੰਦਾ ਸੀ ਗੁਰੂ ਨੇ ਸਿੱਖ ਨੂੰ ਵੱਖਰੀ ਮਿੱਟੀ ਦਾ ਬਣਾਇਆ ਹੈ। ਸਿੱਖ ਵਿਚ ਜੇ ਨਿਮ੍ਰਤਾ, ਸੇਵਾ ਆਦਿ ਦੇ ਗੁਣ ਆ ਰਹੇ ਸਨ ਉਥੇ ਉਨ੍ਹਾਂ ਵਿਚ ਜੋਸ਼ ਵੀ ਘੱਟ ਨਹੀਂ ਸੀ।

ਜਿਹੜਾ ਸਿੱਖੀ ਦਾ ਬੂਟਾ ਗੁਰੂਆਂ ਨੇ ਲਾਇਆ ਹੋਇਆ ਸੀ ਉਸ ਨੂੰ ਹਰਾ ਰੱਖਣ ਲਈ ਇਹ ਜ਼ਰੂਰੀ ਹੈ ਕਿ ਉਸ ਦੀ ਉਚਿਤ ਦੇਖਭਾਲ ਕੀਤੀ ਜਾਵੇ। ਇਸੇ ਲਈ ਸਮੇਂ-ਸਮੇਂ 'ਤੇ ਗੁਰੂ ਸਾਹਿਬ ਦੇ ਗੁਰਪੁਰਬ ਤੇ ਸ਼ਤਾਬਦੀਆਂ ਮਨਾ ਕੇ ਪੰਥ ਨੂੰ ਗੁਰੂਆਂ ਦੇ ਆਦਰਸ਼ ਸਮਝਾਣੇ ਚਾਹੀਦੇ ਹਨ। ਕੌਮ ਨੂੰ ਫਿਰ ਜਗਾਉਣ ਦਾ ਕੇਵਲ ਇਹ ਹੀ ਰਾਹ ਹੈ। ਇਸੇ ਗੱਲ ਨੂੰ ਮੁੱਖ ਰੱਖਦਿਆਂ ਪੰਥ ਨੇ ਕਈ ਸ਼ਤਾਬਦੀਆਂ ਮਨਾਈਆਂ, ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੀ, ਗੁਰੂ ਨਾਨਕ ਦੇਵ ਜੀ ਦੀ, ਗੁਰੂ ਤੇਗ ਬਹਾਦਰ ਜੀ ਦੀ, ਅੰਮ੍ਰਿਤਸਰ ਦਾ ਚਾਰ ਸੌ ਸਾਲਾ, ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਉਤਸਵ ਮਨਾਇਆ। ਇਨ੍ਹਾਂ ਸਭ ਸ਼ਤਾਬਦੀਆਂ ਮਨਾਉਣ ਵਿਚ ਪ੍ਰਿੰ: ਸਤਿਬੀਰ ਸਿੰਘ ਜੀ ਦਾ ਬਹੁਤ ਵੱਡਾ ਯੋਗਦਾਨ ਸੀ। ਇਸੇ ਸਿਲਸਿਲੇ ਦੌਰਾਨ ਜਦ ਫਿਰ ਸਾਰੇ ਪੰਥ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ੪੦੦ ਸਾਲਾ ਮਨਾਇਆ, ਚਾਰੇ ਪਾਸੇ ਹਰ ਮਨੁੱਖ ਵਿਚ ਨਵਾਂ ਜੋਸ਼ ਛਾਇਆ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਵਡਾਲੀ ਤੋਂ ਖਾਲਸਾ ਮਾਰਚ ਆਰੰਭ ਕੀਤਾ

ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਾ ਸ਼ਾਮਲ ਹੋਣਾ ਦੱਸ ਰਿਹਾ ਸੀ ਕਿ ਕੌਮ ਵਿਚ ਅੱਜ ਵੀ ਉਤਸ਼ਾਹ ਹੈ। ਗੁਰੂ ਹਰਿਗੋਬਿੰਦ ਸਾਹਿਬ ਦੀਆਂ ਰਚਨਾਵਾਂ, ਸੰਦੇਸ਼, ਸਿੱਖਿਆਵਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਛਪਵਾ ਕੇ ਘਰ-ਘਰ ਪਹੁੰਚਾਏ ਜਾਣ ਦਾ ਉਪਰਾਲਾ ਵੀ ਕੀਤਾ ਜਾ ਰਿਹਾ ਸੀ। ਐਸਾ ਹੀ ਵਾਤਾਵਰਣ ਸਾਡੇ ਘਰ ਵਿਚ ਬਣਿਆ ਹੋਇਆ ਸੀ।

ਪਾਪਾ (ਪ੍ਰਿੰ: ਸਤਿਬੀਰ ਸਿੰਘ ਜੀ) ਕਹਿਣ ਲੱਗੇ, "ਸਾਡੇ ਗੁਰੂ ਤੇ ਬਹੁਤ ਮਹਾਨ ਹੈ ਹੀ ਹਨ। ਉਨ੍ਹਾਂ ਗੁਰੂਆਂ ਦੇ ਨਾਲ ਜਿਨ੍ਹਾਂ ਮਨੁੱਖਾਂ ਨੇ ਆਪਣਾ ਸਾਰਾ ਜੀਵਨ ਬਿਤਾਇਆ ਉਨ੍ਹਾਂ ਬਾਰੇ ਵੀ ਕੁਝ ਜਾਣੀਏ। ਉਨ੍ਹਾਂ ਸਿੱਖਾਂ ਦੇ ਜੀਵਨ 'ਤੇ ਵੀ ਇਕ ਝਾਤ ਮਾਰੀ ਜਾਏ, ਜਿਨ੍ਹਾਂ ਅੱਖਾਂ ਨਾਲ ਗੁਰੂ ਦੇ ਪ੍ਰਤੱਖ ਦਰਸ਼ਨ ਕੀਤੇ ਸਨ। ਉਠਦੇ, ਬੈਠਦੇ, ਖਾਂਦੇ, ਸੌਂਦੇ, ਪੂਰੀ ਦਿਨ ਚਰਿਆ ਆਪਣੇ ਗੁਰੂ ਦੀ ਦੇਖ ਨਿਹਾਲ ਹੁੰਦੇ ਹੋਣਗੇ। ਗੁਰੂ ਦੇ ਸੰਪਰਕ ਵਿਚ ਰਹਿ ਕੇ ਉਨ੍ਹਾਂ ਦਾ ਜਨਮ ਤੇ ਸਫ਼ਲ ਹੋ ਹੀ ਗਿਆ ਸੀ। ਉਨ੍ਹਾਂ ਦੂਜਿਆਂ ਨੂੰ ਵੀ ਸਹੀ ਰਾਹ 'ਤੇ ਚੱਲਣ ਦੀ ਜਾਚ ਸਿਖਾਈ। ਉਨ੍ਹਾਂ ਸਮਕਾਲੀ ਸਿੱਖਾਂ ਦੇ ਜੀਵਨ ਤੋਂ ਵੀ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪਾਪਾ ਕਹਿੰਦੇ ਸਨ, "ਮੇਰਾ ਚਿਤ ਕਰਦਾ ਹੈ, ਸਾਰਿਆਂ ਦਾ ਸੰਭਵ ਤੇ ਨਹੀਂ ਪਰ ਉਨ੍ਹਾਂ ਵਿਚੋਂ ਕੁਝ ਕੁ ਸਮਕਾਲੀ ਸਿੱਖਾਂ ਦੀ ਇਕ ਸੂਚੀ ਤਿਆਰ ਕਰ ਲਈ ਜਾਵੇ ਤਾਂਕਿ ਅਸੀਂ ਜਾਣ ਸਕੀਏ ਕੈਸੇ ਧੰਨ ਸਨ ਉਹ ਸਮਕਾਲੀ ਸਿੱਖ। ਪਾਪਾ ਨੇ ਦੱਸਿਆ ਕਿੰਨਾ ਜ਼ਰੂਰੀ ਹੈ ਸਿੱਖ ਇਤਿਹਾਸ ਨੂੰ ਪੜ੍ਹਨਾ ਕਿਉਂਕਿ ਸਾਡੇ ਇਤਿਹਾਸ ਵਿਚ ਕਈ ਐਸੇ ਚਾਨਣ ਮੁਨਾਰੇ ਹੋਏ ਹਨ ਜਿਨ੍ਹਾਂ ਨੂੰ ਦੇਖ ਕੇ ਅਸੀਂ ਆਪਣਾ ਜੀਵਨ ਅੱਗੇ ਤੋਰ ਸਕਦੇ ਹਾਂ। ਇਤਿਹਾਸ ਵਿਚ ਐਸਾ ਆਉਂਦਾ ਵੀ ਹੈ ਕਿ ਇਕ ਦਫਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਲੋਂ ਇਕ ਸਿੱਖ ਇਹ ਪੁੱਛ ਬੈਠਾ ਕਿ ਕੋਈ ਸਿੱਖ ਸੰਸਾਰ 'ਤੇ ਹੋਇਆ ਹੈ ਜਿਸ ਨੂੰ ਦੇਖ ਕੇ ਅਸੀਂ ਆਪਣਾ ਜੀਵਨ ਢਾਲ ਸਕੀਏ। ਕੋਈ ਐਸਾ ਸੇਵਕ ਵੀ ਹੈ ਜਿਸ ਦੀ ਕਰਨੀ ਨੂੰ ਦੇਖ ਕੇ ਅਸੀਂ ਸੇਵਾ ਵਿਚ ਜੁੱਟ ਜਾਈਏ, ਕੋਈ ਐਸਾ ਰਿਸ਼ਤੇਦਾਰ ਵੀ ਹੈ ਜਿਸ ਦੀ ਰਿਸ਼ਤੇਦਾਰੀ ਨੂੰ ਦੇਖ ਕੇ ਅਸੀਂ ਆਪਣੇ ਰਿਸ਼ਤੇ ਵਿਚ ਸੁਧਾਰ ਲਿਆਈਏ, ਕੋਈ ਐਸਾ ਬੇਟਾ ਵੀ ਹੈ ਜਿਸ ਨੂੰ ਦੇਖ ਕੇ ਅਸੀਂ ਆਪਣੇ ਬੇਟੇ ਨੂੰ ਕਹੀਏ ਬੇਟਾ ਉਸ ਵਰਗਾ ਹੋਵੇ। ਸਿੱਖ ਦਾ ਬੜਾ ਪਿਆਰਾ ਸਵਾਲ ਸੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਸ ਵੇਲੇ ਇਹ ਬਚਨ ਕੀਤੇ। ਸਿੱਖ ਨਹੀਂ ਕੋਈ ਗੁਰੂ ਅੰਗਦ ਜੈਸਾ ਤੇ ਸੇਵਕ ਨਹੀਂ ਕੋਈ ਗੁਰੂ ਅਮਰਦਾਸ ਜੈਸਾ, ਸਾਕ ਨਹੀਂ ਗੁਰੂ ਰਾਮਦਾਸ ਜਿਹਾ ਤੇ ਪੁੱਤਰ ਨਹੀਂ ਗੁਰੂ ਅਰਜਨ ਜਿਹਾ। ਅਗਰ ਤੁਸਾਂ ਨੇ ਕਰਨੀ ਦੇਖਣੀ ਹੈ ਤੇ ਇਨ੍ਹਾਂ ਚਾਰੋ ਨੂੰ ਦੇਖੋ ਤੇ ਭਾਈ ਲਹਿਣਾ ਸਿੱਖ ਹੈ ਕੀ ਉਸ ਨੇ ਸਿੱਖੀ ਕਮਾਈ ਕਿ ਗੁਰੂ ਦਾ ਅੰਗ ਬਣ ਗਿਆ। ਇਨ੍ਹਾਂ ਸਭ ਦਾ ਪਤਾ ਸਾਨੂੰ ਸਿੱਖ ਇਤਿਹਾਸ ਪੜ੍ਹ ਕੇ ਹੀ ਪਤਾ ਚਲਦਾ ਹੈ। ਇਸੇ ਤਰ੍ਹਾਂ ਗੁਰੂ ਕਾਲ ਵੇਲੇ ਕਈ ਸਿੱਖ ਵੀ ਐਸੇ ਹੋਏ ਹਨ ਜਿਨ੍ਹਾਂ ਦੇ ਕਦਮ ਚਿੰਨ੍ਹਾਂ ਤੇ ਟੁਰ ਕੇ ਅਸੀਂ ਆਪਣਾ ਜੀਵਨ ਸਵਾਰ ਸਕਦੇ ਹਾਂ।

ਗੁਰੂ ਹਰਗੋਬਿੰਦ ਸਾਹਿਬ ਜੀ ਦੇ ੪੦੦ ਸਾਲਾ ਸ਼ਤਾਬਦੀ ਦੇ ਅੰਤਰਗਤ ਸ਼ੁਰੂਆਤ ਹਰਿਗੋਬਿੰਦ ਸਾਹਿਬ ਜੀ ਦੇ ਸਮਕਾਲੀ ਸਿੱਖਾਂ ਤੋਂ ਹੀ ਕਰੀਏ। ਪਾਪਾ ਦੇ ਹੀ ਕਹਿਣ 'ਤੇ ਮੈਂ ਇਸ ਕੰਮ ਵਿਚ ਲੱਗ ਗਈ। ਜਲਦੀ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮਕਾਲੀ ਸਿੱਖਾਂ ਦੀ ਇਕ ਲੰਮੀ ਸੂਚੀ ਜਿਹੀ ਤਿਆਰ ਹੋ ਗਈ। ਜਦ ਪਾਪਾ ਨੂੰ ਦਿਖਾਈ ਤਾਂ ਉਨ੍ਹਾਂ ਨੇ ਇਸ ਨੂੰ ਪੁਰਾਤਨ ਇਤਿਹਾਸਕ ਖਰੜਿਆਂ ਵਿਚੋਂ ਖੋਜ ਕਰਕੇ ਅੰਤਿਮ ਛੁਹ ਦਿੱਤੀ ਅਤੇ

ਛਾਪਣ ਦਾ ਨਿਰਣਾ ਲਿਆ ਤੇ ਆਖਣ ਲੱਗੇ, "ਜੇ ਇਨ੍ਹਾਂ ਸਿੱਖਾਂ ਦੇ ਅਸੀਂ ਕੋਈ ਇਕ ਇਕ ਗੁਣ ਵੀ ਹਰ ਬੰਦਾ ਗ੍ਰਹਿਣ ਕਰੀ ਜਾਈਏ ਤਾਂ ਜਦ ਸਾਰੇ ਸਿੱਖ ਇਕੋ ਜਗ੍ਹਾ ਇਕੱਠੇ ਹੋਣਗੇ ਤਾਂ ਗੁਰੂ ਸਾਹਿਬ ਦਾ ਇਹ ਕਥਨ ਗੁਰੂ ਰੂਪ ਸਾਧ ਸੰਗਤ ਦਾ ਪ੍ਰਤੱਖ ਪ੍ਰਮਾਣ ਪੰਥ ਨੂੰ ਮਿਲ ਜਾਏਗਾ।"

ਪਰ ਅਚਾਨਕ ੧੯ ਅਗਸਤ, ੧੯੯੪ ਨੂੰ ਪਾਪਾ ਦਾ ਅਕਾਲ ਚਲਾਣਾ ਹੋ ਜਾਣ ਕਾਰਨ ਸਭ ਕੁਝ ਬਿਖਰ ਕੇ ਰਹਿ ਗਿਆ। ਸਮੇਟਦੇ ਸਮੇਟਦੇ ਬੜਾ ਚਿਰ ਲੱਗਾ। ਅੱਜ ਵੀ ਕਿਧਰੇ ਖਾਲੀਪਨ ਜਿਹਾ ਮਹਿਸੂਸ ਹੁੰਦਾ ਹੈ। ਪਰ ਪਾਪਾ ਦੇ ਸੌਂਪੇ ਹੋਏ ਕੰਮ ਪੂਰੇ ਕਰਨ ਨਾਲ ਮਨ ਵਿਚ ਇਕ ਤਸੱਲੀ ਜਿਹੀ ਮਹਿਸੂਸ ਹੁੰਦੀ ਹੈ। ਮੰਮੀ ਜਸਪਾਲ ਕੌਰ ਜੀ ਨੇ ਪੁਸਤਕ ਛਾਪਣ ਦੀ ਗੱਲ ਸ: ਮਹਿਤਾਬ ਸਿੰਘ ਜੀ ਤੇ ਸ: ਮਨਜੀਤ ਸਿੰਘ ਜੀ ਨਾਲ ਕੀਤੀ ਜੋ ਚਿਰਾਂ ਤੋਂ ਪਾਪਾ ਦੀਆਂ ਪੁਸਤਕਾਂ ਪਾਠਕਾਂ ਤੱਕ ਪਹੁੰਚਾ ਰਹੇ ਹਨ। ਉਨ੍ਹਾਂ ਇਸ ਪੁਸਤਕ ਨੂੰ ਵੀ ਛਾਪਣ ਦਾ ਉਹੀ ਚਾਅ ਦਿਖਾਇਆ। ਅਸੀਂ 'ਨਿਊ ਬੁੱਕ ਕੰਪਨੀ' ਵਾਲਿਆਂ ਦੇ ਧੰਨਵਾਦੀ ਹਾਂ। ਭੈਣ ਸੁੰਦਰਜੀਤ ਕੌਰ, ਭੈਣ ਹਰਿਕੀਰਤ ਕੌਰ, ਵੀਰ ਅਜੈਬੀਰ ਤੇ ਸ: ਪਰਵਿੰਦਰ ਸਿੰਘ ਜੀ ਨੇ ਇਸ ਪੁਸਤਕ ਦੇ ਲਿਖਣ 'ਤੇ ਬੜਾ ਉਤਸ਼ਾਹ ਵਧਾਇਆ। ਇਹ ਪੁਸਤਕ ਮੈਂ ਆਪਣੀ ਮਾਤਾ ਜਸਪਾਲ ਕੌਰ ਜੀ ਨੂੰ ਭੇਟ ਕਰ ਰਹੀ ਹਾਂ। ਜਿਨ੍ਹਾਂ ਆਪਣੇ ਸਾਰੇ ਸੁਖ ਤਿਆਗੇ ਮੇਰੇ ਪਾਪਾਂ ਦੇ ਸੁਖਾਂ ਦਾ ਖਿਆਲ ਰੱਖਿਆ ਅਸੀਂ ਉਨ੍ਹਾਂ ਦੇ ਰਿਣੀ ਹਾਂ। ਮੈਨੂੰ ਉਮੀਦ ਹੈ, ਪਾਠਕ ਮੇਰੀ ਪਹਿਲੀ ਪੁਸਤਕ 'ਪ੍ਰਸਿੱਧ ਸਿੱਖ ਬੀਬੀਆਂ' ਦੀ ਤਰ੍ਹਾਂ ਇਸ ਪੁਸਤਕ ਨੂੰ ਵੀ ਸਲਾਹੁਣਗੇ। ਪਾਪਾ ਜੀ ਦੀ ਅਸੀਸ ਸਦਕਾ ਇਹ ਪੁਸਤਕ ਛਪਵਾ ਕੇ ਬੜਾ ਹੌਲਾ-ਹੌਲਾ ਮਹਿਸੂਸ ਕਰ ਰਹੀ ਹਾਂ।

ਬਸ ਹੁਣ ਸਾਡੀ ਇਹੀ ਅਰਦਾਸ ਹੈ, ਦਾਤੇ ਅੱਗੇ, ਆਪਣਾ ਮਿਹਰ ਭਰਿਆ ਹੱਥ ਸਾਡੇ ਸਿਰ 'ਤੇ ਰੱਖੇ। ਗੁਰੂ ਰਾਮਦਾਸ ਜੀ ਦੀ ਇਹ ਤੁਕ ਹਮੇਸ਼ਾ ਸਾਡੇ ਸਾਹਮਣੇ ਰਹਿੰਦੀ ਹੈ—

*"ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ॥"* (ਪੰਨਾ ੧੬੭)

੧੦ ਜੂਨ, ੨੦੦੨ —ਸਿਮਰਨ ਕੌਰ

# ਤਤਕਰਾ


ਗੁਰੂ ਹਰਿਗੋਬਿੰਦ ਜੀ ... ... ... 9

## ਅਨਿਨ ਸਿੱਖ

ਬਾਬਾ ਬੁੱਢਾ ਜੀ ... ... ... 13
ਭਾਈ ਗੁਰਦਾਸ ਜੀ ... ... ... 22
ਭਾਈ ਝੰਡਾ ਜੀ ... ... ... 28
ਭਾਈ ਬਹਿਲੋ ਜੀ ... ... ... 30
ਭਾਈ ਢੇਸਾ ਜੀ ... ... ... 32
ਭਾਈ ਗੜ੍ਹੀਆ ਜੀ ... ... ... 36
ਭਾਈ ਮਾਧੋ ਜੀ ... ... ... 39
ਭਾਈ ਸਾਧ ਜੀ ... ... ... 42
ਭਾਈ ਸਾਧੂ ਤੇ ਰੂਪਾ ਜੀ ... ... ... 46
ਭਾਈ ਚੂਹੜ ਜੀ ... ... .. 49

## ਸ਼ਹੀਦ ਸਿੱਖ

ਪਹਿਲੇ ਤੇਰਾਂ ਸੂਰਮੇ ਸ਼ਹੀਦ ... ... ... 53
*ਦੂਜੀ ਜੰਗ ਦੇ ਸ਼ਹੀਦ*
ਭਾਈ ਜੱਟੂ, ਭਾਈ ਕਲਿਆਣਾ ... ... ... 55
ਭਾਈ ਨਾਨੂ, ਭਾਈ ਸਕਤੂ ਤੇ ਪਰਸ ਰਾਮ ... ... 56
*ਤੀਜੀ ਜੰਗ ਦੇ ਸ਼ਹੀਦ*
ਭਾਈ ਜੇਠਾ ਜੀ ... ... ... 57
*ਚੌਥੀ ਜੰਗ ਦੇ ਸ਼ਹੀਦ*
ਭਾਈ ਲੱਖੂ ਜੀ ... ... ... 58

## ਸ਼ਰਧਾਵਾਨ ਬੀਬੀਆਂ

ਬੀਬੀ ਵੀਰੋ ਜੀ ... ... ... 61
ਬੀਬੀ ਰਾਮੋ ਜੀ ... ... ... 66
ਬੀਬੀ ਕੌਲਾਂ ... ... ... 72
ਮਾਤਾ ਸੁਲੱਖਣੀ ... ... ... 76
ਮਾਈ ਭਾਗਭਰੀ ... ... ... 78
ਮਾਈ ਜੱਸੀ ... ... ... 81

## ਸੂਰਮੇ ਸਿੱਖ


| | | | | |
|---|---|---|---|---|
| ਭਾਈ ਬਿਧੀ ਚੰਦ ਜੀ | ... | ... | ... | 85 |
| ਭਾਈ ਪਰਾਗਾ ਜੀ | ... | ... | ... | 89 |
| ਭਾਈ ਪਰਾਨਾ ਜੀ ਤੇ ਭਾਈ ਪਿਆਰਾ ਜੀ | | ... | ... | 91 |
| ਚੌਧਰੀ ਲੰਗਾਹ | ... | ... | ... | 92 |
| ਭਾਈ ਪਿੰਗਲ਼ ਤੇ ਮਦੂ | ... | ... | ... | 95 |
| ਸ਼ਿੰਗਾਰੂ ਤੇ ਜੈਤ ਜੀ | ... | ... | ... | 95 |
| ਭਾਈ ਰਾਏ ਜੋਧ ਜੀ | ... | ... | ... | 96 |


## ਗੁਰੂ ਢਾਢੀ


| | | | | |
|---|---|---|---|---|
| ਬਾਬਕ ਰਬਾਬੀ | ... | ... | ... | 99 |
| ਸੱਤਾ ਤੇ ਬਲਵੰਡ | ... | ... | ... | 101 |
| ਢਾਡੀ ਅਬਦੁੱਲਾ ਤੇ ਨੱਥ ਮਲ | ... | ... | ... | 104 |


## ਸ਼ਰਧਾਲੂ ਫ਼ਕੀਰ


| | | | | |
|---|---|---|---|---|
| ਮੀਆਂ ਮੀਰ | ... | ... | ... | 111 |
| ਵਜ਼ੀਰ ਖ਼ਾਨ | ... | ... | ... | 116 |
| ਫ਼ਕੀਰ ਸ਼ਾਹ ਦਉਲਾ | ... | ... | ... | 120 |
| ਬੁੱਢਣ ਸ਼ਾਹ | ... | ... | ... | 123 |
| ਖ਼ੁਆਜਾ ਰੌਸ਼ਨ | ... | ... | ... | 127 |
| ਸੱਯਦ ਸ਼ਾਹ ਜਾਨੀ | ... | ... | ... | 128 |


## ਪ੍ਰਚਾਰਕ ਸਿੱਖ


| | | | | |
|---|---|---|---|---|
| ਸਾਧੂ ਅਲਮਸਤ ਜੀ | ... | ... | ... | 133 |
| ਭਾਈ ਗੋਇੰਦਾ ਤੇ ਬਾਬਾ ਫੂਲ ਜੀ | ... | ... | ... | 137 |
| ਭਾਈ ਝਿਲਮਨ ਤੇ ਭਾਈ ਖ਼ੁਸ਼ਾਲੀ ਜੀ | | ... | ... | 138 |
| ਬਾਲੂ ਹਸਨਾ | ... | ... | ... | 139 |
| ਸੁਥਰੇ ਸ਼ਾਹ | ... | ... | ... | 141 |


## ਹੋਰ ਚੋਣਵੇਂ ਸਿੱਖ


| | | | |
|---|---|---|---|
| ਸ਼ਰਧਾਲੂ ਸਿੱਖ | ... | ... | 145–152 |




www.sikhbookclub.com

## ਸਮਰਪਣ

ਮਾਤਾ ਜਸਪਾਲ ਕੌਰ ਜੀ ਨੂੰ
ਜਿਨ੍ਹਾਂ
ਪਿਤਾ ਪ੍ਰਿੰ: ਸਤਿਬੀਰ ਸਿੰਘ ਜੀ ਨਾਲ
ਤੋੜ ਨਿਭਾਈ


www.sikhbookclub.com

# ਗੁਰੂ ਹਰਿਗੋਬਿੰਦ ਜੀ

ਗੁਰੂ ਹਰਿਗੋਬਿੰਦ ਜੀ ਦੇ ਜਨਮ ਪ੍ਰਕਾਸ਼ ਨੂੰ ਗੁਰੂ ਅਰਜਨ ਦੇਵ ਜੀ ਨੇ ਆਪੂੰ ਸ਼ਬਦ ਉਚਾਰ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਜੀ ਦੇ ਜਨਮ ਨਾਲ ਵਾਹਿਗੁਰੂ ਨੇ ਐਸਾ ਪ੍ਰਬੰਧ ਕੀਤਾ ਹੈ ਕਿ ਧਰਮ ਦੀ ਸ਼ਕਤੀ ਇਕ ਥਾਂ ਇਕੱਠੀ ਹੋ ਜੁਝੇ।

*ਧਰਮ ਕਲਾ ਹਰਿ ਬੰਧ ਬਹਾਲੀ॥*

ਗੁਰੂ ਹਰਿਗੋਬਿੰਦ ਜੀ ਦਾ ਸਾਰਾ ਜੀਵਨ ਧਰਮ ਨੂੰ ਐਸੀ ਵਾੜ ਲਗਾਉਣ ਵਿਚ ਲੱਗਾ ਕਿ ਕੋਈ ਬਾਹਰਲਾ ਸੰਨ੍ਹ ਨਾ ਮਾਰੇ ਤੇ ਕੋਈ ਖੇਤੀ ਨਾ ਉਜਾੜੇ।

ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਸੋਮਵਾਰ 21 ਹਾੜ ਸੰਮਤ 1652 (ਸੰਨ 1595) ਨੂੰ ਵਡਾਲੀ ਗੁਰੂ ਕੀ (ਛਿਹਰਟਾ ਸਾਹਿਬ) ਹੋਇਆ। ਆਪ ਜੀ ਦੇ ਦੋ ਮਹਿਲ ਸਨ। ਪਹਿਲੇ ਮਹਿਲ ਦਾ ਨਾਂ ਦਮੋਦਰੀ ਜੀ ਤੇ ਦੂਜੇ ਦਾ ਨਾਂ ਨਾਨਕੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਆਪ ਬੜੇ ਰੋਹ ਵਿਚ ਆਏ। ਕੌਮ ਨੂੰ ਸਬਰ ਸੰਤੋਖ ਵਿਚ ਰਹਿਣ ਦੇ ਉਨ੍ਹਾਂ ਉਪਦੇਸ਼ ਦਿੱਤੇ ਪਰ ਨਾਲ ਹੀ ਕੌਮ ਨੂੰ ਵੰਗਾਰ ਪਾਈ ਕਿ ਇਹ ਨਾ ਸਮਝਿਓ ਕਿ ਤੁਸੀਂ ਥੋੜ੍ਹੇ ਹੋ ਸਭ ਦਰਿਆ ਸੋਮਿਆਂ ਵਿਚੋਂ ਹੀ ਨਿਕਲਦੇ ਹਨ। ਲੱਕੜ ਦੀ ਇਕ ਨਿਮਾਣੀ ਤੀਲੀ ਜੰਗਲ ਨੂੰ ਅੱਗ ਲਗਾ ਸਕਦੀ ਹੈ। ਤੁਸੀਂ ਤਾਂ ਇਨਸਾਨ ਹੋ ਤੇ ਇਨਸਾਨ ਵੀ ਉਹ ਜਿਸ ਦਾ ਸਰੀਰ ਜੋ ਹੁਣੇ-ਹੁਣੇ ਤੱਤੀ ਤਵੀ 'ਤੇ ਸਾੜਿਆ ਗਿਆ ਹੈ। ਮੁਗ਼ਲਾਂ ਦੇ ਵਿਰੁੱਧ ਚਾਰ ਜੰਗਾਂ ਕੀਤੀਆਂ। ਸਭਨਾਂ ਵਿਚ ਜਿੱਤ ਪ੍ਰਾਪਤ ਕੀਤੀ। ਸਿੱਖਾਂ ਵਿਚ ਬੜਾ ਹੌਸਲਾ ਵਧਿਆ। ਕਈ ਨਗਰ ਵਸਾਏ, ਖੂਹ ਖੁਦਵਾਏ। ਸਾਰਾ ਪੰਜਾਬ ਖ਼ੁਸ਼ਹਾਲ ਕੀਤਾ।

ਅਕਾਲ ਤਖ਼ਤ ਦੀ ਨੀਂਹ 15 ਜੂਨ 1606 ਨੂੰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੱਥੀਂ ਰੱਖੀ। ਕਿਸੇ ਮਿਸਤਰੀ ਮਜ਼ਦੂਰ ਦਾ ਹੱਥ ਨਹੀਂ ਲੱਗਣ ਦਿੱਤਾ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਆਦਿ ਨੂੰ ਸਾਰਾ ਕਾਰਜ ਸੌਂਪਿਆ।

ਸੰਨ 1611 ਵਿਚ ਜਹਾਂਗੀਰ ਨੇ ਮੁਰਤਜ਼ਾ ਖ਼ਾਨ ਨੂੰ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਕਰਨ ਦਾ ਹੁਕਮ ਦਿੱਤਾ। ਦੋਸ਼ ਇਹ ਸੀ ਕਿ ਉਨ੍ਹਾਂ ਅੰਮ੍ਰਿਤਸਰ ਪਨਾਹ, ਕਿਲ੍ਹਾ ਤੇ ਖ਼ਤ ਕਿਉਂ ਬਣਾਇਆ ਹੈ ਅਤੇ ਸੱਚਾ ਪਾਤਸ਼ਾਹ ਕਿਉਂ ਕਹਿਲਾਂਦੇ ਹਨ। ਆਪ ਜੀ ਨੂੰ 12 ਸਾਲ ਦੀ ਸਜ਼ਾ ਸੁਣਾਈ ਗਈ ਪਰ ਵਜ਼ੀਰ ਖ਼ਾਨ, ਮੀਆਂ ਮੀਰ ਵਰਗਿਆਂ ਦੀਆਂ ਕੋਸ਼ਿਸ਼ਾਂ ਨੇ ਡੇਢ ਸਾਲ ਬਾਅਦ ਹੀ ਰਿਹਾ ਕਰ ਦਿੱਤਾ। 52 ਰਾਜਿਆਂ ਨਾਲ ਰਿਹਾਈ ਕੀਤੀ ਅਤੇ ਬੰਦੀ ਛੋੜ ਦਾਤਾ ਕਹਿਲਾਏ।

ਕੁਝ ਸਮਾਂ ਬੀਤ ਜਾਣ ਤੋਂ ਬਾਅਦ ਆਪ ਨੇ ਕਸ਼ਮੀਰ ਦੀ ਫੇਰੀ ਕੀਤੀ। ਮਾਈ

ਭਾਗਭਰੀ ਦੇ ਪ੍ਰੇਮ ਵਿਚ ਖਿੱਚੇ ਉੱਥੇ ਗਏ ਸਨ।

ਮਾਝੇ ਵਿਚ ਹੀ ਬਿਆਸਾ ਦੇ ਕਿਨਾਰੇ ਇਕ ਹੋਰ ਨਗਰ ਹਰਿਗੋਬਿੰਦਪੁਰ ਵਸਾਇਆ। ਫਿਰ ਬਿਬੇਕਸਰ ਦਾ ਸਰੋਵਰ ਸ੍ਰੀ ਅੰਮ੍ਰਿਤਸਰ ਵਿਖੇ ਬਣਾਇਆ। ਬਾਬਾ ਗੁਰਦਿੱਤਾ ਜੀ ਨੂੰ 1627 ਵਿਚ ਕੀਰਤਪੁਰ ਦੀ ਨੀਂਹ ਰੱਖਣ ਲਈ ਕਿਹਾ।

ਜੰਗਾਂ ਉਪਰੰਤ ਗੁਰੂ ਜੀ ਕੀਰਤਪੁਰ ਆ ਟਿਕੇ ਅਤੇ ਕਈ ਪ੍ਰਕਾਰ ਦੇ ਕੰਮ ਕੀਤੇ, ਸਿੱਖਾਂ ਨੂੰ ਜਥੇਬੰਦ ਕੀਤਾ। ਸਿੱਖਾਂ ਦੀ ਸੂਚੀ ਤੋਂ ਪਤਾ ਲੱਗੇਗਾ ਕਿ ਢਾਕਾ, ਬੰਗਾਲ ਤੋਂ ਲੈ ਕੇ ਬਲਖ ਬੁਖਾਰਾ ਤੱਕ ਸਿੱਖੀ ਫੈਲੀ ਹੈ। ਤਿੰਨ ਮਾਰਚ 1144 ਨੂੰ ਗੁਰਗੱਦੀ ਆਪਣੇ ਪੋਤਰੇ ਗੁਰੂ ਹਰਿਰਾਇ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ। ਉਨ੍ਹਾਂ ਦੀ ਦੇਹਰਾ ਕੀਰਤਪੁਰ ਪਤਾਲਪੁਰੀ ਹੈ।

ਗੁਰੂ ਹਰਿਗੋਬਿੰਦ ਉਪਦੇਸ਼ ਵਿਚ ਸਦਾ ਕਹਿੰਦੇ ਸਨ ਕਿ ਸਿੱਖ ਸੇਵਕ ਔਲਾਦ ਵਾਂਗ ਹੁੰਦੇ ਹਨ, ਇਨ੍ਹਾਂ ਵੱਲ ਰਤਾ ਭਰ ਵੀ ਮੈਲੀ ਨਜ਼ਰ ਨਾਲ ਨਹੀਂ ਤੱਕਣਾ ਚਾਹੀਦਾ। ਗੁਰੂ ਜੀ ਨੇ ਬਾਬਾ ਬੁੱਢਾ ਜੀ, ਗੁਰਦਾਸ ਜੀ, ਚੂਹੜ ਜੀ, ਸਾਧ ਜੀ, ਜੋਧ ਜੀ ਨੂੰ ਬੜਾ ਮਾਣ ਦਿੱਤਾ। ਔਰਤਾਂ ਨੂੰ ਬੇਝਿਜਕ ਆਪਣੇ ਦਰਬਾਰ ਵਿਚ ਆਉਣ ਲਈ ਕਿਹਾ। ਬੀਬੀ ਰਾਮੋ, ਬੀਬੀ ਸੁਲੱਖਣੀ, ਬੀਬੀ ਕੌਲਾਂ ਨੂੰ ਬੜਾ ਮਾਣ ਦਿੱਤਾ। ਇਸ ਦੀ ਉਦਾਹਰਣ ਅਨੇਕਾਂ ਸਿੱਖਾਂ ਦੀ ਸ਼ਰਧਾ ਦੀ ਸਾਖੀ ਹੈ। ਦੂਜੇ ਧਰਮਾਂ ਵਾਲੇ ਵੀ ਬੜਾ ਮਾਣ ਦਿੰਦੇ। ਫ਼ਕੀਰ ਸ਼ਾਓਦਉਲਾ, ਅਲਮਸਤ, ਬੁੱਢਣ ਸ਼ਾਹ, ਖੁਆਜ਼ਾ ਰੋਸ਼ਣ ਕੁਝ ਕੁ ਉਦਾਹਰਣਾਂ ਹਨ।

ਇਹ ਗੱਲ ਬਿਲਕੁਲ ਠੀਕ ਹੈ ਕਿ ਉਨ੍ਹਾਂ ਵਰਗਾ ਕੋਈ ਜੋਧਾ ਨਹੀਂ। ਕੋਈ ਪਰਉਪਕਾਰੀ ਨਹੀਂ। ਉਨ੍ਹਾਂ ਵਰਗਾ ਕੋਈ ਫ਼ਕੀਰ ਨਹੀਂ, ਜਿਨ੍ਹਾਂ ਪਾਸ ਦੁਨੀਆਂ ਭਰ ਦੇ ਫ਼ਕੀਰ ਆ ਖ਼ੁਦਾ ਦੇ ਦਰ ਦੀਆਂ ਚਾਬੀਆਂ ਹਾਸਲ ਕਰਦੇ। ਮੀਆਂ ਮੀਰ ਉਨ੍ਹਾਂ ਨੂੰ ਮਹਿਬੂਬ ਅਲਾਹੀ ਕਹਿੰਦਾ ਸੀ। ਹਰ ਸਿੱਖ ਉਨ੍ਹਾਂ ਪਾਸ ਆ ਵਡਭਾਗੀ ਹੋਇਆ ਸਮਝਦਾ ਸੀ। ਸਿੱਖ ਦ੍ਰਿੜ੍ਹ ਵਿਸ਼ਵਾਸੀ ਇਤਨੇ ਹੋ ਗਏ ਕਿ ਮੌਤ ਨੂੰ ਵੀ ਮਖੌਲ ਕਰਨ ਲੱਗ ਪਏ। ਅਸਲ ਗੱਲ ਜਿਸ ਵੀ ਉਸ ਮਹਾਨ ਗੁਰੂ ਦੇ ਦਰਸ਼ਨ ਕੀਤੇ ਉਹ ਇਸ ਭਵ-ਸਾਗਰ ਤੋਂ ਤਰ ਗਿਆ। ਸੂਰਜ ਪ੍ਰਕਾਸ਼ ਨੇ ਸੈਂਕੜੇ ਸਿੱਖ ਬਣੇ ਨਵੀਨ ਦੀ ਗਵਾਹੀ ਦਿੱਤੀ ਹੈ। ਉਨ੍ਹਾਂ ਵਿਚੋਂ ਕੁਝ ਜੋ ਕੁਤਬ ਮੀਨਾਰ ਵਾਂਗ ਇਤਿਹਾਸ ਵਿਚ ਮੱਚ ਰਹੇ ਹਨ। ਇਸ ਦਾ ਦਰਸ਼ਨ ਇਸ ਪੁਸਤਕ ਗੁਰੂ ਹਰਿਗੋਬਿੰਦ ਜੀ ਦੇ ਸਿੱਖਾਂ ਵਿਚ ਕੀਤਾ ਹੈ।

❑ ❑ ❑

# ਅਨਿਨ ਸਿੱਖ



www.sikhbookclub.com

# ਬਾਬਾ ਬੁੱਢਾ ਜੀ

ਆਮ ਕਰਕੇ ਬਾਲਕਾਂ ਦੀ ਖੇਡ ਵਿਚ ਉਮਰ ਬੀਤਦੀ ਹੈ। ਜੋਬਨ ਪਰਾਏ ਲੋਕਾਂ ਵਿਚ ਫਸ ਜਾਂਦਾ ਹੈ। ਬਿਰਧ ਅਵਸਥਾ ਜੰਜਾਲਾਂ ਵਿਚ ਪੈ ਜਾਂਦੀ ਹੈ, ਪਰ ਬਾਬਾ ਬੁੱਢਾ ਜੀ ਕਿਸੇ ਵੀ ਅਵਸਥਾ ਵਿਚ ਨਾ ਪੈ ਕੇ ਬਚਪਨ ਤੋਂ ਹੀ ਗੁਰੂ ਦੇ ਚਰਨ ਪਕੜ ਕੇ 'ਗੁਰਮੁਖ' ਕਹਿਲਾਏ। ਅਵਸਥਾ ਬਾਲਪਣ ਦੀ ਸੀ ਪਰ ਗੱਲਾਂ ਉਸ ਉਚਿਆਈਆਂ ਦੀਆਂ ਕਰਦੇ ਕਿ ਇਕ ਗਿਆਨੀ ਸੂਝਵਾਨ ਵੀ ਇਸ ਤਰ੍ਹਾਂ ਦੀਆਂ ਦਲੀਲਾਂ ਨਹੀਂ ਪੇਸ਼ ਕਰ ਸਕਦਾ ਸੀ ਤਾਂ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ 'ਭਾਈ ਬੁੱਢਾ' ਆਖ ਵਡਿਆਇਆ।

ਬਾਬਾ ਬੁੱਢਾ ਜੀ ਦਾ ਜਨਮ ਭਾਈ ਸੰਘਾ ਰੰਧਾਵੇ ਦੇ ਘਰ ਮਾਤਾ ਗੋਰਾਂ ਦੀ ਕੁੱਖੋਂ 7 ਕੱਤਕ ਸੰਮਤ 1563 ਨੂੰ ਕੱਥੂ-ਨੰਗਲ ਪਿੰਡ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ। ਆਪ ਬਚਪਨ ਤੋਂ ਹੀ ਛੋਟੇ-ਛੋਟੇ ਪਰ ਵੱਡੇ ਅਰਥ ਰੱਖਣ ਵਾਲੇ ਸੁਆਲਾਂ ਰਾਹੀਂ ਸਾਰੇ ਘਰ ਨੂੰ ਅਚੰਭਿਤ ਕਰ ਦੇਂਦੇ। ਜਦ ਚੁੱਲ੍ਹੇ ਦੀ ਅੱਗ ਵਿਚ ਛੋਟੀਆਂ ਲੱਕੜਾਂ ਨੂੰ ਪਹਿਲਾਂ ਅਤੇ ਵੱਡੀਆਂ ਨੂੰ ਮਗਰੋਂ ਜਲਦੀਆਂ ਦੇਖ ਆਪਣੇ ਵਿਚਾਰ ਕਰਨ ਲੱਗੇ ਤਾਂ ਮਾਂ ਅਰਥਾਂ ਨੂੰ ਪਹਿਚਾਣ ਗਈ ਤੇ ਗੱਲ ਨਾਲ ਲਗਾ ਲਿਆ, ਜਾਣ ਗਈ ਇਹ ਸਭ ਗੁਰੂ ਨਾਨਕ ਦੇਵ ਜੀ ਦੇ ਨਿਤਨੇਮ ਤੇ ਦੀਵਾਨਾਂ ਵਿਚ ਜਾਣ ਦਾ ਨਤੀਜਾ ਹੈ।

ਗੁਰੂ ਜੀ ਨੇ ਰਾਤ ਦੇ ਪਿਛਲੇ ਪਹਿਰ ਕੀਰਤਨ ਕਰਨ ਦੀ ਰੀਤ ਨੂੰ ਆਰੰਭ ਕੀਤਾ। ਇਕ ਸੱਤ ਸਾਲਾਂ ਦਾ ਲੜਕਾ ਕੀਰਤਨ ਸੁਣਨ ਲਈ ਆਉਂਦਾ, ਚੁੱਪ-ਚਾਪ ਗੁਰੂ ਜੀ ਦੇ ਪਿੱਛੇ ਮਲਕੜੇ ਜਿਹੇ ਬੈਠ ਜਾਂਦਾ ਅਤੇ ਬੜੇ ਧਿਆਨ ਨਾਲ ਹਰ ਗੱਲ ਸੁਣਦਾ। ਗੁਰੂ ਜੀ ਬਾਲਕ ਨੂੰ ਰੋਜ਼ ਦੇਖਦੇ। ਇਕ ਵਾਰ ਕੋਲ ਬੁਲਾਇਆ ਤੇ ਪੁੱਛਿਆ, "ਬਾਲਕ! ਤੈਨੂੰ ਕਿਹੜੀ ਖਿੱਚ ਸਵੇਰੇ ਇੱਥੇ ਸ਼ਬਦ ਸੁਣਨ ਲਿਆਂਦੀ ਹੈ? ਨਾਲੇ ਅਜੇ ਤੇਰਾ ਵਕਤ ਖਾਣ-ਪੀਣ ਤੇ ਹੱਸਣ-ਖੇਡਣ ਦਾ ਹੈ।" ਲੜਕੇ ਨੇ ਆਪਣੇ ਮਨ ਦੀ ਗੱਲ ਜੋ ਲੱਕੜਾਂ ਨੂੰ ਜਲਦਿਆਂ ਦੇਖ ਮਹਿਸੂਸ ਕੀਤੀ, ਦੱਸਿਆ ਕਿ "ਲੱਕੜਾਂ ਚੁੱਲ੍ਹੇ ਵਿਚ ਪਾਉਣ ਤੇ ਪਹਿਲਾਂ ਛੋਟੀਆਂ ਨੂੰ ਜਲਦਾ ਤੱਕ ਮੈਨੂੰ ਡਰ ਪੈ ਗਿਆ ਕਿ ਮਤਾਂ ਕਿਧਰੇ ਛੋਟੀ ਉਮਰ ਵਿਚ ਹੀ ਨਾ ਮਰ ਜਾਵਾਂ? ਕੀ ਪਤਾ ਵਡੇਰੇ ਹੋਣਾ ਮਿਲੇ ਵੀ ਕਿ ਨਾ।" ਉਸ ਬਾਲਕ ਦੇ ਮੂੰਹੋਂ ਇਹ ਸਿਆਣਪ ਦੀਆਂ ਗੱਲਾਂ ਸੁਣ ਕੇ ਗੁਰੂ ਬੜੇ ਪ੍ਰਸੰਨ ਹੋਏ ਤੇ ਆਖਣ ਲੱਗੇ 'ਤੂੰ ਤਾਂ ਇਡ ਗੱਲਾਂ ਕਰਦਾ ਹੈਂ ਜਿਵੇਂ ਕੋਈ ਬੁੱਢਾ ਗੱਲਾਂ ਕਰਦਾ ਹੈ।"

ਭਾਈ ਮਨੀ ਸਿੰਘ ਜੀ ਦੇ ਲਿਖੇ ਅਨੁਸਾਰ ਬਚਪਨ ਤੋਂ ਹੀ ਬੁੱਢਾ ਜੀ ਦੀਆਂ

ਗੱਲਾਂ ਬਜ਼ੁਰਗਾਂ ਵਰਗੀਆਂ ਸਨ। ਇਕ ਵਾਰ ਜਦ ਬਾਦਸ਼ਾਹ ਦੀਆਂ ਫ਼ੌਜਾਂ ਪਿੰਡ ਵਿਚੋਂ ਲੰਘੀਆਂ ਤਾਂ ਸਾਰੀ ਫ਼ਸਲ ਕੁਚਲ ਗਈਆਂ ਤੇ ਹਰੀ ਖੇਤੀ ਉਨ੍ਹਾਂ ਆਪਣੇ ਘੋੜਿਆਂ ਲਈ ਵੱਢ ਲਈ। ਬੁੱਢਾ ਜੀ ਨੇ ਇਹ ਸਭ ਦੇਖ ਆਪਣੇ ਪਿਤਾ ਜੀ ਨੂੰ ਕਿਹਾ ਕਿ ਆਪਣੀਆਂ ਖੇਤੀਆਂ ਨੂੰ ਬਚਾਓ, ਪਰ ਪਿਤਾ ਜੀ ਨੇ ਉੱਤਰ ਦਿੱਤਾ ਕਿ ਬਾਦਸ਼ਾਹ ਦੀਆਂ ਫ਼ੌਜਾਂ ਦੇ ਸਾਹਮਣੇ ਅਸੀਂ ਬਲਹੀਣ ਹਾਂ, ਕੁਝ ਨਹੀਂ ਕਰ ਸਕਦੇ। ਬੁੱਢਾ ਜੀ ਨੇ ਗੁਰੂ ਜੀ ਨੂੰ ਦੱਸਿਆ ਕਿ ਜਿਸ ਤਰ੍ਹਾਂ ਬਾਦਸ਼ਾਹ ਦੀਆਂ ਫ਼ੌਜਾਂ ਅੱਗੇ ਅਸੀਂ ਬਲਹੀਣ ਹਾਂ ਤੇ ਜਦ ਸਭ ਤੋਂ ਸ਼ਕਤੀਮਾਨ ਕਾਲ ਆਇਆ ਤਾਂ ਅਸੀਂ ਇਸ ਦਾ ਮੁਕਾਬਲਾ ਕਿਵੇਂ ਕਰ ਸਕਦੇ ਹਾਂ। ਜਦ ਗੁਰੂ ਜੀ ਨੇ ਇਹ ਵਿਚਾਰ ਸੁਣੇ ਤਾਂ ਫ਼ਰਮਾਇਆ, 'ਤੂੰ ਤਾਂ ਬਾਲਕ ਨਹੀਂ, ਤੇਰੀ ਤਾਂ ਬੁੱਢਿਆਂ ਜੈਸੀ ਮੱਤ ਹੈ, ਤੂੰ ਤਾਂ ਬੁੱਢਾ ਹੈਂ।' ਤੂੰ ਇਕ ਮਨ ਹੋ ਕੇ ਨਾਮ ਧਿਆਏਂਗਾ ਤਾਂ ਤੇਰਾ ਕਲਿਆਣ ਹੋਵੇਗਾ।" ਉਸੇ ਵਕਤ ਬੁੱਢਾ ਜੀ ਨੇ ਗੁਰੂ ਜੀ ਦੇ ਚਰਨਾਂ ਵਿਚ ਰਹਿਣ ਦਾ ਵਿਚਾਰ ਬਣਾ ਲਿਆ ਤੇ ਦੂਜੇ ਦਿਨ ਘਿਉ ਦਾ ਛੰਨਾ ਲੈ ਕੇ ਗੁਰੂ ਪਾਸ ਹਾਜ਼ਰ ਹੋਇਆ। ਗੁਰੂ ਜੀ ਨੇ ਪੁੱਛਿਆ : 'ਇਹ ਮਾਂ ਤੋਂ ਚੋਰੀ ਤਾਂ ਨਹੀਂ ਲਿਆਂਦਾ?' ਤਾਂ ਬੁੱਢਾ ਜੀ ਨੇ ਦੱਸਿਆ ਕਿ ਆਪਣੇ ਹਿੱਸੇ ਦਾ ਬਚਾਉਂਦਾ ਰਿਹਾ ਤੇ ਹੁਣ ਲਿਆ ਹਾਜ਼ਰ ਕੀਤਾ। ਗੁਰੂ ਨਾਨਕ ਦੇਵ ਜੀ ਕੋਲੋਂ ਆਪ ਜੀ ਨੇ ਪੁੱਛਿਆ ਕਿ ਤੁਸੀਂ ਫ਼ੁਰਮਾਉਂਦੇ ਹੋ ਬਾਣੀ ਦਾ ਜਾਪ ਕਰੋ। ਕ੍ਰਿਪਾ ਕਰਕੇ ਦੱਸੋ ਕਿ ਬਾਣੀ ਕਿਸ ਤਰ੍ਹਾਂ ਜਪੀਏ। ਸਭ ਅਲੱਗ-ਅਲੱਗ ਰਾਹ ਦੱਸਦੇ ਹਨ। ਗੁਰੂ ਜੀ ਨੇ ਬੁੱਢਾ ਜੀ ਨੂੰ ਦੱਸਿਆ : "ਚਾਰ ਤਰ੍ਹਾਂ ਦੀਆਂ ਬਾਣੀਆਂ ਜਗਤ ਪ੍ਰਸਿੱਧ ਹਨ। ਇਕ ਰਾਹੀਂ ਨਾਭਿ ਵਿਚ ਧਿਆਨ ਧਰਦੇ ਹਨ, ਦੂਜੇ ਪਸੰਤੀ ਜਿਸ ਦੁਆਰਾ ਰਿਦੇ ਵਿਚ ਧਿਆਨ ਧਰਦੇ ਹਨ, ਤੀਜੇ ਮੱਧਮਾ ਜਿਸ ਰਾਹੀਂ ਸੁਆਸਾਂ ਨਾਲ ਜਪਦੇ ਹਨ, ਚੌਥੇ ਬੇਖਰੀ ਦੁਆਰਾ ਪ੍ਰਗਟ ਪੜ੍ਹਦੇ ਹਨ। ਪਰ ਸਭ ਤੋਂ ਜ਼ਰੂਰੀ ਹੈ ਮਨ ਨੂੰ ਇਕਾਗਰ ਕਰਨਾ। ਜਿਸ ਤਰ੍ਹਾਂ ਘਿਉ ਬਿੰਜਨ (ਭਾਜੀ ਸਲੂਣੇ) ਮੇਂ ਮਿਲਿਆ ਸਨਿਗਧ ਕਰਦਾ ਹੈ, ਤੈਸਾ ਨਾਮ ਇਕਾਗਰ ਮਨ ਜਪਿਆ ਕਲਿਆਣ ਕਰਦਾ ਹੈ। ਪਰਾਂ ਦੁਆਰਾ ਨਾਮ ਜਪੋ, ਸੰਤਾਂ ਦੀ ਸੇਵਾ ਕਰਨੀ। ਇਸ ਦੁਆਰਾ ਤੇਰੀ ਆਰਜਾ ਵੀ ਵਧੇਗੀ, ਔਰ ਤੇਰਾ ਕਲਿਆਣ ਵੀ ਹੋਵੇਗਾ।"

ਬਾਬਾ ਬੁੱਢਾ ਜੀ ਨੇ ਗੁਰਸਿੱਖੀ ਧਾਰਨ ਕਰਕੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਘਰ ਵਿਚ ਵੱਡਾ ਮਾਣ ਪਾਇਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਗੁਰੂ ਜੀ ਦੇ ਚਰਨ ਪਕੜੇ ਤਾਂ ਆਖ਼ਰੀ ਸੁਆਸਾਂ ਤੱਕ ਛੱਡੇ ਨਹੀਂ। ਭਾਵੇਂ ਗੁਰੂ-ਦੇਹ ਬਦਲਦੀ ਰਹੀ ਪਰ ਜੋਤ ਉਹੀ ਸੀ। ਗੁਰੂ ਜੀ ਵੱਲੋਂ ਉਨ੍ਹਾਂ ਨੂੰ ਵਰ ਵੀ ਤੇ ਪ੍ਰਾਪਤ ਸੀ 'ਤਥੋ ਕਦੇ ਓਹਲੇ ਨਾ ਹੋਸਾਂ।'

ਗੁਰੂ ਚਰਨਾਂ ਵਿਚ ਹੀ ਬਾਬਾ ਬੁੱਢਾ ਜੀ ਨੇ ਮਨ ਲਗਾਇਆ। ਆਪਾ ਮਿਟਾ ਲਿਆ। ਗੁਰੂ ਵੱਲ ਹੀ ਮੁੱਖ ਰੱਖਿਆ। ਭਾਣੇ ਨੂੰ ਮਿੱਠਾ ਮੰਨਿਆ। ਗੁਰੂ ਦੇ ਹਰ ਹੁਕਮ ਅੱਗੇ ਸਿਰ ਝੁਕਾਇਆ। ਗੁਰੂ ਸ਼ਬਦਾਂ ਦਾ ਅੰਮ੍ਰਿਤ ਪੀਤਾ। ਚਾਹੇ ਗ੍ਰਹਿਸਤ

ਆਸ਼ਰਮ ਵਿਚ ਪ੍ਰਵੇਸ਼ ਕੀਤਾ ਪਰ ਗੁਰੂ ਦੀ ਸੰਗਤ ਵਿਚ ਹੀ ਆਪਣਾ ਘਰ ਲੱਭਿਆ। ਆਪ ਜੀ ਦੇ ਚਾਰ ਸਪੁੱਤਰ ਸਨ—ਭਾਈ ਸੁਧਾਰੀ, ਭਾਈ ਭਿਖਾਰੀ, ਭਾਈ ਮਹਿਮੂ ਤੇ ਭਾਈ ਭਾਨਾ ਜੀ। ਆਪ ਜੀ ਨੇ ਆਪਣਾ ਸਭ ਕੁਝ ਗੁਰੂ ਘਰ ਲਈ ਹੀ ਰਾਖਵਾਂ ਰੱਖਿਆ ਸੀ।

ਬਾਬਾ ਬੁੱਢਾ ਜੀ ਨੇ ਕਿਸ ਤਰ੍ਹਾਂ ਗੁਰਗੱਦੀ ਮਰਯਾਦਾ ਨੂੰ ਸ਼ਾਂਤੀ ਨਾਲ ਕਾਇਮ ਰੱਖਿਆ, ਉਹ ਇਕ ਇਤਿਹਾਸ ਹੈ। ਭਾਵੇਂ ਪੁੱਤਰ ਅਲੱਗ ਰੋਸ ਮਨਾਂਦੇ ਰਹੇ, ਪਰ ਬੁੱਢਾ ਜੀ ਬੜੀ ਸੂਝ ਨਾਲ ਸਭ ਦਾ ਨਿਪਟਾਰਾ ਕਰਦੇ ਰਹੇ ਤੇ ਉਸ ਗੁਰੂ ਨੂੰ ਹੀ ਤਿਲਕ ਲਗਾਉਂਦੇ ਰਹੇ ਜਿਨ੍ਹਾਂ ਵਿਚ ਜੋਤ ਪ੍ਰਵੇਸ਼ ਕੀਤੀ ਸੀ। ਇਹ ਸਭ ਗੁਰੂ ਦੀ ਮਿਹਰ ਕਾਰਨ ਹੀ ਕਰ ਸਕੇ।

ਗੁਰੂ ਨਾਨਕ ਦੇਵ ਜੀ ਦੇ ਉਪਰੰਤ ਗੁਰੂ ਅੰਗਦ ਦੇਵ ਜੀ ਤਾਂ ਕਰਤਾਰਪੁਰ ਤੋਂ ਖਡੂਰ ਵੱਲ ਚਲੇ ਗਏ ਪਰ ਭਾਈ ਸਾਹਿਬ ਉੱਥੇ ਹੀ ਟਿਕੇ ਰਹੇ। 6 ਮਹੀਨੇ ਹੋ ਗਏ ਗੁਰੂ ਜੀ ਨੇ ਸੰਗਤਾਂ ਨੂੰ ਦਰਸ਼ਨ ਨਾ ਦਿੱਤੇ ਤਾਂ ਉਸ ਵਕਤ ਬਾਬਾ ਬੁੱਢਾ ਜੀ ਦੀ ਹੀ ਦੂਰ-ਤੱਕਣੀ ਨੇ ਤੱਕ ਮਾਤਾ ਵਿਰਾਈਂ ਦੀ ਬੰਦ ਕੋਠੜੀ ਵਿਚੋਂ ਸ਼ਬਦ ਦੀ ਧੁਨੀ ਉਠਾ ਦਰਵਾਜ਼ਾ ਖੁਲ੍ਹਵਾ ਕੇ ਸਿੱਖ ਵਾੜੀ ਦੀ ਦੇਖਭਾਲ ਤੇ ਸੰਭਾਲ ਦੀ ਬੇਨਤੀ ਕੀਤੀ। ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਗਲ ਨਾਲ ਲਗਾ ਕਿਹਾ :

*ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*

ਸੰਗਤਾਂ ਦੇਖਿਆ ਗੁਰੂ ਅੰਗਦ ਦੇਵ ਜੀ ਦੇ ਮੁੱਖ 'ਤੇ ਉਹੀ ਪ੍ਰਕਾਸ਼ ਹੈ। ਗੁਰੂ ਨਾਨਕ ਦੇਵ ਜੀ ਵਾਲਾ ਹੀ ਆਚਰਨ ਹੈ। ਉਹੀ ਰੂਪ ਹੈ, ਤਾਂ ਸਿੱਖਾਂ ਭਾਈ ਬੁੱਢਾ ਜੀ ਨੂੰ ਵਧਾਈ ਦਿੱਤੀ ਕਿ ਗੁਰੂ ਜੀ ਨੂੰ ਲੱਭ ਲੈਣ ਦੀ ਤੁਸਾਂ ਹੀ ਸਫ਼ਲ ਕੋਸ਼ਿਸ਼ ਕੀਤੀ ਹੈ ਕਿਉਂਕਿ ਗੁਰੂ ਜੋਤ ਬਾਬਾ ਬੁੱਢਾ ਜੀ ਕੋਲੋਂ ਓਹਲੇ ਨਹੀਂ ਹੋ ਸਕਦੀ ਸੀ। ਇਹ ਵਰ ਗੁਰੂ ਨਾਨਕ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਲਗਨ ਦੇਖ ਕੇ ਹੀ ਦਿੱਤਾ ਸੀ, ਕਿਉਂਕਿ ਜਦ ਗੁਰਗੱਦੀ ਦੀ ਅੰਤਿਮ ਪ੍ਰੀਖਿਆ ਲਈ ਤਾਂ ਉਸ ਵਿਚ ਬੁੱਢਾ ਜੀ ਵੀ ਸਨ। ਗੱਦੀ ਤਾਂ ਕਬੂਲ ਹੋਈ ਨੂੰ ਮਿਲੀ ਪਰ ਮੁੱਢ ਚਰਨਾਂ ਵਿਚ ਹੀ ਪ੍ਰਾਪਤ ਹੋਣ ਦਾ ਵਰ ਹਾਸਲ ਕਰ ਲਿਆ।

ਗੁਰੂ ਅੰਗਦ ਦੇਵ ਜੀ ਨੇ ਆਪਣੀ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਬਾਬਾ ਬੁੱਢਾ ਜੀ, ਮਾਤਾ ਖੀਵੀ ਨਾਲ ਲੰਗਰ ਦੀ ਤੇ ਸੰਗਤਾਂ ਦੀ ਦੇਖਭਾਲ ਬੜੇ ਚਾਅ ਨਾਲ ਕਰਦੇ। ਬਾਬਾ ਬੁੱਢਾ ਜੀ ਨੂੰ ਵੀ ਗੁਰੂ ਜੀ ਬੜਾ ਮਾਣ ਦਿੰਦੇ। ਇਕ ਵਾਰ ਬਲਵੰਡ ਜੀ ਨੇ ਜਦ ਬੁੱਢਾ ਜੀ ਦੇ ਕਹਿਣ 'ਤੇ ਸ਼ਬਦ ਨਾ ਸੁਣਾਇਆ ਤਾਂ ਗੁਰੂ ਅੰਗਦ ਦੇਵ ਜੀ ਨੇ ਵੀ ਨਹੀਂ ਸੁਣਿਆ ਤੇ ਕਹਿਣ ਲੱਗੇ ਜਦੋਂ ਸੁਣਨਾ ਲੋੜਦੇ ਸਾਂ ਤਾਂ ਤੂੰ ਸੁਣਾਇਆ ਨਹੀਂ। ਗੁਰੂ ਜੀ ਨੇ ਬਲਵੰਡ ਨੂੰ ਸਮਝਾਂਦੇ ਹੋਏ ਕਿਹਾ, "ਜਦ ਪ੍ਰੇਮ ਵੱਸ ਹੋ ਸਿੱਖ ਕੁਝ ਕਹਿੰਦਾ ਹੈ ਤਾਂ ਉਸ ਵਿਚ ਅਤੇ ਗੁਰੂ ਵਿਚ ਕੋਈ ਅੰਤਰ ਨਹੀਂ ਰਹਿੰਦਾ।"

ਗੁਰੂ ਅੰਗਦ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ ਤੇ ਤਿਲਕ ਬਾਬਾ ਬੁੱਢਾ ਜੀ ਨੂੰ ਲਗਾਉਣ ਲਈ ਕਿਹਾ। ਪੁੱਤਰਾਂ ਨੇ ਬੜਾ ਰੋਸ ਮਨਾਇਆ। ਜਿਸ ਤਰ੍ਹਾਂ ਸਿਰੀ ਚੰਦ ਜੀ ਨੇ ਬੜਾ ਖ਼ਲਲ ਪਾਇਆ ਸੀ, ਉਸੇ ਤਰ੍ਹਾਂ ਦਾਤੂ ਤੇ ਦਾਸੂ ਨੇ ਵੀ ਬੜਾ ਗ਼ੁੱਸਾ ਮਨਾਇਆ। ਬਾਬਾ ਬੁੱਢਾ ਜੀ ਨੇ ਬੜਾ ਸਮਝਾਇਆ : ਗੁਰਗੱਦੀ ਦੀ ਜ਼ਿੰਮੇਵਾਰੀ ਬੜੀ ਭਾਰੀ ਹੈ। ਇਹ ਉਸ ਦੀ ਹੈ ਜੋ ਇਸ ਪੰਡ ਨੂੰ ਉਠਾਉਣ ਯੋਗ ਹੈ। ਇਸ ਉੱਤੇ ਕਿਸੇ ਦਾ ਹੱਕ ਨਹੀਂ। ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਦੋਵਾਂ ਦਾਤੂ ਤੇ ਦਾਸੂ ਜੀ ਨੇ ਬੜਾ ਸ਼ੋਰ ਮਚਾਇਆ। ਗੁਰੂ ਅਮਰਦਾਸ ਜੀ ਖਡੂਰ ਸਾਹਿਬ ਛੱਡ ਕੇ ਗੋਇੰਦਵਾਲ ਆ ਗਏ। ਉੱਥੇ ਵੀ ਦਾਤੂ ਨੇ ਜਦ ਭਰੇ ਦਰਬਾਰ ਵਿਚ ਲੱਤ ਮਾਰ ਨਿਰਾਦਰ ਕੀਤਾ ਤਾਂ ਗੁਰੂ ਜੀ ਗੋਇੰਦਵਾਲ ਛੱਡ ਬਾਸਰਕੇ ਆ ਸਮਾਧੀ ਵਿਚ ਲੀਨ ਹੋ ਗਏ। ਇਕ ਕੋਠੜੀ ਵਿਚ ਆਪਣੇ ਆਪ ਨੂੰ ਬੰਦ ਕਰ ਲਿਆ ਤੇ ਦਰਵਾਜ਼ੇ 'ਤੇ ਲਿਖਵਾ ਦਿੱਤਾ, "ਜਿਹੜਾ ਕੋਈ ਇਸ ਦਰਵਾਜ਼ੇ ਨੂੰ ਖੋਲ੍ਹੇਗਾ ਨਾ ਉਹ ਮੇਰਾ ਸਿੱਖ ਨਾ ਮੈਂ ਉਸ ਦਾ ਗੁਰੂ।" ਪਰ ਬਾਬਾ ਬੁੱਢਾ ਜੀ ਦੀ ਚਤੁਰਤਾ ਤੇ ਸਮਝ ਬੂਝ ਕਾਰਨ ਸਿੱਖ ਸੰਗਤਾਂ ਨੇ ਫੇਰ ਗੁਰੂ ਜੀ ਦੇ ਦਰਸ਼ਨ ਕਰ ਲਏ। ਬੁੱਢਾ ਜੀ ਘੋੜੀ ਅੱਗੇ ਲਗਾ ਪਿੱਛੇ ਸੰਗਤਾਂ ਲੈ ਚੱਲ ਪਏ। ਘੋੜੀ ਪਿੰਡ ਛੱਡ ਗੋਇੰਦਵਾਲ ਮੁੜੀ ਸੀ। ਘੋੜੀ ਉੱਥੇ ਆ ਟਿਕੀ ਜਿੱਥੇ ਗੁਰੂ ਜੀ ਟਿਕੇ ਸਨ। ਪਿਛਲੀ ਕੰਧ ਵਿਚ ਸੰਨ੍ਹ ਮਾਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਅਰਜ਼ ਕੀਤੀ : "ਗੁਰੂ ਜੀ! ਗੁਰੂ ਅੰਗਦ ਦੇਵ ਜੀ ਨੇ ਸਾਨੂੰ ਤੁਹਾਡੇ ਲੜ ਲਾਇਆ ਹੈ। ਤੁਧੁ ਨੂੰ ਛੋੜ ਹੁਣ ਹੋਰ ਕਿਧਰ ਜਾਈਏ। ਦੱਸੋ ਅਸੀਂ ਆਤਮਿਕ ਸ਼ਾਂਤੀ ਕਿਸ ਤੋਂ ਪ੍ਰਾਪਤ ਕਰੀਏ?" ਗੁਰੂ ਜੀ ਮੁਸਕਰਾ ਪਏ ਤੇ ਸੰਗਤਾਂ ਨਾਲ ਆ ਗੋਇੰਦਵਾਲ ਫੇਰ ਵਸਾਇਆ। ਇਹ ਬਾਬਾ ਬੁੱਢਾ ਜੀ ਹੀ ਸਨ ਜੋ ਸੰਗਤਾਂ ਨੂੰ ਅਸਲ ਜੋਤ ਦੇ ਦਰਸ਼ਨ ਕਰਾਂਦੇ ਰਹੇ। ਬਾਬਾ ਬੁੱਢਾ ਜੀ ਨੇ ਗੁਰੂ ਅੰਗਦ ਦੇਵ ਜੀ ਤੇ ਹੁਣ ਗੁਰੂ ਅਮਰਦਾਸ ਜੀ ਦੀ ਲੁਕਣ ਦੀ ਥਾਂ ਲੱਭ ਲਈ ਤਾਂ ਸੰਗਤਾਂ ਉੱਚੀ-ਉੱਚੀ ਆਖਣ ਲੱਗੀਆਂ :

*ਧਨ ਭਾਈ ਬੁੱਢਾ*
*ਜਿਨ ਗੁਰੂ ਲੱਧਾ*

ਗੁਰੂ ਅਮਰਦਾਸ ਜੀ ਨੇ ਵੀ ਬੁੱਢਾ ਜੀ ਨੂੰ ਬੜਾ ਮਾਣ ਦਿੱਤਾ। ਬੁੱਢਾ ਜੀ ਉੱਤੇ ਉਹੀ ਬਖ਼ਸ਼ਿਸ਼ਾਂ ਕਰਦੇ ਫ਼ਰਮਾਇਆ : "ਤੂੰ ਸੰਗਤ ਦਾ ਖੇਵਟ, ਭਉਜਲ ਤੋਂ ਪਾਰ ਕਰਨ ਵਾਲਾ, ਸਿੱਖੀ ਦੀ ਹੱਦ, ਸੀਮਾ, ਤੇਰਾ ਨਾਮ ਸਿੱਖੀ ਦਾ ਸਿਤਾਰਾ ਹੈ :

*ਇਹ ਸੰਗਤ ਕੋ ਬੋਹਿਥ ਭਾਰਾ।*
*ਭਉਜਲ ਤੇ ਕਹਿ ਹੈ ਨਿਸਤਾਰਾ।*
*ਸਿੱਖੀ ਅਵਧਿ ਨ ਇਸ ਤੇ ਪਰ੍ਹੇ।*
*ਨਾਮ ਲਏ ਰਾਦ ਬਿਘਨ ਸੁ ਹਰੇ।"*

ਗੋਇੰਦਵਾਲ ਆ ਕੇ ਗੁਰੂ ਅਮਰਦਾਸ ਜੀ ਨੇ ਉਸ ਮਰਯਾਦਾ ਨੂੰ ਫਿਰ ਚਲਾਇਆ। ਗੁਰੂ ਅਮਰਦਾਸ ਜੀ ਨੇ ਬਾਉਲੀ ਬਣਾਈ। ਇਸ ਬਾਉਲੀ ਦਾ ਟੱਕ ਬਾਬਾ ਬੁੱਢਾ ਜੀ ਨੇ ਹੀ ਸੰਨ 1552 ਵਿਚ ਲਗਾਇਆ। ਸਿੱਖੀ ਦਾ ਫੈਲਾਅ ਵਧਦਾ ਹੀ ਗਿਆ। ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਸਥਾਪਤ ਕੀਤੀਆਂ ਤੇ ਸਭ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਦੇ ਸਿਰ 'ਤੇ ਹੀ ਰੱਖੀ। ਹਰ ਮਹੱਤਵਪੂਰਨ ਕੰਮ ਬਾਬਾ ਬੁੱਢਾ ਜੀ ਦੁਆਰਾ ਹੀ ਹੁੰਦਾ। ਗੁਰੂ ਅਮਰਦਾਸ ਜੀ ਨੇ ਜਦ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਰਾਮਦਾਸ ਜੀ ਨੂੰ ਦੇਣ ਦਾ ਫ਼ੈਸਲਾ ਕੀਤਾ ਤਾਂ ਬਾਬਾ ਬੁੱਢਾ ਜੀ ਹੱਥੀਂ ਤਿਲਕ ਦਿਲਵਾ ਕੇ ਆਪ ਸੰਨ 1574 ਵਿਚ ਗੋਇੰਦਵਾਲ ਜੋਤੀ ਜੋਤਿ ਸਮਾ ਗਏ। ਬਾਬਾ ਮੋਹਨ ਜੀ ਨੇ ਬੜਾ ਰੋਸ ਮਨਾਇਆ। ਗੁਰੂ ਰਾਮਦਾਸ ਜੀ ਵੈਰਾਗ ਅਵਸਥਾ ਵਿਚ ਚਲੇ ਗਏ। ਉਸ ਵਕਤ ਮੋਹਰੀ ਨੂੰ ਸਮਝਾਉਣ ਤੇ ਗੁਰੂ ਰਾਮਦਾਸ ਜੀ ਨੂੰ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦੇਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਤਾਲ ਦੀ ਖੁਦਵਾਈ ਦੀ ਜ਼ਿੰਮੇਵਾਰੀ ਵੀ ਬੁੱਢਾ ਜੀ ਨੂੰ ਸੌਂਪੀ। ਜਿਸ ਥਾਂ ਬੈਠ ਕੇ ਆਪ ਜੀ ਕੰਮ ਕਰਨ ਦੀ ਨਿਗਰਾਨੀ ਕਰਦੇ ਉਹ ਪਵਿੱਤਰ ਥਾਂ ਦਰਬਾਰ ਸਾਹਿਬ ਵਿਚ 'ਬੁੱਢੇ ਦੀ ਬੇਰ' ਕਰਕੇ ਜਾਣੀ ਜਾਂਦੀ ਹੈ।

ਗੁਰੂ ਰਾਮਦਾਸ ਜੀ ਨੇ ਜਦ ਗੁਰਗੱਦੀ ਦੇਣ ਦੀ ਸੋਚੀ ਤਾਂ ਬਾਬਾ ਬੁੱਢਾ ਜੀ ਕੋਲੋਂ ਸਲਾਹ ਮੰਗੀ ਤੇ ਪੁੱਛਿਆ ਕਿ ਗੁਰੂ ਨਾਨਕ ਦੇ ਤੁਸੀਂ ਪਿਆਰੇ ਹੋ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨਾਲ ਤ੍ਰਿਪਤ ਹੋਏ ਹੋ। ਇਹ ਹੁਣ ਦੱਸੋ ਕਿ ਗੁਰੂ ਅਰਜਨ ਜੀ ਅਜਰ ਨੂੰ ਜਰਨ ਯੋਗ ਹੋਏ ਹਨ ਜਾਂ ਜੋ ਤੁਹਾਨੂੰ ਠੀਕ ਲੱਗਦਾ ਹੈ ਦੱਸੋ ਤਾਂ ਕਿ ਗੁਰਗੱਦੀ ਦਿੱਤੀ ਜਾਵੇ। ਬਾਬਾ ਬੁੱਢਾ ਜੀ ਦੀ ਪਾਰਖੂ ਅੱਖ ਤੋਂ ਵੀ ਗੁਰੂ ਰਾਮਦਾਸ ਜੀ ਦੇ ਤਿੰਨੇ ਪੁੱਤਰ ਦੂਰ ਨਹੀਂ ਸਨ। ਪ੍ਰਿਥੀ ਚੰਦ ਮਾਇਆ ਵਿਚ ਗ਼ਲਤਾਨ ਸੀ, ਬਾਬਾ ਮਹਾਂਦੇਵ ਜੀ ਮਸਤ ਹੀ ਫਿਰਦੇ ਸਨ। ਸੋ ਗੁਰੂ ਅਰਜਨ ਦੇਵ ਜੀ ਹੀ ਹਨ ਜੋ ਦਿਨ ਰਾਤ ਸੇਵਾ, ਸਿਮਰਨ ਤੇ ਘਾਲ ਵਿਚ ਲੱਗੇ ਰਹਿੰਦੇ ਸਨ। ਬਾਬਾ ਬੁੱਢਾ ਜੀ ਨੇ ਨਿਮ੍ਰਤਾ ਸਹਿਤ ਕਿਹਾ : ਗੁਰੂ ਅਰਜਨ ਵਿਚ ਸ਼ੀਲਤਾ ਓੜਕਾਂ ਦੀ ਹੈ ਤੇ ਅਹੰਕਾਰ ਲੇਸ਼ ਮਾਤ੍ਰ ਨਹੀਂ।

*ਲਗਯੋ ਸਰਾਹਨ ਸ਼ੀਲ ਬਿਸਾਲਾ।*
*ਲੇਸ਼ ਹੰਕਾਰ ਨਹੀਂ ਕਿਸ ਕਾਲਾ।*

ਸਾਰੇ ਗੁਣ ਗੁਰੂ ਅਰਜਨ ਦੇਵ ਜੀ ਵਿਚ ਹਨ ਤੇ ਉਨ੍ਹਾਂ ਦੇ ਟਾਕਰੇ ਦਾ ਕੋਈ ਨਹੀਂ :

*ਸ੍ਰੀ ਅਰਜਨ ਮਹਿ ਪਰਖੇ ਸਾਰੇ।*

ਜਦ ਪ੍ਰਿਥੀ ਚੰਦ ਨੂੰ ਗੱਦੀ ਪ੍ਰਾਪਤ ਨਾ ਹੋਈ ਤਾਂ ਉਨ੍ਹਾਂ ਝਗੜੇ ਖੜ੍ਹੇ ਕਰ ਦਿੱਤੇ। ਬਾਬਾ ਬੁੱਢਾ ਜੀ ਨੂੰ ਵੀ ਬੁਰਾ ਭਲਾ ਕਿਹਾ। ਬੁੱਢਾ ਜੀ ਨੇ ਸਮਝਾਇਆ, : "ਪ੍ਰਿਥੀ ਚੰਦ! ਗੁਰਗੱਦੀ ਕਿਸੇ ਦੀ ਵਿਰਾਸਤ ਨਹੀਂ, ਵਸਤ ਕਰਤਾਰ ਅਧੀਨ ਹੈ,

ਜੋ ਧੁਰੋਂ ਲੈ ਕੇ ਆਉਂਦਾ ਹੈ, ਚਾਹੇ ਦਾਸ ਹੋਵੇ ਚਾਹੇ ਪੁੱਤਰ। ਪ੍ਰਿਥੀ ਚੰਦ, ਤੂੰ ਸਾਰੀ ਉਮਰ ਅਹੰਕਾਰ ਵਿਚ ਰਿਹਾਂ, ਬਿਨਾਂ ਨਿਮਰਤਾ ਦੇ ਸੇਵਾ ਸ਼ੋਭਦੀ ਨਹੀਂ, ਸੇਵਾ ਕਿੱਥੇ, ਤੂੰ ਤਾਂ ਹੰਕਾਰੀ ਹੋ ਰਿਹਾ ਹੈਂ :

*ਬਿਨਾਂ ਨਿਮ੍ਰਤਾ ਹੋਇ ਨ ਸੇਵਾ।*
*ਸੇਵਾ ਕਹਾਂ, ਮਹਾ ਅਹੰਮੇਵਾ।''*

ਗੁਰੂ ਰਾਮਦਾਸ ਜੀ ਸਤੰਬਰ 1581 ਈ. ਵਿਚ ਜੋਤੀ ਜੋਤਿ ਸਮਾ ਗਏ। ਬਾਬਾ ਬੁੱਢਾ ਜੀ ਨੇ ਦੋ ਪੱਗਾਂ ਦੇਣ ਦੀ ਵਿੱਤ ਬਣਾਈ। ਇਕ ਪੱਗ ਮਰਨੇ ਦੀ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਤੇ ਦੂਜੀ ਗੁਰਗੱਦੀ ਦੀ ਗੁਰੂ ਅਰਜਨ ਦੇਵ ਜੀ ਨੂੰ ਦੇਣ ਦਾ ਢੰਗ ਲੱਭਾ। ਪਰ ਪ੍ਰਿਥੀ ਚੰਦ ਨੇ ਗੁਰਿਆਈ ਲਈ ਖੋਹ ਲਈ। ਬਾਬਾ ਬੁੱਢਾ ਜੀ ਦੇ ਯਤਨਾਂ ਰਾਹੀਂ ਗੱਦੀ ਠੀਕ ਹੱਥਾਂ ਵਿਚ ਹੀ ਰਹੀ। ਗੁਰੂ ਅਰਜਨ ਦੇਵ ਜੀ ਨੇ ਮਾਝੇ ਅਤੇ ਦੁਆਬੇ ਦੇ ਪ੍ਰਚਾਰ ਦੇ ਦੌਰੇ ਆਰੰਭ ਦਿੱਤੇ ਤੇ ਅੰਮ੍ਰਿਤਸਰ ਦਾ ਸਾਰਾ ਪ੍ਰਬੰਧ ਭਾਈ ਬੁੱਢਾ ਜੀ ਉੱਤੇ ਸੁੱਟ ਦਿੱਤਾ। ਮੰਜੀਆਂ ਦੀ ਥਾਂ ਮਸੰਦ ਪ੍ਰਥਾ ਜਾਰੀ ਕਰ ਦਿੱਤੀ ਸੀ। ਭੇਟਾ ਗੁਰ ਖ਼ਜ਼ਾਨੇ ਪੁੱਜ ਜਾਂਦੀ। ਕਿਸੇ ਕੰਮ ਵਿਚ ਰੁਕਾਵਟ ਨਹੀਂ ਪੈਂਦੀ ਸੀ। ਬਾਬਾ ਬੁੱਢਾ ਜੀ ਹਰ ਕੰਮ ਬੜੀ ਸੂਝ-ਬੂਝ ਨਾਲ ਕਰਦੇ।

ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਔਲਾਦ ਨਹੀਂ ਸੀ, ਜਿਸ ਕਾਰਨ ਪ੍ਰਿਥੀ ਚੰਦ ਤੇ ਬੀਬੀ ਕਰਮੋ ਮਨਸੂਬੇ ਬਣਾਉਂਦੇ ਰਹਿੰਦੇ। ਪਰ ਮਾਤਾ ਗੰਗਾ ਜੀ ਬੜੇ ਪ੍ਰੇਸ਼ਾਨ ਰਹਿੰਦੇ। ਬਾਬਾ ਬੁੱਢਾ ਜੀ ਦੇ ਆਸ਼ੀਰਵਾਦ ਕਾਰਨ ਹੀ ਗੁਰੂ ਅਰਜਨ ਦੇਵ ਜੀ ਦੇ ਘਰ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਭਾਵੇਂ ਗੁਰੂ ਅਰਜਨ ਦੇਵ ਜੀ ਸਭ ਆਪ ਜਾਣੀ ਜਾਣ ਸਨ। ਉਹ ਆਪ ਗੁਰੂ ਸਨ ਪਰ ਸਿੱਖ ਨੂੰ ਮਾਣ ਦੇਣ ਲਈ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਕੋਲੋਂ ਅਰਦਾਸ ਕਰਵਾਉਣ ਲਈ ਕਿਹਾ। ਇਸ ਵਿਚ ਇਕ ਵੱਡਾ ਰਹੱਸ ਸੀ। ਉਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪੁਰਾਤਨ ਸਿੱਖ ਸਨ। ਉਹ ਨਿਰਮਾਣ ਪੁਰਸ਼ ਸਨ, ਗੁਰੂ ਘਰ ਦੀ ਸੇਵਾ ਬੜੀ ਰੀਝ ਨਾਲ ਕਰਦੇ ਸਨ। ਭਾਵੇਂ ਲੰਗਰ ਲਈ ਬਾਲਣ, ਘਾਹ ਢੋਣ ਦੀ ਹੋਵੇ। ਗੁਰੂ ਜੀ ਨੇ ਸੇਵਕ ਨੂੰ ਬੜਾ ਮਾਣ ਦਿੱਤਾ। ਭਾਵੇਂ ਗੱਦੀ ਦੇਣੀ ਹੋਵੇ ਜਾਂ ਕੋਈ ਅਸ਼ੀਰਵਾਦ ਪਹਿਲਾਂ ਉਨ੍ਹਾਂ ਕੋਲੋਂ ਹੀ ਦਿਲਵਾਂਦੇ ਤਾਂ ਹੀ ਮਾਤਾ ਗੰਗਾ ਜੀ ਨੂੰ ਉਸ ਵਿਦਵਾਨ ਸੇਵਕ ਕੋਲੋਂ ਵਰ ਲੈਣ ਲਈ ਭੇਜਿਆ। ਇਸ ਵਿਚ ਵੀ ਇਕ ਸਚਿਆਈ ਸੀ। ਬਾਬਾ ਬੁੱਢਾ ਜੀ ਵੀ ਮਾਤਾ ਗੰਗਾ ਜੀ ਦੀ ਲਿਆਈ ਮਿੱਸੀ ਰੋਟੀ ਖਾਂਦੇ ਗਏ ਤੇ ਹਰ ਬੁਰਕੀ ਨਾਲ ਅਸ਼ੀਰਵਾਦ ਦੇਂਦੇ ਰਹੇ। ਕਹਿੰਦੇ ਹਨ ਕਿ ਉਧਰ ਪਿਆਜ਼ ਮੁੱਕੀ ਮਾਰ ਤੋੜਿਆ ਉਧਰ ਆਕਾਸ਼ ਵਿਚ ਬਿਜਲੀ ਕੜਕੀ। ਅਸਮਾਨ ਵਿਚ ਇਕ ਕ੍ਰਿਪਾਨ ਦੀ ਸ਼ਕਲ ਬਣੀ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਹੋਇਆ। ਫ਼ਰਮਾਇਆ ਸੀ :

*ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ।*
*ਜਾ ਕੋ ਬਲ ਗੁਨ ਕਿਨਹੂੰ ਨਾ ਸੋਧਾ।*

ਗੁਰੂ ਹਰਿਗੋਬਿੰਦ ਦੀ ਅੱਖਰੀ ਵਿੱਦਿਆ ਦਾ ਗਿਆਨ ਬਾਬਾ ਬੁੱਢਾ ਜੀ ਨੇ ਆਪਣੇ ਜ਼ਿੰਮੇ ਹੀ ਲਿਆ ਤੇ ਗੁਰੂ ਜੀ ਨੂੰ ਹਿਕਮਤ, ਜੋਤਸ਼, ਸ਼ਾਸਤਰ, ਖੇਤੀਬਾੜੀ, ਨੀਤੀ ਵੀ ਬਾਬਾ ਜੀ ਨੇ ਸਿਖਲਾਈ। (ਗੁਰੂ) ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਵਿਚ ਤਕਰੀਬਨ ਚਾਰ ਸਾਲ ਲੱਗ ਗਏ। ਜਦ ਬੀੜ ਹਰਿਮੰਦਰ ਸਾਹਿਬ ਅਸਥਾਪਿਤ ਕੀਤੀ ਗਈ ਤਾਂ ਗੁਰੂ ਅਰਜਨ ਦੇਵ ਜੀ ਨੇ ਪਹਿਲਾ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਹੀ ਥਾਪਿਆ।

*ਬੁੱਢਾ ਸਾਹਿਬ, ਖੋਲਹੁ ਅਬ ਗਰੰਥ,*
*ਲੇਹ ਆਵਾਜ਼, ਸੁਨਹਿ ਸਭ ਪੰਥ।*
*ਅਦਬ ਸੰਗ ਤਬ ਗਰੰਥ ਸੋ ਖੋਲ੍ਹਾ,*
*ਲੇ ਆਵਾਜ਼ ਬੁੱਢਾ ਮੁੱਖ ਬੋਲਾ।*

ਬਾਬਾ ਜੀ ਜਦ (ਗੁਰੂ) ਗ੍ਰੰਥ ਸਾਹਿਬ ਸੀਸ 'ਤੇ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਚਲੇ ਤਾਂ ਗੁਰੂ ਅਰਜਨ ਦੇਵ ਜੀ ਨਾਲ ਚੌਰ ਕਰਕੇ ਪਿੱਛੇ ਟੁਰੇ ਆ ਰਹੇ ਸਨ। ਹਰਿਮੰਦਰ ਸਾਹਿਬ ਪੁੱਜੇ ਤਾਂ ਹੁਕਮ ਆਇਆ :

*ਵਿਚਿ ਕਰਤਾ ਪੁਰਖੁ ਖਲੋਆ।*
*ਵਾਲੁ ਨ ਵਿੰਗਾ ਹੋਆ॥*

ਜਹਾਂਗੀਰ ਦੇ ਤਖ਼ਤ ਉੱਤੇ ਬੈਠਣ ਨਾਲ ਗੁਰੂ ਅਰਜਨ ਦੇਵ ਜੀ ਨੇ ਦੇਖ ਲਿਆ ਕਿ ਹੁਣ ਸਮਾਂ ਹੋਰ ਆ ਗਿਆ ਹੈ। ਸੋ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸਤਰ ਪਾਉਣ ਦੀ ਹਿਦਾਇਤ ਕੀਤੀ। ਇਕ ਵਾਰੀ ਇਕ ਸਿੱਖ ਭਾਈ ਸੰਘਾਰੂ ਦੇ ਪੁੱਛਣ 'ਤੇ ਕਿ ਤੁਸੀਂ ਕਿਉਂ ਨਹੀਂ ਪਹਿਨਦੇ ਸ਼ਸਤਰ ਤਾਂ ਆਪ ਜੀ ਨੇ ਉਸ ਵਕਤ ਕਿਹਾ ਸੀ ਕਿ ਸ਼ਸਤਰ ਪਹਿਨਾਂਗੇ ਪਰ ਗੁਰੂ ਹਰਿਗੋਬਿੰਦ ਜੀ ਦਾ ਰੂਪ ਧਾਰ ਕੇ। ਜਦ ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰ ਪਹਿਨੇ ਤਾਂ ਮੀਰਾਂ ਦੇ ਮੀਰ ਖਿੱਚ ਲਏ ਤੇ ਪੀਰਾਂ ਦੀ ਪੀਰੀ। ਦੋ ਤਲਵਾਰਾਂ ਪਹਿਨੀਆਂ ਇਕ ਮੀਰੀ ਦੀ ਅਤੇ ਇਕ ਪੀਰੀ ਦੀ। ਬਾਬਾ ਬੁੱਢਾ ਜੀ ਨੇ ਹੀ ਦੋ ਤਲਵਾਰਾਂ ਆਪੂੰ ਗੁਰੂ ਜੀ ਨੂੰ ਪੇਸ਼ ਕੀਤੀਆਂ। ਪੰਜਾਂ ਗੁਰੂ ਸਾਹਿਬਾਨਾਂ ਦਾ ਨਾਂ ਲੈ ਕੇ ਇਕ ਖੱਬੇ ਤੇ ਦੂਜੀ ਸੱਜੇ ਪਾਸੇ ਪਹਿਨ ਲਈਆਂ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਹਮਣੇ ਹੀ ਗੁਰਗੱਦੀ ਦੀ ਰੀਤੀ ਪੂਰੀ ਕਰਵਾ ਕੇ ਆਗਿਆ ਕੀਤੀ ਕਿ ਸਾਡਾ ਲੱਗਣਾ ਸੀਸ, ਇਸ ਵਿਚ ਸ਼ੰਕਾ ਨਹੀਂ ਕੋਈ। ਬਾਬਾ ਬੁੱਢਾ ਜੀ ਗੁਰੂ ਹਰਿਗੋਬਿੰਦ ਜੀ ਨਾਲ ਡਰੋਲੀ ਆ ਗਏ। ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਹਰਿਗੋਬਿੰਦ ਜੀ ਅੰਮ੍ਰਿਤਸਰ ਆ ਕੇ ਡਿਗਦੇ ਮਨਾਂ ਨੂੰ ਉਠਾਇਆ ਅਤੇ ਦੋ ਤਲਵਾਰਾਂ ਪਹਿਨ ਜੁਰੱਅਤ ਦੀ ਲਹਿਰ ਦੌੜਾ ਦਿੱਤੀ। ਅਕਾਲ ਤਖ਼ਤ ਵੀ ਰਚ ਦਿੱਤਾ। ਅਕਾਲ ਤਖ਼ਤ ਸਾਹਿਬ ਵਿਚ ਕਿਸੇ ਮਿਸਤਰੀ, ਮਜ਼ਦੂਰ ਦਾ ਹੱਥ ਨਹੀਂ ਲੱਗਾ। ਗਵਾਹੀ ਹੈ,

*ਕਿਸੀ ਰਾਜ ਨਾ ਹਾਥ ਲਗਾਯੋ।*
*ਬੁਢਾ ਉਰ ਗੁਰਦਾਸ ਬਨਾਇਓ।*

 www.sikhbookclub.com

ਫਿਰ ਬਾਬਾ ਬੁੱਢਾ ਜੀ ਇੱਟਾਂ ਫੜਾਂਦੇ, ਭਾਈ ਗੁਰਦਾਸ ਜੀ ਮਸਾਲਾ ਤਿਆਰ ਕਰਦੇ ਤੇ ਗੁਰੂ ਹਰਿਗੋਬਿੰਦ ਜੀ ਉਸਾਰੀ ਜਾਂਦੇ।

ਸੱਚ ਐਸਾ ਸਿੱਖ ਪੂਰੇ ਸਿੱਖ ਇਤਿਹਾਸ ਨੂੰ ਫੋਲਦਿਆਂ ਨਹੀਂ ਮਿਲਿਆ, ਜਿਸ ਹੱਥੀਂ ਇੱਟ ਇੱਟ ਸਿੱਖਾਂ ਦੀ ਇਮਾਰਤ ਖੜ੍ਹੀ ਕੀਤੀ ਹੋਵੇ। ਗੁਰੂ ਜੀ ਵਧਾਵੀ ਮੱਤ ਨਾਲ ਐਸੀ ਉਸਾਰੀ ਕੀਤੀ ਕਿ ਜਿਸ ਨੂੰ ਸਮੇਂ ਦੇ ਤਖ਼ਤ ਹਿਲਾ ਨਹੀਂ ਸਕੇ। ਗਵਾਲੀਅਰ ਦੀ ਕੈਦ ਵੇਲੇ ਚੌਂਕੀਆਂ ਚਾੜ੍ਹੀਆਂ, ਲੋਕਾਂ ਨੂੰ ਲਾਮਬੰਧ ਕੀਤਾ। ਜੰਗਾਂ ਵਿਚ ਹੌਸਲੇ ਨਾ ਹਾਰਨ ਦਿੱਤੇ। ਨਿਰੀ ਬਿਬੇਕ ਦੀ ਗੱਲ ਕੀਤੀ। ਅੱਜ 'ਬਿਬੇਕ ਸਰ' ਉਨ੍ਹਾਂ ਦੀ ਸ਼ਾਨ ਵਿਚ ਹੀ ਖੜ੍ਹਾ ਹੈ।

ਬਾਬਾ ਬੁੱਢਾ ਜੀ ਨੇ ਅੰਤਿਮ ਸਮਾਂ ਨੇੜੇ ਜਾਣ ਕੇ ਪਿੰਡ ਦੇ ਸ਼ਾਹੂਕਾਰ ਨੂੰ ਰਾਮਦਾਸ ਤੋਂ ਗੁਰੂ ਹਰਿਗੋਬਿੰਦ ਜੀ ਵੱਲ ਭੇਜਿਆ ਕਿ ਉਹ ਦਰਸ਼ਨ ਦੇਣ ਲਈ ਪੁੱਜਣ। ਗੁਰੂ ਹਰਿਗੋਬਿੰਦ ਜੀ ਇਹ ਪ੍ਰੇਮ ਸੁਨੇਹਾ ਪੁੱਜਦੇ ਹੀ ਬਾਬਾ ਬੁੱਢਾ ਜੀ ਪਾਸ ਪੁੱਜੇ ਤੇ ਫ਼ਰਮਾਇਆ : ਤੁਸਾਂ ਪੰਜਾਂ ਪਾਤਸ਼ਾਹੀਆਂ ਦੇ ਦਰਸ਼ਨ ਕੀਤੇ ਹਨ। ਜਿਹੜੇ ਤਜਰਬੇ ਪ੍ਰਾਪਤ ਕੀਤੇ ਹਨ, ਉਹ ਦੱਸੋ। ਬਾਬਾ ਜੀ ਦੇ ਨੈਣੀਂ ਜਲ ਭਰ ਆਇਆ ਤੇ ਉਨ੍ਹਾਂ ਕਿਹਾ : "ਤੁਸੀਂ ਸੂਰਜ ਹੋ, ਮੈਂ ਇਕ ਕਿਰਨ ਹਾਂ। ਇਹ ਮੇਰੇ ਭਾਗ ਹਨ ਕਿ ਅੰਤਿਮ ਸਮੇਂ ਮੇਰੇ ਪਾਸ ਹੋ। ਕਹਿਣ ਲੱਗੇ ਗੁਰੂ ਨਾਨਕ ਵਰਗਾ ਦੂਜਾ ਕੋਈ ਨਹੀਂ। ਗੁਰੂ ਨਾਨਕ ਦੇਵ ਜੀ ਨੇ ਮਾਇਆ ਤਿਆਗ ਦਿੱਤੀ ਸੀ। ਸੱਚੇ ਨਾਮ ਦਾ ਉਨ੍ਹਾਂ ਚੱਕਰ ਚਲਾਇਆ ਸੀ। ਗੁਰੂ ਅੰਗਦ ਦੇਵ ਜੀ ਨਿਮਰਤਾ ਤੇ ਸੇਵਾ ਨਾਲ ਗੱਦੀ ਪਾਈ। ਗੁਰੂ ਅਮਰਦਾਸ ਜੀ ਨੇ ਜੋ ਆਇਆ ਤਿਨ ਹੀ ਵਰੋਸਾਇਆ। ਫਿਰ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਖੁੱਲ੍ਹੇ ਹੱਥੀਂ ਸੰਸਾਰ ਨੂੰ ਖ਼ੁਸ਼ੀਆਂ ਵੰਡੀਆਂ। ਉਨ੍ਹਾਂ ਪਾਸ ਇਕ ਐਸਾ ਨਾਮ ਦਾ ਖ਼ਜ਼ਾਨਾ ਸੀ ਜੋ ਲੁਟਾਂਦੇ ਵੀ ਨਾ ਮੁਕਿਆ। ਸਾਰੇ ਸੰਸਾਰ ਵਿਚ ਸ਼ੋਭਾ ਫੈਲੀ। ਤੁਸੀਂ ਉਨ੍ਹਾਂ ਦੇ ਪੁੱਤਰ ਹੋ ਤੇ ਤੁਸੀਂ ਦੀਨ ਦੁਨੀ ਦੇ ਪਾਤਸ਼ਾਹ ਹੋ, ਮੈਨੂੰ ਚਰਨੀਂ ਲਗਾਓ ਤੇ ਜਨਮ ਮਰਨ ਕੱਟੋ।" ਗੁਰੂ ਹਰਿਗੋਬਿੰਦ ਜੀ ਨੇ ਪਿਆਰ ਵਿਚ ਆ ਕੇ ਕਿਹਾ : "ਬਾਬਾ ਜੀ, ਤੁਸਾਂ ਇਸੇ ਨਿਮਰਤਾ ਸਦਕਾ ਉਹ ਪਰਮ ਪਦ ਤੇ ਸਦਾ ਅਨੰਦ ਪ੍ਰਾਪਤ ਕਰ ਲਿਆ ਹੈ ਜਿਸ ਤੋਂ ਬਹੁਤ ਜਗਤ ਵਾਂਝਿਆ ਹੈ। ਤੁਹਾਡੇ ਹਿਰਦੇ ਵਿਚ ਗੁਰੂ-ਸ਼ਬਦ ਹੈ। ਅਗਲੇ ਦਿਨ 16 ਨਵੰਬਰ, ਸੰਨ 1631 ਨੂੰ ਬਾਬਾ ਬੁੱਢਾ ਜੀ ਨੇ ਤੜਕਸਾਰ ਜਪੁ ਜੀ ਦਾ ਪਾਠ ਕੀਤਾ ਤੇ ਗੁਰੂ ਹਰਿਗੋਬਿੰਦ ਜੀ ਦੇ ਸਾਹਮਣੇ ਹੀ ਚੜ੍ਹਾਈ ਕਰ ਗਏ। ਜਿਸ ਪ੍ਰਕਾਰ ਬਾਬਾ ਜੀ ਨੇ ਸੁਆਸ ਛੱਡੇ, ਸਾਰਿਆਂ ਨੇ ਵਧਾਈਆਂ ਦਿੱਤੀਆਂ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ। ਜਦ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਜੀ ਦੇ ਮ੍ਰਿਤਕ ਸਰੀਰ ਨੂੰ ਆਪਣੇ ਹੱਥੀਂ ਚਿਤਾ ਉੱਤੇ ਰੱਖਿਆ ਤਾਂ ਆਪ ਜੀ ਦੇ ਨੈਣਾਂ ਵਿਚੋਂ ਨੀਰ ਦੇ ਮੋਤੀ ਝਲਕ ਆਏ :

*ਚਿਖਾ ਉਪਰ ਜਬ ਹੀ ਧਰੀ ਸਾਹਿਬ ਬੁੱਢੇ ਦੇਹਿ।*
*ਹਰਿਗੋਬਿੰਦ ਦੇ ਨੈਣ ਤੇ ਚਲਯੋ ਨੀਰ ਸਨੇਹ।*

ਬਾਬਾ ਬੁੱਢਾ ਜੀ ਦੇ ਹੀ ਸੰਗਤਾਂ ਵਿਚੋਂ ਇਕ ਭਾਣਾ ਜੀ ਅੰਮ੍ਰਿਤਸਰ ਦਾ ਅਗਲਾ ਪ੍ਰਬੰਧਕ ਥਾਪਿਆ।

ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਬੜੀ ਹੱਥੀਂ ਸੇਵਾ ਕੀਤੀ। ਸਵੇਰੇ ਡੇਢ ਪਹਿਰ ਉਠ ਜਾਂਦੇ, ਲੰਗਰ ਦੀ ਸੇਵਾ ਕਰਦੇ। ਕਈ ਨਗਰ ਵਸਾਏ। ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ, ਬਾਉਲੀ ਸਾਹਿਬ, ਅੰਮ੍ਰਿਤਸਰ ਤੇ ਹਰਿਮੰਦਰ ਸਾਹਿਬ ਬਣਵਾਏ। ਖਾਣਾ ਬਿਲਕੁਲ ਸਾਦਾ, ਵਿਚਾਰ ਬੜੇ ਹੀ ਠਹਿਰੇ ਤੇ ਸਪੱਸ਼ਟ ਹੁੰਦੇ।

ਬਾਬਾ ਬੁੱਢਾ ਜੀ ਨੇ ਜਦ ਵੀ ਸਿੱਖਾਂ ਨੂੰ ਔਕੜ ਵਿਚ ਫਸਿਆ ਦੇਖਿਆ, ਆਪ ਹੱਥ ਪਕੜ ਠੀਕ ਰਾਹ ਪਾਇਆ। ਪੰਥ ਹੁਣ ਵੀ ਬਾਬਾ ਜੀ ਨੂੰ ਕਿਤਨਾ ਮਾਣ ਦਿੰਦਾ ਹੈ। ਉਸ ਦਾ ਅੰਦਾਜ਼ਾ ਲਗਾਓ ਕਿ ਰਾਤ ਢਲੇ ਜਦ ਬਾਬਾ ਬੁੱਢਾ ਜੀ ਦੀ ਚੌਂਕੀ ਪ੍ਰਕਰਮਾ ਕਰਦੇ ਡਿਓੜੀ ਲੰਘ, ਪੁਲ ਪਾਰ ਦਹਿਲੀਜ਼ ਹਰਿਮੰਦਰ ਸਾਹਿਬ ਦੀ ਦਹਿਲੀਜ਼ 'ਤੇ ਆਉਂਦੀ ਹੈ ਤਾਂ ਉਨ੍ਹਾਂ ਦੇ ਆਦਰ ਵਿਚ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਬੰਦ ਹੋ ਜਾਂਦਾ ਹੈ। ਜਦ ਤੱਕ ਚੌਂਕੀ ਅੰਦਰਲੀ ਪ੍ਰਕਰਮਾ ਕਰਕੇ ਨਾ ਮੁੜੇ ਕੀਰਤਨ ਆਰੰਭ ਨਹੀਂ ਹੁੰਦਾ। ਪੰਥ ਹੁਣ ਵੀ ਉਸੇ ਤਰ੍ਹਾਂ ਬਾਬਾ ਜੀ ਦੀ ਆਵਾਜ਼ ਦਹਿਲੀਜ਼ 'ਤੇ ਬੜੇ ਆਰਾਮ ਨਾਲ ਸੁਣਦਾ ਹੈ। ਇਹ ਹੀ ਹੈ ਕਾਮਯਾਬੀ ਦਾ ਰਾਜ਼!

❑ ❑ ❑

# ਭਾਈ ਗੁਰਦਾਸ ਜੀ

ਇਤਿਹਾਸਕਾਰ ਦਾ ਕੰਮ ਸਭ ਤੋਂ ਵੱਡਾ ਤੇ ਮਹਾਨ ਹੁੰਦਾ ਹੈ। ਇੰਝ ਕਹਿ ਲਈਏ ਤਾਂ ਵੀ ਕੋਈ ਹਰਜ ਨਹੀਂ ਕਿ ਇਤਿਹਾਸਕਾਰ ਆਪਣੇ ਆਪ ਵਿਚ ਹੀ ਇਕ ਇਤਿਹਾਸ ਹੁੰਦਾ ਹੈ। ਉਸ ਦੀ ਲੇਖਣੀ ਤੋਂ ਸਾਨੂੰ ਉਸ ਸਮੇਂ ਦਾ ਪਤਾ ਲੱਗਦਾ ਹੈ ਪਰ ਉਸੇ ਦੇ ਜੀਵਨ ਤੋਂ ਵੀ ਸਮੇਂ ਦੀ ਸੋਝੀ ਮਿਲਦੀ ਹੈ। ਲਿਖਾਰੀ ਲੇਖ ਨਾ ਲਿਖੇ ਤਾਂ ਸਮੇਂ ਦੀਆਂ ਸਚਿਆਈਆਂ ਲਕੀਰਾਂ ਨੂੰ ਕੋਈ ਕਿਵੇਂ ਜਾਣ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ***ਧਨ ਲਿਖਾਰੀ ਨਾਨਕਾ*** ਆਖ ਲਿਖਾਰੀ ਨੂੰ ਬੜਾ ਸਨਮਾਨ ਦਿੱਤਾ ਹੈ। ਭੁਲੀ ਵਿਸਰੀ ਯਾਦ ਮੁੜ ਸਾਹਮਣੇ ਲਿਆ ਸਕਦਾ ਹੈ ਲਿਖਾਰੀ ਜਿਵੇਂ ਬ੍ਰਿਛ ਤੋਂ ਫਲ ਤੇ ਫਲ ਤੋਂ ਬ੍ਰਿਛ ਬਣਦਾ ਹੈ ਉਸੇ ਤਰ੍ਹਾਂ ਇਤਿਹਾਸ ਆਪਣੇ ਆਪ ਨੂੰ ਦੁਹਰਾਂਦਾ ਹੈ, ਪਰ ਇਸ ਦਾ ਪਤਾ ਵੀ ਤਾਂ ਹੀ ਲੱਗਦਾ ਹੈ ਜੇ ਲਿਖਾਰੀ ਨੇ ਇਤਿਹਾਸ ਲਿਖਿਆ ਹੋਵੇ।

ਸਭ ਦੋ ਅੱਖਾਂ, ਦੋ ਕੰਨ, ਨਾਸਿਕਾ, ਇਕ ਜੀਭ ਰਾਹੀਂ ਆਪਣੇ ਆਸ-ਪਾਸ ਦੀ ਖ਼ਬਰ ਲੈਂਦੇ ਰਹਿੰਦੇ ਹਨ। ਦਿਮਾਗ਼ ਰਾਹੀਂ ਸੋਚ ਕੇ ਆਪਣੀ ਜੀਭ ਰਾਹੀਂ ਵਿਚਾਰ ਪੇਸ਼ ਕਰਦੇ ਹਨ ਪਰ ਕੁਝ ਹੀ ਹਨ ਜੋ ਉਨ੍ਹਾਂ ਵਿਚਾਰਾਂ ਨੂੰ ਹੱਥ ਰਾਹੀਂ ਕਾਗ਼ਜ਼ 'ਤੇ ਉਤਾਰ ਇਤਿਹਾਸ ਬਣਾਂਦੇ ਹਨ। ਭਾਈ ਗੁਰਦਾਸ ਐਸੇ ਇਤਿਹਾਸਕਾਰ ਸਨ ਜਿਨ੍ਹਾਂ ਇਕ ਪੀੜ੍ਹੀ ਜਾਂ ਆਪਣੇ ਆਲੇ-ਦੁਆਲੇ ਬਾਰੇ ਹੀ ਨਹੀਂ, ਸਗੋਂ ਗੁਰੂ ਦੇ ਕਹੇ ਬਚਨ ਜੋ ਅੱਜ ਵੀ ਸਾਨੂੰ ਰਾਹ ਦਿਖਾਂਦੇ ਹਨ, ਦਰਜ ਕੀਤੇ। ਗੁਰੂ ਗ੍ਰੰਥ ਸਾਹਿਬ ਰਾਹੀਂ ਸਦੀਵੀ ਮਸ਼ਾਲ ਜਗਾ ਗਏ। ਉਨ੍ਹਾਂ ਜੀਵਨ ਗੁਰੂ ਜੀ ਦੇ ਕਹੇ ਅਨੁਸਾਰ ਢਾਲ ਲਿਆ ਸੀ।

ਭਾਈ ਗੁਰਦਾਸ ਜੀ ਪਾਸ ਸ਼ਬਦ ਦਾ ਗਿਆਨ ਸੀ। ਸਿੱਖ ਇਤਿਹਾਸ ਅਨੁਸਾਰ ਉਹ ਪੂਰਨ ਸਮਾਂ ਲਿਖਦੇ ਰਹੇ। ਦਰਿਆ ਵਾਲੀ ਰਵਾਨੀ ਉਨ੍ਹਾਂ ਦੀ ਲਿਖਤ ਵਿਚ ਸੀ। ਸਾਗਰ ਵਾਂਗ ਪ੍ਰੇਮ ਉਛਾਲਾ ਖਾਂਦੇ ਸਨ। ਬੀੜ ਬੰਨ੍ਹਣ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਸੌਂਪਿਆ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

***ਸਭ ਖ਼ਜ਼ਾਨਾ ਭਾਈ ਗੁਰਦਾਸ ਕੋ ਸਪੁਰਦ ਹੋਆ।***
***ਅਰ ਬਚਨ ਹੋਆ ਕਿ ਬਾਣੀ ਸਮਝ ਸਮਝ ਲਿਖਣੀ।***

ਏਡਾ ਵੱਡਾ ਕਾਰਜ ਗੁਰੂ ਜੀ ਨੇ ਉਨ੍ਹਾਂ ਨੂੰ ਯੋਗ ਜਾਣ ਹੀ ਦਿੱਤਾ ਸੀ।

ਭਾਈ ਗੁਰਦਾਸ ਜੀ ਜਿਵੇਂ ਗੁਰੂ ਜੀ ਦੱਸਦੇ ਉਸ ਅਨੁਸਾਰ ਹੀ ਕਰੀ ਜਾਂਦੇ ਤੇ ਲੋੜ ਅਨੁਸਾਰ ਸ਼ੁੱਧ ਜਾਂ ਅਸ਼ੁੱਧ ਨੀਚੇ ਪਾਈ ਜਾਂਦੇ।

ਕਾਰਜ ਸੌਂਪੇ ਜਾਣ ਵੇਲੇ ਜੋ ਬਚਨ ਭਾਈ ਜੀ ਨੇ ਗੁਰੂ ਅਰਜਨ ਦੇਵ ਜੀ

ਨੂੰ ਆਖੇ ਉਹ ਉਨ੍ਹਾਂ ਦੀ ਨਿਮਰਤਾ ਭਾਵ ਦਰਸਾਉਣ ਲਈ ਕਾਫ਼ੀ ਹਨ। ਭਾਈ ਜੀ ਨੇ ਹੱਥ ਜੋੜ ਕਿਹਾ : "ਬੜਾ ਕਠਿਨ ਕਾਰਜ ਸੌਂਪਿਆ ਜੇ। ਮੈਂ ਬੱਚੇ ਨਿਆਈਂ ਹਾਂ। ਨਜ਼ਰੋਂ ਓਹਲੇ ਨਾ ਕਰਨਾ।" ਗੁਰੂ ਜੀ ਨੇ ਫ਼ਰਮਾਇਆ : "ਠੇਢੇ ਖਾਂਦੇ ਤੋਂ ਤੁਸਾਂ ਹੀ ਬਚਾਉਣਾ ਹੈ। ਪਤੇ ਦੀ ਗੱਲ ਕਹੀ ਹੈ। ਬੱਚੇ ਦਾ ਵੱਡਾ ਗੁਣ ਹੈ ਕਿ ਜੋ ਸੁਣੇ ਉਹ ਹੀ ਬੋਲਦਾ ਹੈ। ਤੁਸੀਂ ਤਾਂ ਉਹ ਹੀ ਲਿਖਣਾ ਹੈ ਜੋ ਗੁਰੂ ਕੇ ਬਚਨ ਹਨ। ਗੁਰੂ ਤੁਹਾਡੇ ਅੰਗ-ਸੰਗ ਹਨ।"

ਭਾਈ ਜੀ ਨੇ ਲਿਖਣ ਦਾ ਕੰਮ ਸੰਭਾਲ ਲਿਆ। ਮਹਾਰਾਜ ਨੇ ਪਹਿਲਾਂ ਆਪਣੀ ਹੱਥੀਂ ***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*** ਪਾਇਆ।

ਫਿਰ ਭਾਈ ਜੀ ਨੇ ਲਿਖਣਾ ਸ਼ੁਰੂ ਕੀਤਾ। ਇਕ ਤਾਅ ਦੇ ਚਾਰ ਹਿੱਸੇ ਕਰਕੇ ਲਿਖਦੇ ਰਹੇ। ਗੁਰੂ ਜੀ ਅੰਮ੍ਰਿਤ ਵੇਲੇ ਰਾਮਸਰ ਆ ਜਾਂਦੇ ਤੇ ਜੋ ਭਾਈ ਜੀ ਲਿਖਦੇ ਦੇਖ ਲੈਂਦੇ। ਭਾਈ ਗੁਰਦਾਸ ਜੀ ਨੇ ਬੜਾ ਸੰਜਮ ਰੱਖਿਆ। ਰਾਮਸਰ ਤੋਂ ਬਾਅਦ ਕਿਧਰੇ ਬਾਹਰ ਨਾ ਗਏ। ਗੁਰੂ ਜੀ ਤਾਂ ਲਿਖੇ ਨੂੰ ਵਾਚ ਉੱਥੋਂ ਅੰਮ੍ਰਿਤਸਰ ਦਰਬਾਰ ਸਾਹਿਬ ਆ ਜਾਂਦੇ, ਪਰ ਭਾਈ ਸਾਹਿਬ ਉੱਥੇ ਹੀ ਟਿਕਦੇ। ਐਸੀ ਲਗਨ ਨਾਲ ਬੀੜ ਬੰਨ੍ਹ ਰਹੇ ਸਨ, ਭਾਈ ਸਾਹਿਬ ਦੀ ਉੱਚੀ ਸੁਰਤਿ ਦਾ ਇੱਥੋਂ ਅੰਦਾਜ਼ਾ ਲਗਾਓ ਕਿ ਜੋ ਗੁਰੂ ਅਰਜਨ ਦੇਵ ਜੀ ਉਚਾਰਦੇ ਭਾਈ ਸਾਹਿਬ ਉਸੇ ਸਮੇਂ ਲਿਖੀ ਜਾਂਦੇ। ਰਤਾ ਭਰ ਉਕਾਈ ਨਾ ਖਾਂਦੇ।

***ਸ੍ਰੀ ਗੁਰ ਮੁਖ ਤਿੰਹ ਵਾਕ ਅਲਾਵੇ।***
***ਲਿਖਤ ਪੌਨ ਸਮ ਭਾਈ ਜਾਵੈ।***
***ਅਤ ਪ੍ਰਸੰਨ ਮਨ ਭਾਈ ਹੋਇ।***
***ਸ੍ਰੀ ਮੁਖ ਸੁਨੈ, ਲਿਖੇ ਦੂਖ ਖੋਇ।***

ਭਾਈ ਗੁਰਦਾਸ ਜੀ ਸਤਿਗੁਰੂ ਜੀ ਦੇ ਸੱਚੇ ਸਿੱਖ ਸਨ। ਬੀਬੀ ਭਾਨੀ ਜੀ ਦੇ ਨੇੜਿਓਂ ਭਰਾ ਸਨ। ਗੁਰੂ ਅਮਰਦਾਸ ਜੀ ਦੇ ਛੋਟੇ ਭਰਾ ਬਾਬਾ ਈਸ਼ਰ ਦਾਸ ਜੀ ਦੇ ਗੁਰਦਾਸ ਜੀ ਸਪੁੱਤਰ ਸਨ। ਸਿੱਖੀ ਦਾ ਪ੍ਰਚਾਰ ਚਾਰੇ ਪਾਸੇ ਬੜੇ ਜ਼ੋਰਾਂ ਨਾਲ ਚਲ ਰਿਹਾ ਸੀ। ਰਾਜ ਮਹਿਲਾਂ ਵਿਚ ਵੀ ਇਸ ਦੀ ਆਵਾਜ਼ ਕਿਸੇ ਨਾ ਕਿਸੇ ਰਾਹੀਂ ਪਹੁੰਚ ਹੀ ਜਾਂਦੀ ਸੀ ਪਰ ਸਿੱਖੀ ਦੇ ਸਪੱਸ਼ਟ ਅਰਥ ਘੱਟ ਹੀ ਸਮਝ ਆਉਂਦੇ ਸਨ। ਅਕਬਰ ਦੇ ਬਣਾਏ ਅਬਾਦਤਖ਼ਾਨਾ ਵਿਖੇ ਸਿੱਖੀ ਦੇ ਆਸ਼ਿਟਾ ਦੀ ਵਿਆਖਿਆ ਵੀ ਉਹ ਹੀ ਕਰਨ ਆਗਰਾ ਗਏ ਸਨ।

ਚੌਥੇ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਆਪ ਜੀ ਨੇ ਸਿੱਖੀ ਧਾਰਨ ਕੀਤੀ। 1536 ਨੂੰ ਸਿੱਖ ਘਰ ਵਿਚ ਗੁਰੂ ਅਮਰਦਾਸ ਜੀ ਵੇਲੇ ਹੀ ਪ੍ਰਵੇਸ਼ ਕਰ ਗਏ ਸਨ। ਸਿੱਖੀ ਦਾ ਮੂਲ ਨਿਮਰਤਾ ਦ੍ਰਿੜ੍ਹ ਕਰ ਹਿਰਦੇ ਧਾਰ ਲਿਆ ਸੀ। ਗੁਰੂ ਰਾਮਦਾਸ ਜੀ ਵੇਲੇ ਪ੍ਰਚਾਰਕ ਬਣ ਕੇ ਧਰਮ ਦੇ ਨਿਯਮ ਦੂਰ-ਦੂਰ ਤੱਕ ਫੈਲਾਏ। ਕਾਬਲ

ਤੋਂ ਕਾਸ਼ੀ ਤੱਕ ਸਿੱਖ ਧਰਮ ਦੀ ਖ਼ੁਸ਼ਬੂ ਫੈਲਾਈ।

ਆਪ ਜੀ ਦਾ ਵਿਸ਼ਵਾਸ ਇਤਨਾ ਦ੍ਰਿੜ ਸੀ ਕਿ ਜਦ ਆਗਰਾ ਦੀ ਸੰਗਤ ਨਾਲ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਆਏ ਤਾਂ ਦਰਿਆ ਕਿਨਾਰੇ ਪੁੱਜ ਤੱਕਿਆ ਕਿ ਹੜ੍ਹ ਆਇਆ ਹੈ। ਤਦ ਸੰਗਤ ਨੇ ਪੁੱਛਿਆ ਕਿ ਭਾਈ ਜੀ ਦਰਿਆਇ ਲੰਘ ਕਿਸ ਤਰ੍ਹਾਂ ਜਾਈਐ। ਉਸ ਵਕਤ ਗੁਰੂ ਜੀ ਦੇ ਵਿਸ਼ਵਾਸ ਸਦਕਾ ਭਾਈ ਜੀ ਨੇ ਕਿਹਾ :

*ਗੁਰੂ ਕਾ ਬਚਨੁ ਬਸੈ ਜੀਅ ਨਾਲੈ॥*
*ਜਲਿ ਨਹੀ ਡੂਬੈ, ਤਸਕਰੁ ਨਹੀ ਲੇਵੈ*
*ਭਾਹਿ ਨ ਸਾਕੈ ਜਾਲੈ॥*

ਇਤਨਾ ਕਹਿ ਪਹਿਲਾਂ ਆਪ ਗੁਰੂ ਸਾਡੇ ਅੰਗ-ਸੰਗ ਹੈ, ਬਿਆਸਾ ਵਿਚ ਪੈਰ ਪਾਇਆ। ਦਰਿਆ ਦਾ ਜਲ ਗੋਡਿਆਂ ਤੱਕ ਆ ਗਿਆ। ਸਾਹਿਬ ਦੇ ਦਰਸ਼ਨ ਕੀਤੇ ਤੇ ਪ੍ਰਸੰਨਤਾ ਲਈ। ਵਾਹਿਗੁਰੂ 'ਤੇ ਐਨਾ ਵਿਸ਼ਵਾਸ ਸੀ ਕਿ ਹਰ ਗੱਲ 'ਤੇ ਗੁਰੂ ਕਹਿ ਕੇ ਹੀ ਸ਼ੁਰੂ ਕਰਿਆ ਕਰਦੇ ਸਨ। ਇਸੇ ਗੱਲ ਨੂੰ ਬਹੁਤ ਪਿੱਛੋਂ ਜ਼ਕਰੀਆ ਖ਼ਾਨ ਨੇ ਦੁਹਰਾ ਕੇ ਨਾਦਰ ਨੂੰ ਕਿਹਾ ਸੀ ਕਿ ਸਿੱਖਾਂ ਦੀ ਕਾਮਯਾਬੀ ਦਾ ਇਕ ਰਾਜ਼ ਇਹ ਹੈ ਕਿ ਬਾਤ ਬਾਤ ਪੇ ਗੁਰੂ ਅਲੇ ਹੈ।

ਭਾਈ ਗੁਰਦਾਸ ਜੀ ਗੁਰੂ ਜੀ ਦੇ ਦਿਲ ਦੀ ਜਾਣਦੇ ਸਨ। ਜਦ ਬੀੜ ਲਿਖ ਰਹੇ ਸਨ ਤਾਂ ਇਕ ਦਿਨ ਗੁਰੂ ਅਰਜਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਇਸ਼ਨਾਨ ਕਰਕੇ ਬੇਰੀ ਹੇਠ ਬੈਠੇ ਹੀ ਸਨ ਕਿ ਗੁਰੂ ਅਰਜਨ ਦੇਵ ਜੀ ਦੇ ਮੁੱਖੋਂ ਨਿਕਲਿਆ ਕਿ ਘੋਰ ਕਲਜੁਗ ਆ ਰਿਹਾ ਹੈ। ਸੁਣਦੇ ਹੀ ਭਾਈ ਗੁਰਦਾਸ ਜੀ ਨੇ ਕਿਹਾ ਕਿ ਕ੍ਰਿਪਾ ਦੇ ਸਾਗਰ ਕ੍ਰਿਪਾ ਵੀ ਕਰੋ ਕਿ ਇਹ ਕਲਜੁਗ ਸਾਡੇ ਜੀਵਾਂ ਨੂੰ ਨਾ ਬਿਆਪੇ। ਮਹਾਰਾਜ ਨੇ ਬਚਨ ਕੀਤਾ ਕਿ ਰਾਹ ਤਾਂ ਇਕੋ ਹੈ ਇਸ ਦੇ ਪ੍ਰਭਾਵ ਤੋਂ ਬਚਣ ਦਾ ਕੋਈ ਐਸਾ ਉਪਰਾਲਾ ਹੋਵੇ ਕਿ ਹਰ ਲਿਆ ਸੁਆਸ ਸਫ਼ਲ ਹੋਵੇ। ਸਿਹਤਮੰਦ ਇਨਸਾਨ ਦਿਹਾੜੀ ਵਿਚ 24,000 ਸੁਆਸ ਲੈਂਦਾ ਹੈ ਪਰ ਧੰਦਿਆਂ ਵਿਚ ਪੈ ਸਭ ਵਿਅਰਥ ਹੀ ਗੁਆ ਦੇਂਦਾ ਹੈ। ਇਹ ਸਭ ਸੁਣ ਭਾਈ ਗੁਰਦਾਸ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਹੀ ਕੋਈ ਢੰਗ ਦਰਸਾ ਦਿਓ ਤਾਂ ਕਿ ਸੁਆਸ ਬਿਰਥਾ ਨਾ ਜਾਵੇ। ਗੁਰੂ ਅਰਜਨ ਜੀ ਨੇ ਸੁਖਮਨੀ ਸਾਹਿਬ ਉਚਾਰਨੀ ਆਰੰਭ ਕਰ ਦਿੱਤੀ। ਇਹ ਵੀ ਦੱਸਿਆ ਕਿ ਜਿਸ ਨੇ ਵੀ ਅੰਮ੍ਰਿਤ ਵੇਲੇ ਪ੍ਰੇਮ ਨਾਲ ਟਿਕ ਕੇ ਸੁਖਮਨੀ ਪੜ੍ਹੀ, ਉਸ ਦਾ ਹਰ ਸੁਆਸ ਮੁਅਤਰ ਹੋਏ ਤਾਂ ਹੀ ਚਾਰੇ ਪਦਾਰਥ ਪ੍ਰਾਪਤ ਹੋਣਗੇ।

ਭਗਤਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਪਰ ਥਾਂ ਦਰਜ ਕਰਵਾ ਰਹੇ ਸਨ। ਭਾਈ ਜੀ ਨੇ ਰਤਾ ਭਰ ਉਕਤਾਈ ਨਾ ਖਾਧੀ।

ਗੁਰੂ ਜੀ ਨੇ ਭਾਈ ਜੀ ਕੋਲੋਂ ਪੁੱਛਿਆ ਕਿ ਤੁਸੀਂ ਕਿਸ ਤਰ੍ਹਾਂ ਜਾਣ ਲੈਂਦੇ ਹੋ ਕਿ ਇਹ ਬਾਣੀ ਗੁਰੂ ਕੇ ਮੁੱਖ ਕੀ ਹੈ ਜਾਂ ਔਰ ਕੇ ਮੁੱਖ ਕੀ। ਉਸ ਵਕਤ ਭਾਈ

ਗੁਰਦਾਸ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੈਨੂੰ ਇੰਝ ਲੱਗਦਾ ਹੈ ਜਿਸ ਕਿਸੀ ਕੇ ਘਰ ਕੋਈ ਕਾਜ ਹੋਤਾ ਹੈ ਤੇ ਉਸ ਕੇ ਘਰ ਸੈਂਕੜੇ ਭਾਈ, ਸੰਤ ਆਵਤੇ ਹੈਂ। ਉਸ ਕਾ ਖਾਵੰਦ ਭੀ ਉਨ ਲੋਗੋਂ ਮੇਂ ਰਹਿਤਾ ਹੈ। ਭਾਵੇਂ ਸਵਾਣੀ ਦੂਜੇ ਕਮਰੇ ਵਿਚ ਹੋਵੇ। ਜਬ ਉਸ ਕਾ ਖਾਵੰਦ ਬੋਲਤਾ ਹੈ ਤਬ ਮਾਲੂਮ ਕਰਤੀ ਹੈ ਕਿ ਖਾਵੰਦ ਬੋਲਤਾ ਹੈ। ਹੋਰਨਾਂ ਦਾ ਬੋਲਣਾ ਚਿੱਤ ਨਹੀਂ ਧਰਦੀ। ਇਸੇ ਤਰ੍ਹਾਂ ਸਤਿਗੁਰੂ ਕਾ ਜੋ ਬੋਲਣਾ ਹੈ ਉਹ ਮਾਲੂਮ ਹੋਇ ਆਤਾ ਹੈ ਕਿ ਮੇਰੇ ਗੁਰਾਂ ਦੀ ਬਾਣੀ ਹੈ ਔਰ ਜੋ ਸਤਿਗੁਰੂ ਕੀ ਬਾਣੀ ਨਹੀਂ ਤੁਰੰਤ ਪਤਾ ਲੱਗ ਜਾਂਦਾ ਹੈ।

ਜਦ ਇਹ ਸਾਰੀ ਗੱਲ ਭਾਈ ਗੁਰਦਾਸ ਜੀ ਕੋਲੋਂ ਸੁਣੀ ਤਾਂ ਬੜੇ ਖ਼ੁਸ਼ ਹੋਏ ਤੇ ਕਹਿਣ ਲੱਗੇ ਤੂੰ ਮੇਰਾ ਚਿੱਤਰ ਗੁਪਤ ਹੈਂ, ਨਿਹਾਲ ਹੋਇਆ।

ਭਾਈ ਗੁਰਦਾਸ ਜੀ ਦੀਆਂ ਰਚੀਆਂ ਵਾਰਾਂ ਤੇ ਕਵਿਤਾ ਵੀ ਸੰਗਤਾਂ ਵਿਚ ਪ੍ਰਚੱਲਤ ਹੋ ਗਈਆਂ ਸਨ। ਸਿੱਖੀ ਸਮਝਣ ਸਮਝਾਉਣ ਵਿਚ ਬੜੀਆਂ ਸਹਾਇਕ ਹੋ ਰਹੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਤੁਸੀਂ ਆਪਣੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹ ਦਿਉ ਪਰ ਭਾਈ ਜੀ ਨੇ ਕਿਹਾ ਕਿ ਕਿੱਥੇ ਟਟਹਿਣੇ ਦੀ ਚਮਕ ਤੇ ਕਿੱਥੇ ਸੂਰਜ ਦਾ ਪ੍ਰਕਾਸ਼। ਕਹਿ ਪਟ ਬੀਜਨ—ਕਹਿ ਰਥਿ ਜੋਤ। ਗੁਰੂ ਜੀ ਨੇ ਤਿੰਨ ਵਾਰ ਕਿਹਾ ਪਰ ਭਾਈ ਜੀ ਇਹ ਕਹਿੰਦੇ ਰਹੇ ਕਿ ਸਿੱਖ ਦੀ ਥਾਂ ਆਪ ਜੀ ਦੇ ਚਰਨਾਂ ਵਿਚ ਹੀ ਹੈ। ਭਾਈ ਜੀ ਦੀ ਰਚਨਾ ਤਾਂ ਮਾਨੋ ਸ਼ਬਦ ਦਾ ਟੀਕਾ ਹੈ। ਉਸ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ। ਜੋ ਈਸ਼ਵਰ ਦਾ ਰਿਦਾ ਗਿਆਨ ਹੈ ਤੇ ਗੁਰਾਂ ਦਾ ਰਿਦਾ ਸ਼ਬਦ ਹੈ। ਜੋ ਸਿੱਖ ਦਾ ਰਿਦਾ ਸ਼ਬਦ ਨਾਲ ਮਿਲਿਆ ਹੋਵੇ ਸੋ ਬੇਸ਼ੱਕ ਪੜ੍ਹਨਾ।

ਜਦ ਕਾਸ਼ੀ ਗਏ ਤਾਂ ਲੋਕਾਂ ਕਿਹਾ ਕਿ ਇੱਥੇ ਹੀ ਟਿਕੇ ਰਹੋ ਕਿਉਂਕਿ ਇੱਥੇ ਮੁਕਤੀ ਮਿਲਦੀ ਹੈ, ਤਾਂ ਆਪ ਜੀ ਨੇ ਵਾਰ ਉਚਾਰ ਸਮਝਾਇਆ ਕਿ ਭਲੇ ਲੋਕੋ ਮੈਂ ਗੁਰੂ ਦਾ ਦਰ ਨਹੀਂ ਛੱਡ ਸਕਦਾ। ਗੁਰੂ ਦੇ ਚਰਨਾਂ ਵਿਚ ਹੀ ਮੇਰੀ ਮੁਕਤੀ ਹੈ। ਉਥੋਂ ਮਨ ਪ੍ਰਤਿਬਧਤਾ ਛੱਡ ਸ੍ਰੀ ਅੰਮ੍ਰਿਤਸਰ ਆ ਗਏ।

ਗੁਰੂ ਜੀ ਨੇ ਖ਼ਿਮਾ ਕੀਤੀ ਤੇ ਆਖਿਆ ਜਿਹੜੀ ਬਾਣੀ ਤੁਸਾਂ ਆਰੰਭ ਕੀਤੀ ਹੋਈ ਹੈ ਉਸ ਨੂੰ ਸੰਪੂਰਨ ਕਰੋ।

ਭਾਈ ਗੁਰਦਾਸ ਜੀ ਨੂੰ ਏਨਾ ਮਾਣ ਪ੍ਰਾਪਤ ਸੀ ਕਿ ਜਦ ਗੁਰੂ ਹਰਿਗੋਬਿੰਦ ਜੀ ਆਪੂੰ ਅਕਾਲ ਤਖ਼ਤ 'ਤੇ ਬਿਰਾਜਦੇ ਤਾਂ ਆਪਣੇ ਪਾਸ ਤਖ਼ਤ 'ਤੇ ਹੀ ਉਨ੍ਹਾਂ ਨੂੰ ਨਾਲ ਬਾਂਹ ਪਕੜ ਕੇ ਬਿਠਾਲਦੇ। ਆਪ ਅਕਾਲ ਤਖ਼ਤ ਦੇ ਪਹਿਲੇ ਜਥੇਦਾਰ ਸਨ।

***ਬੈਠੇ ਅਕਾਲ ਤਖ਼ਤ ਅਕਾਲ,***<br>
***ਭੁਜਾ ਗਹਿ ਤਾਹਿ ਕੀ।***<br>
***ਹੋ ਤਾਕੋ ਨਿਕਟ ਬਿਠਾਇ,***<br>
***ਸਾਹ ਰੁਕ ਜਾਹਿ ਕੀ।***

ਉਨ੍ਹਾਂ ਇਕ ਵਾਰ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ ਸੀ ਕਿ ਚੰਗਾ ਨਹੀਂ ਲੱਗਦਾ ਕਿ ਅਸੀਂ ਸੁਬਾ ਸਰੋਵਰ ਦੇ ਜਲ ਨਾਲ ਅਕਾਲ ਤਖ਼ਤ ਨੂੰ ਇਸ਼ਨਾਨ ਕਰਾਂਦੇ ਹਾਂ। ਅਕਾਲ ਤਖ਼ਤ ਲਈ ਉਚੇਚਾ ਅਕਾਲ ਸਰ ਉਨ੍ਹਾਂ ਦੀ ਤਜਵੀਜ਼ 'ਤੇ ਹੀ ਬਣਾਇਆ। ਯਾਦ ਰਵ੍ਹੇ ਕਿ ਅਕਾਲ ਤਖ਼ਤ ਦੀ ਉਸਾਰੀ ਵੇਲੇ ਵੀ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨਾਲ ਰਲ ਉਸਾਰੀ ਕੀਤੀ ਸੀ।

ਗੁਰੂ ਹਰਿਗੋਬਿੰਦ ਜੀ ਨੇ ਜਦ ਮੀਰੀ ਪੀਰੀ ਦੀਆਂ ਕ੍ਰਿਪਾਨਾਂ ਧਾਰ ਲਈਆਂ ਤਾਂ ਭਾਈ ਜੀ ਹੀ ਸਨ ਜਿਨ੍ਹਾਂ ਵਾਰਾਂ ਉਚਾਰ ਲੋਕਾਂ ਦੇ ਭਰਮ ਭੁਲੇਖੇ ਦੂਰ ਕੀਤੇ। ਉਨ੍ਹਾਂ ਲਿਖਿਆ ਕਿ ਗੁਰੂ ਹਰਿਗੋਬਿੰਦ ਜੀ ਬੜੀ ਕਠਿਨ ਘਾਲ ਘਾਲ ਰਹੇ ਹਨ। ਗੁਰੂ ਨਾਨਕ ਦੇਵ ਜੀ ਧਰਮ ਦੀ ਖੇਤੀ ਨੂੰ ਖੜਗ ਦੀ ਵਾੜ ਲਗਾ ਰਹੇ ਹਨ। ਚੰਦਨ ਦੀ ਖ਼ੁਸ਼ਬੂ ਨਾ ਕੋਈ ਲੁੱਟੇ, ਇਸ ਲਈ ਮਰਜੀਵੜੇ ਪੈਦਾ ਕਰ ਰਹੇ ਹਨ। ਅਜਰ ਨੂੰ ਜਰਨਾ ਕਿਵੇਂ ਹੈ। ਜਾਗ ਪਏ ਸਿੱਖਾਂ ਦੇ ਨਾਂ 31ਵੀਂ ਪੂਰੀ ਵਾਰ ਇੱਕ ਪਾਸੇ ਦਾ ਉਪਰਾਲਾ ਹੈ। ਜਿਸ ਤਰ੍ਹਾਂ ਮੀਣਿਆਂ ਨੂੰ ਠੱਲ੍ਹ ਪਾਈ, ਉਸ ਤਰ੍ਹਾਂ ਗੁਰੂ ਨਿੰਦਕਾਂ ਨੂੰ ਵੀ ਉਨ੍ਹਾਂ ਦੀ ਲਿਖਤ ਨੇ ਠੱਲ੍ਹ ਪਾਈ। ਵਾਰਾਂ ਵਿਚ ਵਾਰਤਾਵਾਂ ਲਿਖੀਆਂ ਹਨ ਕਿ ਸਿੱਖੀ ਬਾਰੇ ਸਿੱਖਾਂ ਵਿਚ ਉਤਸ਼ਾਹ ਜਾਗਦਾ ਰਵ੍ਹੇ। ਫਿਰ ਉਨ੍ਹਾਂ ਨੂੰ ਅਜਿਹਾ ਆਦਰ ਮਿਲਿਆ ਕਿ ਅਕਾਲ ਚਲਾਣੇ ਵੇਲੇ ਗੁਰੂ ਹਰਿਗੋਬਿੰਦ ਜੀ ਨਾ ਸਿਰਫ਼ ਗੋਇੰਦਵਾਲ ਪੁੱਜੇ ਸਗੋਂ ਅਰਥੀ ਨੂੰ ਇਕ ਪਾਸੇ ਮੋਢਾ ਆਪੂੰ ਛੇਵੀਂ ਪਾਤਸ਼ਾਹੀ ਨੇ ਦਿੱਤਾ। ਜਿਨ੍ਹਾਂ ਹੋਰ ਤਿੰਨਾਂ ਸਿੱਖਾਂ ਨੇ ਮੋਢਾ ਦਿੱਤਾ ਉਨ੍ਹਾਂ ਦੇ ਨਾਂ ਇਤਿਹਾਸ ਵਿਚ ਭਾਈ ਤਾਨਾ, ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਹਨ।

***ਏਕ ਓਰ ਭਾਨਾ ਗੁਰ ਲਾਗੇ***
***ਦੂਜੇ ਪਾਸੇ ਬਿਧੀਆ ਜੇਠਾ ਆਗੇ।***

ਗੁਰੂ ਹਰਿਗੋਬਿੰਦ ਸਾਹਿਬ ਵਿਚ ਆਪੇ ਹੀ ਏਨੀ ਖਿੱਚ ਪਈ ਕਿ ਭਾਈ ਜੀ ਦੇ ਅੰਤਿਮ ਸਮੇਂ ਵੇਲੇ ਆਪ ਗੋਇੰਦਵਾਲ ਪਹੁੰਚ ਗਏ। ਭਾਈ ਜੀ ਨੇ ਮੱਥਾ ਟੇਕ ਆਗਿਆ ਮੰਗੀ ਕਿ ਹੁਣ ਪ੍ਰਭੂ ਪਾਸ ਜਾਵਾਂ। ਭਾਈ ਗੁਰਦਾਸ ਜੀ ਵਿਚ ਇੰਨੀ ਨਿਮਰਤਾ ਵੇਖ ਗੁਰੂ ਹਰਿਗੋਬਿੰਦ ਜੀ ਨੇ ਫ਼ਰਮਾਇਆ :

ਗੁਰੂ ਕੇ ਧਾਮ ਜਾਓ। ਜਦ ਤਕ ਜ਼ਮੀਨ ਆਸਮਾਨ ਹੈ, ਆਪ ਜੀ ਦਾ ਜਸ ਰਵ੍ਹੇਗਾ।

***ਦਯਾ ਸਿੰਧ ਸ੍ਰੀ ਮੁਖ ਕਹਾ।***
***ਜਾਹੁ ਗੁਰੂ ਕੇ ਧਾਮ।***
***ਤਬ ਲੌ ਜਿਸ ਤੁਮਰੇ ਰਹੈ।***
***ਜਬ ਲੌ ਨਭ ਭੂ ਮਾਨ।***

ਭਾਈ ਜੀ ਨੇ ਸਿਰਫ਼ ਇਕ ਬੇਨਤੀ ਕੀਤੀ ਕਿ ਮੇਰੀ ਯਾਦਗਾਰ ਨਾ ਬਣਾਉਣ ਦੇਣੀ। ਭਸਮ ਤੱਕ ਸਾਰੀ ਬਿਆਸ ਵਿਚ ਵਹਾ ਦੇਣੀ। ਅੰਤਿਮ ਸਮਾਂ ਨੇੜੇ ਜਾਣ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਬਾਬਕ ਕੋਲੋਂ ਸੁਣਿਆ। ਜਪੁ ਜੀ

ਦਾ ਪਾਠ ਤੇ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਗੁਰੂ ਹਰਿਗੋਬਿੰਦ ਜੀ ਦੇ ਚਰਨਾਂ 'ਤੇ ਸਿਰ ਰੱਖਿਆ ਤਾਂ ਪ੍ਰਾਣ ਪੰਖੇਰੂ ਉੱਡ ਗਏ :

*ਭਾਈ ਕੇ ਤਬ ਪ੍ਰਾਨ ਬਿਠਾਏ।*
*ਗੁਰ ਪਰਾ ਸੀਸ ਭਾਨ ਬਡ ਪਾਏ।*

ਬਿਆਸ ਕਿਨਾਰੇ ਚੰਦਨ ਦੀ ਚਿਖਾ 'ਤੇ ਗੁਰੂ ਹਰਿਗੋਬਿੰਦ ਜੀ ਨੇ ਆਪ ਸਸਕਾਰ ਕੀਤਾ ਤੇ ਭਸਮ ਚੌਥੇ ਦਿਨ ਇਕੱਠੀ ਕਰਕੇ ਬਿਆਸ ਵਿਚ ਪਾ ਦਿੱਤੀ।

*ਚੁਨੇ ਪੁਸ਼ਪ ਦਿਨ ਚਉਥੇ*
*ਭਸਮ ਪਿਆਸਾ ਪਾਇ।*

ਦੋ ਅੜਾਉਣੀਆਂ ਹੁਣ ਤੱਕ ਹੱਲ ਨਹੀਂ ਹੋਈਆਂ ਕਿ ਆਪੂੰ ਗ੍ਰਹਿਸਤ ਦੀ ਮਹਿਮਾ ਗਾਉਣ ਵਾਲੇ ਭਾਈ ਜੀ ਨੇ ਆਪੂੰ ਗ੍ਰਹਿਸਤ ਆਸ਼ਰਮ ਵਿਚ ਕਿਉਂ ਪ੍ਰਵੇਸ਼ ਨਹੀਂ ਕੀਤਾ ਤੇ ਦੂਜੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਰਹੱਸਮਈ ਢੰਗ ਨਾਲ ਜ਼ਿਕਰ ***ਗੁਰੂ ਅਰਜਨ ਵਿਟਹੁ ਕੁਰਬਾਨੀ*** ਕਹਿ ਕੇ ਤਾਂ ਖ਼ੁਸ਼ ਕੀਤਾ ਪਰ ਸਪੱਸ਼ਟ ਰੂਪ ਵਿਚ ਕਿਉਂ ਨਹੀਂ ਆਇਆ। ਹੋ ਸਕਦਾ ਹੈ ਜਿਵੇਂ ਪਿੱਛੇ ਜਿਹੇ 117 ਹੋਰ ਕਬਿੱਤ ਖੋਜ ਉਪਰੰਤ ਮਿਲੇ ਹਨ ਇਵੇਂ ਅਸ਼ਟਪਦੀਆਂ ਵਾਰਾਂ ਦੀਆਂ ਪਉੜੀਆਂ ਵੀ ਸਮੇਂ ਦੀ ਲਪੇਟ ਵਿਚ ਕਿਧਰੇ ਲੁਕੀਆਂ ਪਈਆਂ ਹੋਣ!

❑ ❑ ❑


www.sikhbookclub.com

# ਭਾਈ ਝੰਡਾ ਜੀ

ਗੁਰੂ ਹਰਿਗੋਬਿੰਦ ਜੀ ਨੇ ਸਿੱਖੀ ਨੂੰ ਸਮਝਾਂਦੇ ਹੋਏ ਦੱਸਿਆ ਸੀ ਕਿ ਸਿੱਖੀ ਦੀ ਅਸਲ ਜੜ੍ਹ ਨਿਮਰਤਾ ਹੈ ਤੇ ਸੇਵਾ ਉਸ ਦੀਆਂ ਸ਼ਾਖ਼ਾਂ ਸਨ। ਐਸੇ ਕਈ ਸਿੱਖ ਸਨ ਗੁਰੂ ਘਰ ਵਿਚ ਜੋ ਬਿਨਾਂ ਕਿਸੇ ਲਾਲਚ ਦੇ ਗੁਰੂ ਦੀ ਸੇਵਾ ਟਹਿਲ ਵਿਚ ਲੱਗੇ ਰਹਿੰਦੇ ਸਨ। ਗੁਰੂ ਦੇ ਮੂੰਹੋਂ ਅਚਨਚੇਤ ਵੀ ਨਿਕਲੇ ਵਾਕਾਂ 'ਤੇ ਪੂਰਾ ਉਤਰਦੇ ਸਨ। ਸਰੀਰ ਦਾ ਖ਼ਿਆਲ ਉਨ੍ਹਾਂ ਦੇ ਦਿਲਾਂ ਵਿਚੋਂ ਨਿਕਲ ਗਿਆ ਸੀ। ਗੁਰੂ ਸ਼ਬਦਾਂ ਨੂੰ ਹੀ ਆਪਣੇ ਜੀਵਨ ਦਾ ਅਸਲ ਅਰਥ ਸਮਝਦੇ ਸਨ। ਗੁਰੂ ਦੀ ਕਹੀ ਗੱਲ ਨੂੰ ਭਾਣਾ ਮੰਨ ਉਸ ਉੱਤੇ ਅਮਲ ਕਰਦੇ ਰਹਿਣਾ। ਇਹ ਵਿਚਾਰ ਕੱਢ ਦੇਣੀ ਕਿਉਂ ਤੇ ਕਿੰਝ ਹੋਇਆ। ਸਿੱਖ ਸੇਵਕਾਂ ਵਿਚੋਂ ਭਾਈ ਝੰਡਾ ਜੀ ਵੀ ਐਸੇ ਸੇਵਕ ਹੋਏ ਜੋ ਨਿਸ਼ਕਾਮ ਸੇਵਾ ਕਰਦੇ ਰਹੇ। ਨਾ ਦਿਨ ਵੇਖਦੇ ਨਾ ਰਾਤ ਦਾ ਕੋਈ ਪਹਿਰ। ਬਸ ਗੁਰੂ ਦੇ ਚਰਨਾਂ ਦੀ ਹੀ ਪਾਲਣਾ ਕਰਦੇ ਰਹਿੰਦੇ।

ਭਾਈ ਝੰਡਾ ਜੀ ਬਾਬਾ ਬੁੱਢਾ ਜੀ ਦੇ ਪੜਪੋਤੇ ਸਨ, ਜਿਸ ਦੇ ਬਾਰੇ ਦਬਿਸਤਾਨ ਮਜ਼ਾਹਬ ਦੇ ਲਿਖਾਰੀ ਨੇ ਲਿਖਿਆ ਹੈ ਕਿ ਗੁਰੂ ਦਾ ਹੁਕਮ ਮੰਨਣ ਵਿਚ ਇਸ ਦੇ ਬਰਾਬਰ ਕੋਈ ਸਿੱਖ ਨਹੀਂ ਸੀ।

ਭਾਈ ਝੰਡਾ ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਵਿਚੋਂ ਸਨ। ਝੰਡਾ ਜੀ ਰੱਜੇ ਪੁੱਜੇ ਘਰ ਦੇ ਸਨ। ਸਭ ਸੁੱਖ ਮਾਂ-ਬਾਪ ਨੇ ਉਨ੍ਹਾਂ ਨੂੰ ਦਿੱਤੇ ਹੋਏ ਸਨ। ਸੱਚ ਦੀ ਕਮਾਈ ਖਾਂਦੇ ਸਨ। ਸੱਚ ਕਹਿੰਦੇ ਅਤੇ ਸੱਚ ਨੂੰ ਆਪਣੇ ਜੀਵਨ ਦਾ ਆਧਾਰ ਮੰਨਦੇ। ਕਿਸੇ ਨੂੰ ਮਾੜੀ ਚੰਗੀ ਨਹੀਂ ਸਨ ਆਖਦੇ। ਸਾਦਾ ਜੀਵਨ ਪਰ ਗੁਰੂ ਵਿਚ ਅਟੁੱਟ ਵਿਸ਼ਵਾਸ ਰੱਖਣ ਵਾਲੇ ਗੁਰੂ ਦੀ ਗੱਲ ਪੱਲੇ ਬੰਨ੍ਹ ਲੈਂਦੇ।

ਇਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਸੈਰ ਕਰਦੇ ਹੋਏ ਸੁਭਾਵਿਕ ਭਾਈ ਝੰਡੇ ਨੂੰ ਆਖਿਆ ਕਿ ਇੱਥੇ ਠਹਿਰੋ। ਗੁਰੂ ਸਾਹਿਬ ਬਾਗ਼ ਦੇ ਦੂਜੇ ਰਾਹ ਮਹਿਲਾਂ ਨੂੰ ਚਲੇ ਗਏ। ਭਾਈ ਝੰਡਾ ਤਿੰਨ ਦਿਨ ਅਡੋਲ ਉੱਥੇ ਹੀ ਖੜ੍ਹੇ ਰਹੇ। ਪਤਾ ਲੱਗਣ ਤੇ ਗੁਰੂ ਸਾਹਿਬ ਨੇ ਉਸ ਥਾਂ ਤੋਂ ਬੁਲਵਾਇਆ ਅਤੇ ਕਿਹਾ : "ਅਸੀਂ ਤਾਂ ਰਤਾ ਕੁ ਰੁਕਣ ਲਈ ਆਖਿਆ ਸੀ।" ਝੰਡਾ ਜੀ ਕਹਿਣ ਲੱਗੇ ਕਿ ਅਗਲੇ ਹੁਕਮ ਦੀ ਉਡੀਕ ਕਰਦਾ ਰਿਹਾ। ਹੁਣ ਆਇਆ ਹੈ ਤਾਂ ਸ਼ੁਕਰ ਮਨਾਇਆ ਹੈ। ਐਸੇ ਸਨ ਭਾਈ ਝੰਡਾ ਜੀ।

ਗੁਰੂ ਦੀ ਕਹੀ ਹਰ ਗੱਲ ਨਿਰੀ ਸੁਣਦੇ ਹੀ ਨਾਂਹ, ਮੰਨਦੇ ਵੀ। ਇਕ ਦਿਨ ਉਨ੍ਹਾਂ ਦਾ ਪੈਰ ਫੱਟੜ ਹੋ ਗਿਆ। ਗੁਰੂ ਹਰਿਗੋਬਿੰਦ ਜੀ ਨੇ ਦੇਖ ਸੁਭਾਵਿਕ ਫ਼ਰਮਾਇਆ ਜੁੱਤੀ ਨਾ ਪਹਿਨੋ।

ਸੁਣਦੇ ਸਾਰ ਹੀ ਉਸ ਜੋੜਾ ਉਤਾਰ ਦਿੱਤਾ। ਤਿੰਨ ਮਹੀਨੇ ਨੰਗੇ ਪੈਰੀਂ ਹੀ ਫਿਰਦੇ ਰਹੇ। ਜਦ ਗੁਰੂ ਜੀ ਨੂੰ ਪਤਾ ਲੱਗਾ ਕਿ ਭਾਈ ਝੰਡਾ ਜੀ ਜੁੱਤੀ ਨਹੀਂ ਪਹਿਨਦੇ ਤਾਂ ਫ਼ਰਮਾਇਆ : "ਜੋੜੇ ਪਹਿਨ ਲਵੋ। ਅਸਾਂ ਤਾਂ ਉਤਨੀ ਦੇਰ ਤੱਕ ਪਹਿਨਣ ਲਈ ਕਿਹਾ ਸੀ ਜਦ ਤੱਕ ਤੁਹਾਡਾ ਜ਼ਖ਼ਮ ਅਲ੍ਹਾ ਸੀ।

ਝੰਡਾ ਜੀ ਗੁਰੂ ਜੀ ਦੀ ਸੇਵਾ ਵਿਚ ਹੀ ਲੱਗੇ ਰਹਿੰਦੇ। ਗੁਰੂ ਜੀ ਨੇ ਭਾਈ ਝੰਡੇ ਨੂੰ ਕਿਹਾ ਕਿ ਜਾ ਕੇ ਸੰਗਤ ਵਿਚ ਆਖ ਦਿਉ ਕਿ ਲੰਗਰ ਵਾਸਤੇ ਬਾਲਣ ਲੈ ਆਓ। ਲੰਗਰ ਲਈ ਬਾਲਣ ਲਿਆਉਣਾ ਵੱਡਾ ਪੁੰਨ ਹੈ। ਲੱਕੜਾਂ ਲਿਆਉਣ ਵਾਲਾ ਨਿਹਾਲ ਹੋਵੇਗਾ। ਭਾਈ ਝੰਡਾ ਜੀ ਆਪ ਆਗਿਆ ਦੱਸ ਕੇ ਲੱਕੜਾਂ ਚੁਣਨ ਲਈ ਚੱਲ ਪਏ। ਲੱਕੜਾਂ ਚੁਣਨ ਲਈ ਐਸੇ ਮਸਤ ਹੋਏ ਕਿ ਸਾਰਾ ਦਿਨ ਤੇ ਰਾਤ ਉੱਥੇ ਗੁਜ਼ਾਰ ਦਿੱਤਾ। ਅਗਲੇ ਦਿਨ ਆਪ ਢੋ ਕੇ ਲਿਆਏ। ਭਾਈ ਝੰਡਾ ਜੀ ਅਗਲੇ ਦਿਨ ਹਜ਼ੂਰ ਦੇ ਦਰਬਾਰ ਵਿਚ ਹਾਜ਼ਰ ਨਾ ਹੋਏ। ਕਈ ਦਿਨ ਹੋਰ ਵੀ ਦੁਪਹਿਰ ਨੂੰ ਸੁੱਤੇ ਹੀ ਤੱਕੇ ਗਏ।

ਲੋਕਾਂ ਜਾਣਿਆ ਕਿ ਭਾਈ ਜੀ ਦਾ ਸਿਰ ਫਿਰ ਗਿਆ ਤੇ ਦਿਮਾਗ਼ ਹਿੱਲ ਗਿਆ ਹੈ ਜੋ ਦੁਪਹਿਰ ਤੱਕ ਸੁੱਤੇ ਰਹਿੰਦੇ ਹਨ।

ਗੁਰੂ ਜੀ ਤੇ ਹੋਰ ਸਿੱਖ ਭਾਈ ਸਾਹਿਬ ਦੀ ਤਲਾਸ਼ ਲਈ ਨਿਕਲੇ ਕਿ ਭਾਈ ਸਾਹਿਬ ਕਿੱਥੇ ਜਾਂਦੇ ਹਨ ਕਿ ਜਿਹੜੇ ਦੇਰ ਤੱਕ ਸੁੱਤੇ ਰਹਿੰਦੇ ਹਨ। ਗੁਰੂ ਜੀ ਨੇ ਵੇਖਿਆ ਬਾਲਣ ਦੀ ਪੰਡ ਸਿਰ 'ਤੇ ਚੁੱਕੀ ਭਾਈ ਸਾਹਿਬ ਆਪਣੀ ਚਾਲੇ ਚਲੀ ਆ ਰਹੇ ਸਨ। ਇਹ ਸਭ ਦੇਖ ਗੁਰੂ ਜੀ ਨੇ ਕਿਹਾ, "ਤੁਹਾਨੂੰ ਤਾਂ ਨਹੀਂ ਸੀ ਕਿਹਾ ਕਿ ਬਾਲਣ ਹੀ ਲਿਆਓ। ਤੁਸੀਂ ਤਾਂ ਜਥੇਦਾਰ ਹੋ।" ਭਾਈ ਜੀ ਨੇ ਹੱਥ ਜੋੜ ਕਿਹਾ : ਸੱਚੇ ਪਾਤਸ਼ਾਹ ਤੁਸੀਂ ਹੀ ਤਾਂ ਫ਼ਰਮਾਇਆ ਸੀ ਕਿ ਸਿੱਖਾਂ ਨੂੰ ਜਾ ਕੇ ਆਖੋ ਕਿ ਜੰਗਲ ਵਿਚ ਲੰਗਰ ਲਈ ਲੱਕੜ ਕੱਟ ਲਿਆਓ। ਮੈਂ ਵੀ ਤਾਂ ਤੁਹਾਡਾ ਨਿਮਾਣਾ ਜਿਹਾ ਸਿੱਖ ਹਾਂ। ਸਿੱਖ ਤੋਂ ਉੱਚਾ ਹੋਰ ਕੋਈ ਰੁਤਬਾ ਮੇਰੀ ਨਜ਼ਰ ਵਿਚ ਨਹੀਂ ਹੈ। ਮੈਂ ਵੀ ਸਿੱਖ ਬਣਨ ਦੀ ਕੋਸ਼ਿਸ਼ ਕਰ ਰਿਹਾ ਹਾਂ।

*ਮਨ ਸਿਖਮ ਵ ਬਾਲਾ ਤਰ ਅਜ਼ੀਂ ਪਾਯਾ ਨ ਮੇ ਦਾਨਮ*

(ਦਬਿਸਤਾਨੇ ਮਜ਼ਾਹਬ)

ਐਸਾ ਮਾਣ ਦਿੰਦੇ ਸਨ ਸਿੱਖ ਗੁਰੂ ਨੂੰ। ਗੁਰੂ ਵੀ ਉਨ੍ਹਾਂ ਤੋਂ ਸਦਕੇ ਜਾਂਦੇ ਸਨ। ਭਾਈ ਨੰਦ ਲਾਲ ਜੀ ਨੇ ਵੀ ਇਕ ਵਾਰ ਵਿਚ ਕਿਹਾ ਸੀ ਕਿ ਅਸੀਂ ਉਸਦੇ ਆਸ਼ਕ ਹਾਂ ਜੋ ਸਾਡਾ ਵੀ ਆਸ਼ਕ ਹੈ। ਜਦ ਸਿੱਖ ਗੁਰੂ ਜੀ ਨੂੰ ਅੱਜ ਵੀ ਸੱਚੇ ਮਨ ਨਾਲ ਪੁਕਾਰਦੇ ਹਨ ਉਹ ਹਾਜ਼ਰ ਹੋ ਜਾਂਦੇ ਹਨ। ਜਿਸ ਤਰ੍ਹਾਂ ਸਿੱਖ ਗੁਰੂ ਦੇ ਹੁਕਮ ਦਾ ਪਹਿਰਾ ਦੇਂਦੇ ਹਨ, ਗੁਰੂ ਵੀ ਉਨ੍ਹਾਂ ਦੇ ਸਿਰ 'ਤੇ ਮਿਹਰ ਦੀ ਨਜ਼ਰ ਰੱਖਦੇ ਹਨ।

❑ ❑ ❑


www.sikhbookclub.com

# ਭਾਈ ਬਹਿਲੋ ਜੀ

ਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀ ਅੰਮ੍ਰਿਤਸਰ 7 ਆਸਣ ਲਾਏ ਤਾਂ ਹੁਕਮ ਹੋਇਆ ਕਿ ਜੋ ਸਰ ਦੀ ਟਹਲ ਕਰੇਗਾ ਸੋ ਨਿਹਾਲ ਹੋਵੇਗਾ। ਸੰਗਤਾਂ ਹਰ ਪਾਸਿਉਂ ਸ੍ਰੀ ਅੰਮ੍ਰਿਤਸਰ ਆ ਕੇ ਸੇਵਾ ਟਹਿਲ ਵਿਚ ਜੁੱਟ ਗਈਆਂ। ਸੰਗਤਾਂ ਦੀ ਆਵਾਜਾਈ ਮੁਕਦੀ ਨਹੀਂ ਸੀ, ਪਰ ਭਾਈ ਬਹਿਲੋ ਇਕ ਐਸਾ ਸਿੱਖ ਹੈ ਜਿਸ ਸੇਵਾ ਦੀ ਹੱਦ ਦਰਸਾ ਕੇ ਗੁਰੂ ਮਹਾਰਾਜ ਕੋਲੋਂ ਸਭ ਤੋਂ ਪਹਿਲੋਂ ਹੋਣ ਦਾ ਵਰ ਤੇ ਬਖ਼ਸ਼ਿਸ਼ ਲਈ। ਮਹਿਮਾ ਪ੍ਰਕਾਸ਼ ਦੇ ਲਿਖਾਰੀ ਨੇ ਉਨ੍ਹਾਂ ਦਾ ਨਾਂ ਬਹਿਲੋਲ ਕਰ ਕੇ ਲਿਖਿਆ ਹੈ। ਜਾਤ ਉਹ ਵੀ ਫਫੜਾ ਹੀ ਲਿਖਦਾ ਹੈ। ਲੱਖੀ ਜੰਗਲ ਦੇ ਉਹ ਵਸਨੀਕ ਸਨ। ਜਦ ਬਖ਼ਸ਼ਿਸ਼ਾਂ ਲੈ ਕੇ ਪਿੰਡ ਮੁੜੇ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਨੇ 'ਬਹਲੋ' ਕਹਿ ਕੇ ਨਿਵਾਜਿਆ। ਫਿਰ ਸਭ ਬਹਿਲੋਲ ਦੀ ਥਾਂ ਬਹਿਲੋ ਕਹਿਣ ਲੱਗ ਪਏ।

*ਭਇਆ ਬਖਸ਼ ਸਿਧ ਸਾਜ।*
*ਬਹਿਲੋਲ ਪੂਰਨ ਕਾਜ।*
*ਧਰ ਭਾਈ ਬਹਲੋ ਨਾਮ।*
*ਰਿਧ ਸਿਧ ਦੀਨੀ ਤਾਮ।*

ਪਹਿਲਾਂ ਬਹਿਲੋ ਜੀ ਸਖੀ ਸਰਵਰ ਦੇ ਪੁਜਾਰੀ ਸਨ। ਭਟਕਣਾ ਮੁੱਕੀ ਨਹੀਂ ਸੀ। ਸਾਥ ਨਾਲ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਏ। ਭਟਕਣਾ ਦੇਖ ਮਹਾਰਾਜ ਨੇ ਕਿਹਾ, 'ਸਭ ਤੋਂ ਜ਼ਰੂਰੀ ਸ਼ਰਧਾ ਹੈ। ਇਹ ਭਗਤੀ ਵੀ ਛਿਲ ਨਿਆਈਂ ਹੈ।

*ਸ਼ਰਧਾ ਮੂਲ, ਭਗਤਿ ਤ੍ਰਚ ਸਾਰੇ।*

ਐਸੀ ਬਚਨਾਂ ਦੀ ਚੋਟ ਲੱਗੀ ਕਿ ਘਰ ਦਾ ਖ਼ਿਆਲ ਛੁੱਟ ਗਿਆ। ਨੀਂਦ, ਭੁੱਖ, ਆਲਸ ਸਭ ਤਿਆਗ ਕੇ ਦਿਨ-ਰਾਤ ਸੇਵਾ ਵਿਚ ਜੁੱਟੇ ਰਹਿੰਦੇ।

*ਛੁਦਾ ਪਿਪਾਸਾ ਨੀਂਦ ਨ ਜਾਨਹਿ*
*ਆਲਸ ਬਿਨ ਸੇਵਾ ਸਵਧਾਨਤਿ।*

ਪ੍ਰਸ਼ਾਦ ਲਈ ਰਸਦ ਘਰੋਂ ਲੈ ਕੇ ਆਂਦੇ। ਲੰਗਰ ਵਿਚੋਂ ਜੋ ਪ੍ਰਸ਼ਾਦ ਮੂੰਹ ਲਗਾਉਣਾ ਵੀ ਹੁੰਦਾ ਤਾਂ ਜੂਠੀਆਂ ਪੱਤਲਾਂ ਵਿਚੋਂ ਕਿਣਕਾ ਮਾਤਰ ਲੈ ਲੈਂਦੇ। ਇਸ ਲਗਨ ਨਾਲ ਸੇਵਾ ਕਰਦੇ ਕਿ ਸਭ ਹੈਰਾਨ ਹੁੰਦੇ। ਵੱਡੀ ਭਰਵੀਂ ਟੋਕਰੀ ਚੁੱਕ ਕੇ ਸਤਿਨਾਮ ਜਪਦੇ ਜਾਂਦੇ। ਮਸਤਕ ਖਿੜਿਆ ਰਹਿੰਦਾ।

*ਵਾਹਿਗੁਰੂ ਮੁੱਖ ਉਚੇ ਕੇਰੇ।*
*ਸਿਰ ਮਾਈ ਭਾਰ ਠਾਢੇ ਫੇਰੇ।*

ਗੁਰੂ ਅਰਜਨ ਦੇਵ ਜੀ ਨੇ ਤਾਲ ਪੱਕਾ ਕਰਾਉਣ ਲਈ ਉਚੇਚਾ ਇੱਟਾਂ ਦਾ

ਆਵਾ ਲਗਾਇਆ ਸੀ। ਕਿਸੇ ਭਾਈ ਬਹਿਲੋ ਨੂੰ ਦੱਸ ਪਾਈ ਕਿ ਜੇ 'ਗੰਦ ਮੇਲਾ' ਅਗਨੀ ਨਾਲ ਭੱਠੇ ਵਿਚ ਪਾਇਆ ਜਾਵੇ ਤਾਂ ਇੱਟਾਂ ਪੱਕੀਆਂ, ਸੁਰਖ਼ ਤੇ ਸੋਹਣੀਆਂ ਹੁੰਦੀਆਂ ਹਨ।

*ਬਿਸਟਾ ਸੇ ਕਰ ਇਨ ਮਹਿ ਪਾਇ।*
*ਤੇ ਆਛੀ ਪਾਕੀ ਹੋਇ ਲਾਲ।*
*ਘਸੇ ਨ ਫੁਟਹਿ ਤਤਕਾਲ।*

ਇਹ ਸੁਣਦੇ ਸਾਰ ਨਗਰ ਦੇ ਸੁਪੱਚਾਂ (ਹਰੀਜਨਾਂ) ਨੂੰ ਪ੍ਰੇਰਿਆ ਤੇ ਸਾਰਾ ਗੰਦ ਆਪੂੰ ਢੋਹ ਕੇ ਆਵੇ ਵਿਚ ਜਾ ਪਾਂਦੇ। ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ :

*ਸੂਪ (ਛੱਜ) ਫਾਹੁਰੀ ਹਾਥ ਲੈ, ਚੁੱਕ ਮੈਲਾ ਭੂਰਾ।*
*ਵੀਚ ਪੰਜਾਵੇ ਪਾਵਹੀ, ਜਯੋ ਪੱਕੇ ਪੂਰਾ।*

ਜਦ ਆਵਾ ਪੱਕਿਆ ਅਤੇ ਇੱਟਾਂ ਲਾਲ ਤੇ ਪੱਕੀਆਂ ਤੇ ਗੁਰੂ ਜੀ ਨੇ ਦੇਖੀਆਂ ਤਾਂ ਉਨ੍ਹਾਂ ਪੁੱਛਿਆ ਇਹ ਕਿਸ ਤਰ੍ਹਾਂ ਬਣਾਈਆਂ ਹਨ ਤਾਂ ਦੱਸਣ ਵਾਲੇ ਦੱਸਿਆ ਕਿ ਭਾਈ ਬਹਿਲੋ ਦੇ ਉਦਮ ਕਾਰਨ ਹੋਇਆ ਹੈ। ਤਾਂ ਗੁਰੂ ਜੀ ਨੇ ਭਾਈ ਜੀ ਨੂੰ ਸੰਗਤ ਵਿਚ ਬੁਲਾ ਕੇ ਅਸੀਸ ਤੇ ਵਰ ਦਿੱਤੇ ਤੇ ਫ਼ਰਮਾਇਆ :

*ਕਬਹੁ ਤੁਮਰੋ ਬਚਨ ਨ ਟਲੇ।*
*ਭਾਈ ਬਹਲੋ, ਸਭ ਤੋਂ ਪਹਿਲੋ।*

ਉਥੋਂ ਉਹ ਮਾਲਵਾ ਦੇ ਪ੍ਰਚਾਰ ਵਿਚ ਜੁੱਟ ਪਏ। ਸੰਗਤਾਂ ਨਾਲ ਆ ਕੇ ਸੇਵਾ ਵੀ ਕਰਦੇ ਰਹਿੰਦੇ।

ਗੁਰੂ ਹਰਿਗੋਬਿੰਦ ਜੀ ਸਮੇਂ ਮਾਲਵੇ ਵਿਚੋਂ ਅੱਗੇ ਵੱਧ ਰਸਦ ਪਾਣੀ ਅਤੇ ਫ਼ੌਜ ਲਈ ਪਾਣੀ ਭੇਜਦੇ। ਆਪੂੰ ਪਿੰਡ-ਪਿੰਡ ਜਾ ਹੋਕਾ ਦਿੱਤਾ ਕਿ ਗੁਰੂ ਧਰਮ ਦੀ ਜੈਕਾਰ ਲਈ ਜੁਝੇ ਹਨ। ਜੋ ਕਿਸੇ ਦੇ ਪਾਸ ਹੈ ਭੇਟ ਕਰੇ। ਗੁਰੂ ਹਰਿਗੋਬਿੰਦ ਜੀ ਆਪੂੰ ਤੀਜੀ ਜੰਗ ਉਪਰੰਤ ਇਸ ਦੇ ਪਿੰਡ ਭਾਈ ਭਗਤਾ ਆਏ। ਬਖ਼ਸ਼ਿਸ਼ਾਂ ਕੀਤੀਆਂ। ਉਨ੍ਹਾਂ ਬੇਨਤੀ ਕਰਕੇ ਕਿਹਾ ਕਿ ਜਿਵੇਂ ਤੁਰਕਾਣੀ ਤੋਂ ਯੁੱਧ ਕਰਕੇ ਪਿੱਛਾ ਮੁਲਕ ਦਾ ਛੁਡਾਇਆ ਹੈ ਤਿਵੇਂ ਮਿਹਰ ਕਰਕੇ ਭਰਮਾਂ ਤੋਂ ਕੱਢੋ। ਭੂਤਾਂ ਤੇ ਵਹਿਮਾਂ ਤੋਂ ਵੀ ਛਡਵਾਓ। ਗੁਰੂ ਜੀ ਨੇ ਕਿਹਾ ਕਿ ਨਾਮ ਦੇ ਛੱਟੇ ਮਾਰੀ ਚੱਲੋ।

ਇਸ ਤਰ੍ਹਾਂ ਭੂਤਾਂ ਪ੍ਰੇਤਾਂ ਦੇ ਵਹਿਮਾਂ ਤੋਂ ਭਟਕੇ ਹੋਇਆਂ ਨੂੰ ਸਿੱਖੀ ਵੱਲ ਪ੍ਰੇਰਿਆ। ਕੁੱਲ ਦੀਆਂ ਰਵਾਇਤਾਂ ਭੰਨੀਆਂ। ਭਾਈ ਬਹਿਲੋ ਨੂੰ ਬੜਾ ਮਾਣ ਦਿੱਤਾ। ਜਾਦੂ ਟੂਣੇ ਨੂੰ ਫ਼ਜ਼ੂਲ ਦੱਸਿਆ।

*ਨਾਮ ਨਿਰੰਜਨ ਨੀਰ ਨਰਾਇਣ।*
*ਰਸਨਾ ਸਿਮਰਤ ਪਾਪ ਬਿਲਾਇਣ।*

ਇਸ ਤਰ੍ਹਾਂ ਗ਼ਲਤ ਰਵਾਇਤ ਨੂੰ ਵੀ ਦੂਰ ਕੀਤਾ।

❑ ❑ ❑


www.sikhbookclub.com

# ਭਾਈ ਢੇਸਾ ਜੀ

ਸਮਾਂ ਹੀ ਐਸਾ ਸੀ ਕਈ ਧਰਮਾਂ, ਕਈ ਸਾਧਾਂ, ਕਈ ਨਾਮਾਂ ਦਾ ਪ੍ਰਚਾਰ ਸੀ। ਸਭ ਆਪਣੀ ਹਉਂ ਦਾ ਹੀ ਪ੍ਰਚਾਰ ਕਰੀ ਜਾਂਦੇ ਸਨ। ਕੋਈ ਐਸਾ ਧਰਮ ਨਹੀਂ ਸੀ ਜੋ ਵਾਹਿਗੁਰੂ ਦੀ ਸੱਚੀ ਗੱਲ ਕਰਦਾ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੁੰਦੇ ਸਾਰ 'ਹਉ ਤੇਰਾ, ਤੇਰਾ ਨਾਉ" ਉਚਾਰਿਆ ਸੀ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਦੀ ਪਹਿਲੀ ਪਉੜੀ ਦੀ ਪਹਿਲੀ ਤੁੱਕ ਵਿਚ ਲਿਖਿਆ ਹੈ :

*ਨਸਮਕਾਰ ਗੁਰਦੇਵ ਕੋ,*
*ਸਤਿਨਾਮ ਜਿਸ ਮੰਤ੍ਰ ਸੁਣਾਇਆ।*

ਤੇ ਸੰਸਾਰ ਜਗਤ ਵਿਚੋਂ ਪਾਰ ਹੋਣ ਦਾ ਵੱਲ ਸਿਖਲਾ ਦਿੱਤਾ। ਗੁਰੂ ਪਾਤਸ਼ਾਹ ਨੇ ਭੁੱਲੇ ਭਟਕਿਆਂ ਨੂੰ ਸੱਚੇ ਮਾਰਗ ਦਾ ਰਾਹ ਦਰਸਾਇਆ। ਗੁਰੂ ਹਰਿਗੋਬਿੰਦ ਜੀ ਵੀ ਸ਼ਬਦ ਨਾਲ ਹੀ ਜੋੜਦੇ। ਜੋ ਵੀ ਗੁਰੂ ਦੇ ਦਰ ਆਇਆ ਉਸ ਨੇ ਦਰਗਾਹ ਦਾ ਰਾਹ ਪਾਇਆ।

ਭਾਈ ਢੇਸਾ ਜੀ ਵਾਹਿਗੁਰੂ ਦੀ ਹੋਂਦ ਤੋਂ ਮੁਨਕਰ ਸਨ। ਰੁੱਤਾਂ, ਮੌਸਮ, ਦਿਨ ਰਾਤ ਉਨ੍ਹਾਂ ਨੂੰ ਇਕ ਸੁਭਾਵਿਕ ਜਿਹੀ ਕਿਰਿਆ ਲੱਗਦੀ ਸੀ ਕਿ ਇਹ ਸਭ ਛਲਾਵਾ ਹੀ ਹੈ। ਉਹ ਇਹ ਨਹੀਂ ਸਨ ਜਾਣਦੇ ਕਿ ਜੋ ਬਦਲਦਾ ਹੈ ਉਹ ਨਾਸ਼ ਨਹੀਂ, ਇਕ ਹੋਂਦ ਹੈ ਅਕਾਲ ਪੁਰਖ ਦੀ। ਭਾਈ ਢੇਸਾ ਜੀ ਉਂਜ ਬੜੇ ਵਿਦਵਾਨ ਸਨ। ਬੁੱਧੀ ਚਤੁਰ ਸੀ। ਉਨ੍ਹਾਂ ਦੀ ਚਤੁਰਾਈ ਦੇਖ ਕੇ ਭਾਈ ਸਾਈਂ ਦਾਸ ਜੀ ਨੇ ਉਨ੍ਹਾਂ ਦੀ ਮਿੱਤਰਤਾ ਮਾਣੀ ਸੀ। ਸੋਚਣੀ ਉਨ੍ਹਾਂ ਦੀ ਸੁੱਚੀ ਸੀ। ਰਹਿਣੀ ਬਹਿਣੀ ਵੀ ਬੜੀ ਸੁਚੱਜੇ ਢੰਗ ਵਾਲੀ ਸੀ। ਹੰਕਾਰ ਦਾ ਵਾਸਾ ਨਹੀਂ ਸੀ। ਆਏ ਗਏ ਦੀ ਸੇਵਾ ਵੀ ਕਰਦੇ ਸਨ। ਹਰ ਇਕ ਨਾਲ ਭਲਾ ਹੀ ਕਰਦੇ ਸਨ। ਘਰ ਵਿਚ ਸੰਜਮ ਤੇ ਨੇਕੀ ਦਾ ਵਾਸਾ ਸੀ। ਚਾਹੇ ਉਨ੍ਹਾਂ ਵਿਚ ਹਰ ਗੁਣ ਸਨ ਜੋ ਇਕ ਚੰਗੇ ਇਨਸਾਨ ਵਿਚ ਹੁੰਦੇ ਸਨ ਪਰ ਭਾਈ ਸਾਈਂ ਦਾਸ ਜੀ ਜਾਣਦੇ ਸਨ ਕਿ ਭਾਈ ਢੇਸਾ ਬਾਹਰਲੇ ਰੰਗਾਂ ਵਿਚ ਰੰਗਿਆ ਹੋਇਆ ਹੈ। ਅਸਲ ਰੰਗ ਉਸ ਨੂੰ ਨਹੀਂ ਲੱਭਿਆ। ਜਦ ਉਹ ਗੁਰੂ ਦੀ ਸੰਗਤ ਵਿਚ ਆਏਗਾ ਤਾਂ ਹੀ ਉਸ ਨੂੰ ਅਸਲ ਨਕਲ ਦੀ ਪਹਿਚਾਣ ਹੋਵੇਗੀ। ਬਿਨਾਂ ਗੁਰੂ ਤੋਂ ਉਸ ਨੂੰ ਸੱਚਾ ਗਿਆਨ ਪ੍ਰਾਪਤ ਨਹੀਂ ਹੋਵੇਗਾ। ਗੁਰੂ ਤੋਂ ਬਿਨਾਂ ਭਗਤੀ ਨਹੀਂ ਹੁੰਦੀ। ਸਤਿਸੰਗਤ ਵਿਚ ਹੀ ਰੱਬ ਨਿਵਾਸ ਕਰਦਾ ਹੈ। ਭਾਈ ਸਾਈਂ ਦਾਸ ਜੀ ਨੇ ਰੱਬ ਦੀ ਮੌਜੂਦਗੀ ਦਾ ਅਹਿਸਾਸ ਭਾਈ ਢੇਸੇ ਜੀ ਨੂੰ ਕਰਵਾਇਆ ਤੇ ਵਾਕ ਸੁਣਾਇਆ :

*ਮੇਰੇ ਮਾਧਉ ਜੀ ਸਤ ਸੰਗਤਿ*
*ਮਿਲੇ ਸੁ ਤਰਿਆ॥* (ਰਾਗ ਗੁਜਰੀ ਮਹਲਾ ੫, ਪੰਨਾ ੪੯੫)

ਇਸ ਤਰ੍ਹਾਂ ਭਾਈ ਸਾਈਂ ਦਾਸ ਜੀ ਨੇ ਪਹਿਲਾਂ ਭਾਈ ਢੇਸੇ ਦੀ ਦਿਮਾਗੀ ਹਿਲਜੁੱਲ ਨੂੰ ਆਪਣੀ ਉੱਜਲ ਬੁੱਧੀ ਰਾਹੀਂ ਗੁਰੂ ਦਾ ਰਾਹ ਸਮਝਾਇਆ, ਸਿੱਖੀ ਮਾਰਗ ਦੱਸਿਆ, ਸੰਜਮ ਸਿਖਾਇਆ, ਸੇਵਾ ਦੀ ਮਹੱਤਤਾ ਦੱਸੀ। ਕੀਰਤਨ ਸੁਣਨ ਦਾ ਰਸ ਪਾਇਆ ਤੇ ਫੇਰ ਜਦ ਭਾਈ ਢੇਸਾ ਵਿਚ ਸਤਿਸੰਗਤ ਕਰਨ ਦੀ ਇੱਛਾ ਹੋਈ ਤਾਂ ਗੁਰੂ ਦੇ ਦਰਸ਼ਨ ਕਰਨ ਨੂੰ ਮਨ ਤਰਸਿਆ। ਭਾਈ ਸਾਈਂ ਦਾਸ ਜੀ ਭਾਈ ਢੇਸਾ ਜੀ ਨੂੰ ਡੱਲੋ ਤੋਂ ਡਰੌਲੀ ਲੈ ਆਏ।

ਡਰੌਲੀ ਆ ਕੇ ਭਾਈ ਢੇਸਾ ਜ਼ਿਆਦਾ ਸਤਿਸੰਗ ਕਰਨ ਲੱਗ ਪਏ। ਗੁਰਬਾਣੀ ਦਾ ਪਾਠ ਕਰਦੇ ਤੇ ਭਾਈ ਜੀ ਕੋਲੋਂ ਸ਼ਬਦ ਦਾ ਵਿਚਾਰ ਸੁਣਦੇ। ਮਨ ਉਨਮਨ ਹੋਣ ਲੱਗਾ। ਬਾਣੀ ਹੁਣ ਟਿੱਕ ਕੇ ਸੁਣਦੇ ਤੇ ਮਨ ਦੀ ਸ਼ੁੱਧੀ ਹੁੰਦੀ ਗਈ। ਬਾਣੀ ਦੇ ਰਸੀਏ ਬਣ ਗਏ। ਦਿਮਾਗ ਵੀ ਉਜਲ ਹੋਣ ਲੱਗਾ। ਵਿਕਾਰ ਮਿਟਣ ਲੱਗੇ। ਬਾਲ ਬੁੱਧ ਤੇ ਚਤੁਰਾਈ ਦਾ ਵਿਕਾਰ ਹਟਿਆ। ਸ਼ਖਸੀਅਤ ਭਲੀ, ਹਿਰਦਾ ਸਾਫ਼ ਤੇ ਖ਼ੁਸ਼ੀ ਸੁੱਤੇ ਸਿੱਧ ਆ ਗਈ। ਜਿਸ ਨੂੰ ਗੁਰਬਾਣੀ ਵਿਚ ਸੱਜਣ ਸਹਿਜ ਤੇ ਸੁਹੇਲਾ ਸਹਿਜੇ (Spuntan Eunsly Joyful) ਕਿਹਾ ਹੈ ਉਹ ਬਣਨ ਲੱਗੇ।

ਬੜੇ ਹੀ ਪ੍ਰੇਮ ਨਾਲ ਬਾਣੀ ਵਿਚ ਮਨ ਲਗਾਂਦੇ। ਮਾਇਆ ਦੀ ਖਿੱਚ ਹੱਟ ਗਈ।

ਹੁਣ ਕੇਵਲ ਇਕੋ ਹੀ ਤਾਂਘ ਉਠਦੀ ਕਿ ਇਸ ਮਨ ਅੰਦਰ ਨਾਮ ਦਾ ਨਿਵਾਸ ਹੋ ਜਾਵੇ। ਇਨ੍ਹਾਂ ਸਭਨਾਂ ਵਿਚਾਰਾਂ ਨੇ ਦਿਮਾਗ ਦੀਆਂ ਸੋਚਾਂ ਬੜੀਆਂ ਵਧਾ ਦਿੱਤੀਆਂ। ਨਾਮ ਇਕ ਐਸੀ ਦਾਤ ਹੈ ਜੋ ਵਾਹਿਗੁਰੂ ਦੀ ਮਿਹਰ ਨਾਲ ਹੀ ਮਿਲਦੀ ਹੈ। ਉਸ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਬਿਨਾਂ ਕੋਈ ਸਿਮਰਨ ਨਹੀਂ ਕਰ ਸਕਦਾ।

***ਸੇ ਸਿਮਰਹਿ ਜਿਨ ਆਪਿ ਸਿਮਰਾਏ॥***

ਨਾਮ ਕੋਈ ਮੰਤ੍ਰ ਨਹੀਂ ਹੈ। ਨਾਮ ਕੋਈ ਨਿਰਜਿੰਦ ਚੀਜ਼ ਨਹੀਂ। ਨਾਮ ਤਾਂ ਜਨਰੇਟਿੰਗ ਫ਼ੋਰਸ ਹੈ। ਨਾਂਹ ਹੀ ਕੋਈ ਅੱਖਰਾਂ ਤੋਂ ਬਣਿਆ ਸ਼ਬਦ ਹੈ, ਸਗੋਂ ਜਾਗਤ ਜੋਤ ਦਾ ਅੰਦਰੋਂ ਪ੍ਰਤੱਖ ਪ੍ਰਗਟ ਹੋਣਾ ਹੈ। ਇਸੇ ਲਈ ਵਾਕ ਹੈ :

***ਨਾਮ ਹਮਾਰੇ ਅੰਤਰਜਾਮੀ॥***
***ਨਾਮ ਹਮਾਰੇ ਆਵੈ ਕਾਮੀ॥***

ਨਾਮ ਇਸ ਤਰ੍ਹਾਂ ਜੀਵਨ ਰੋਸ਼ਨ ਕਰਦਾ ਹੈ ਜਿਵੇਂ ਬੁਝਦੇ ਦੀਪਕ ਵਿਚ ਤੇਲ ਪਾ ਦਿੱਤਾ ਜਾਵੇ। ਨਾਮ ਧਨ ਹੈ। ਨਾਮ ਪ੍ਰਾਪਤੀ ਦਾ ਸੌਖਾ ਰਾਹ ਬਾਣੀ ਦਾ ਪਾਠ ਹੈ। ਬਾਣੀ ਪੜ੍ਹਦਿਆਂ ਜਦ ਟਿਕਾਅ ਜਿਹਾ ਮਹਿਸੂਸ ਹੋਵੇ ਤਾਂ ਉਹ ਸਮਾਂ ਹੈ ਨਾਮ ਦੇ ਪ੍ਰਕਾਸ਼ ਦਾ। ਫਿਰ ਜੇ ਕਦੇ ਹਜ਼ੂਰੀ ਦਾ ਅਨੰਦ ਟੁੱਟਣ ਲੱਗੇ, ਸੁਰਤਿ ਹੇਠਾਂ ਆਵੇ ਤੱਦ ਝੱਟ ਬਾਣੀ ਦਾ ਲੜ ਪਕੜ ਲੈਣਾ ਚਾਹੀਦਾ ਹੈ।

ਸ਼ਬਦ ਦੀ ਧੁਨੀ ਉਠਦੇ ਸਾਰ ਧਿਆਨ ਜੁੜ ਜਾਵੇਗਾ। ਜੁੜੇ ਧਿਆਨ ਵਿਚ ਉਸ ਨੂੰ ਜਾਣਿਆ ਜਾ ਸਕੇਗਾ। ਕਿਤਨੀ ਅਥਾਹ ਸ਼ਕਤੀ ਹੈ ਗੁਰਬਾਣੀ ਦੀ।

ਭਾਈ ਸਾਈਂ ਦਾਸ ਜੀ ਨੇ ਹੀ ਢੇਸੇ ਨੂੰ ਹਨ੍ਹੇਰੇ ਵਿਚੋਂ ਕੱਢ ਕੇ ਸ਼ੁੱਧ ਮਨ ਦੁਆਰਾ

ਸਤਿਗੁਰਾਂ ਵੱਲੋਂ ਨਾਮ ਦੀ ਦਾਤ ਦਿਵਾਏ ਜਾਣ ਲਈ ਤਿਆਰ ਕਰ ਲਿਆ ਸੀ। ਗੁਰੂ ਜੀ ਉਸ ਵਕਤ ਡਰੋਲੀ ਵਿਚ ਹੀ ਸਨ। ਇਕ ਦਿਹਾੜੇ ਜਦ ਸ਼ਿਕਾਰ ਤੋਂ ਵਾਪਸ ਆਏ ਖੂਹ 'ਤੇ ਬੈਠੇ ਸਨ ਕਿ ਢੇਸਾ ਸਾਰੇ ਸਿੱਖਾਂ ਤੋਂ ਪਹਿਲਾਂ ਉਨ੍ਹਾਂ ਕੋਲ ਪੁੱਜ ਗਿਆ। ਗੁਰੂ ਜੀ ਨੂੰ ਜਦ ਪਿਆਸ ਲੱਗੀ ਤਾਂ ਝੱਟ ਦੌੜ ਕੇ ਖੂਹ ਵਿਚੋਂ ਠੰਢਾ ਜਲ ਲੈ ਆਇਆ। ਗੁਰੂ ਜੀ ਨੇ ਇਕ ਨਿਗਾਹ ਉਨ੍ਹਾਂ ਵੱਲ ਪਾਈ ਤਾਂ ਦੇਖ ਪੁੱਛਣ ਲੱਗੇ ਤੁਹਾਡਾ ਨਾਂ ਕੀ ਹੈ ? ਜਦ ਨਾਮ ਦੱਸ ਢੇਸਾ ਜੀ ਨੇ ਫੇਰ ਕੁਝ ਕਹਿਣਾ ਚਾਹਿਆ ਤਾਂ ਸਤਿਗੁਰੂ ਜੀ ਨੇ ਕਿਹਾ : ਢੇਸਾ ਜੀ ***ਭਾਂਡਾ ਧੋਇ ਬੈਸ ਧੂਪ ਦੇਵਹੁ॥*** ਪਰ ਢੇਸੇ ਨੂੰ ਇਸ ਗੱਲ ਦੀ ਸਮਝ ਨਾ ਆਈ। ਉਨ੍ਹਾਂ ਚਰਨੀਂ ਪੈ ਫਿਰ ਮੰਗਿਆ। ਪਰ ਗੁਰੂ ਜੀ ਨੇ ਉਹ ਹੀ ਤੁਕ ਫੇਰ ਦੁਹਰਾਈ। ਜਦੋਂ ਸਾਰੀ ਗੱਲ ਭਾਈ ਸਾਈਂ ਦਾਸ ਜੀ ਨੂੰ ਢੇਸਾ ਜੀ ਨੇ ਦੱਸੀ ਤਾਂ ਉਨ੍ਹਾਂ ਸਮਝਾਇਆ ਕਿ ਤੁਹਾਡੇ ਬਿਨ੍ਹਾਂ ਕਹੇ 'ਤੇ ਹੀ ਉਨ੍ਹਾਂ ਸਮਾਂ ਨਿਸਚਿਤ ਕਰ ਦਿੱਤਾ ਹੈ। ਉਹ ਤੇ ਆਪ ਹੀ ਜਾਣੀ ਜਾਣ ਹਨ। ਕੁਝ ਕਹਿਣ ਦੀ ਲੋੜ ਨਹੀਂ। ਸਮਾਂ ਤਾਂ ਬੀਤ ਜਾਵੇਗਾ, ਤੁਸੀਂ ਵਾਹਿਗੁਰੂ ਦੇ ਧਿਆਨ ਵਿਚ ਹੀ ਲੱਗੇ ਰਹੋ। ਸੇਵਾ ਸਿਮਰਨ, ਸਤਿਸੰਗ ਕਰਦੇ ਰਹੋ।

ਭਾਈ ਢੇਸਾ ਜੀ ਉਸੇ ਤਰ੍ਹਾਂ ਲੱਗੇ ਰਹੇ। ਇਕ ਦਿਨ ਸਵੇਰ ਸਾਰ ਜਦੋਂ ਕਿ ਗੁਰੂ ਜੀ ਤੁਰਨ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਢੇਸਾ ਬਾਣੀ ਪੜ੍ਹਦਾ ਖੇਤਾਂ ਵਿਚ ਜਾ ਰਿਹਾ ਸੀ। ਉਸ ਦੀ ਆਵਾਜ਼ ਗੁਰੂ ਜੀ ਨੇ ਸੁਣੀ ਤੇ ਆਪਣੇ ਕੋਲ ਬੁਲਾ ਆਖਿਆ : ਜਾਓ ਥੋੜ੍ਹੀ ਦੂਰ ਇਕ ਘੜੀ ਇਕਾਂਤ ਵਿਚ ਬੈਠ ਕੇ ਆ। ਬਿਲਕੁਲ ਚੁੱਪ ਬੈਠ ਕੇ ਆ ਜਾਓ।

ਢੇਸਾ ਮੱਥਾ ਟੇਕ ਕੇ ਟੁਰ ਗਿਆ। ਇਕ ਨਵਾਂ ਉਤਸ਼ਾਹ ਉਸ ਵਿਚ ਸੀ। ਇਕ ਇਕਾਂਤ ਸਥਾਨ ਦੇਖ ਕੇ ਬੈਠ ਗਿਆ। ਚਾਰ ਚੁਫੇਰਾ ਸ਼ਾਂਤ ਸੀ। ਵਾਤਾਵਰਣ ਵਿਚ ਕੋਈ ਹਲਚਲ ਨਹੀਂ ਸੀ ਪਰ ਢੇਸਾ ਫਿਰ ਵੀ ਇਕ ਅਜੀਬ ਜਿਹੀ ਹਰਕਤ ਮਹਿਸੂਸ ਕਰ ਰਿਹਾ ਸੀ। ਕਦੀ ਸ਼ਾਂ ਸ਼ਾਂ ਦੀਆਂ ਆਵਾਜ਼ਾਂ ਆਪਣੇ ਹੀ ਅੰਦਰ ਤੋਂ ਆ ਰਹੀਆਂ ਮਹਿਸੂਸ ਕਰਦਾ। ਕਦੇ ਕਈ ਸੂਰਤਾਂ ਜੋ ਉਸ ਦੇ ਸਕੇ ਸੰਬੰਧੀਆਂ ਦੀਆਂ ਸਨ, ਫਿਰਦੀਆਂ ਦੇਖਦਾ। ਬਥੇਰਾ ਧਿਆਨ ਹਟਾਵੇ ਪਰ ਕਦੇ ਫਿਰ ਮੁੜ ਹੋਰ ਕੋਈ ਸੂਰਤ ਚਿਰਾਂ ਤੋਂ ਭੁਲੀ ਹੋਈ ਉਸ ਦੇ ਅੱਗੇ ਆ ਜਾਂਦੀ। ਢੇਸਾ ਹੈਰਾਨ ਸੀ। ਗੁਰੂ ਜੀ ਨੇ ਕਿਸ ਤਰ੍ਹਾਂ ਦਾ ਧਿਆਨ ਲਗਾਉਣ ਲਈ ਭੇਜ ਦਿੱਤਾ ਹੈ। ਉਨ੍ਹਾਂ ਨੇ ਤਾਂ ਕੇਵਲ ਮੈਨੂੰ ਇਕ ਘੜੀ ਇਕਾਂਤ ਵਿਚ ਬੈਠ ਆਉਣ ਲਈ ਕਿਹਾ ਹੈ, ਪਰ ਮਨ ਤਾਂ ਵਿਹਲਾ ਬੈਠਦਾ ਹੀ ਨਹੀਂ। ਕਈ ਮੂਰਤਾਂ, ਕਈ ਸੱਜਣ, ਕਈ ਵੈਰੀ, ਕਈ ਪਰਾਏ ਅੱਖਾਂ ਅੱਗੇ ਆਉਣ ਲੱਗ ਪਏ ਹਨ ਪਰ ਇਕ ਨੂਰ ਜਿਹਾ ਹਮੇਸ਼ਾ ਉਨ੍ਹਾਂ ਨਾਲ ਰਹਿੰਦਾ। ਹੋਂਦ ਦਾ ਪ੍ਰਕਾਸ਼ ਮਹਿਸੂਸ ਹੋਇਆ, ਪਰ ਹਜ਼ੂਰੀ ਨਾ ਮਿਲੀ। ਮੇਰਾ ਦਿਲ ਜ਼ਰੂਰ ਮੈਲਾ ਹੈ ਤਾਂ ਹੀ ਇਹ ਹਾਲ ਹੈ। ਮੈਂ ਸਮਝਦਾ ਸਾਂ ਕਿ ਬਾਣੀ ਤੇ ਸੇਵਾ ਨਾਲ ਮੇਰੀ ਮੈਲ ਝੜ ਗਈ ਹੈ। ਇਹ ਤਾਂ ਕੇਵਲ ਧੂੜ ਝੜੀ ਹੈ। ਮੈਲ ਤਾਂ ਅਜੇ ਵੀ ਚੰਬੜੀ ਪਈ ਹੈ, ਜੋ ਮੇਰੇ ਦਿਲ ਦੇ ਸ਼ੀਸ਼ੇ ਨੂੰ ਧੁੰਦਲਾ ਪਈ ਕਰਦੀ ਹੈ ਜਿਸ ਕਾਰਨ ਪ੍ਰਭੂ

 www.sikhbookclub.com

ਦਾ ਦੀਦਾਰ ਨਹੀਂ ਹੁੰਦਾ।

ਅਚਾਨਕ ਢੇਸਾ ਜੀ ਨੂੰ ਖ਼ਿਆਲ ਆਇਆ ਕਿ ਗੁਰੂ ਜੀ ਨੇ ਚੁੱਪ ਬੈਠ ਆਉਣ ਲਈ ਕਿਹਾ ਸੀ। ਇੱਥੇ ਤਾਂ ਖ਼ਿਆਲਾਂ ਦੇ ਘੋੜੇ ਪਏ ਦੌੜਦੇ ਹਨ। ਰੌਲਾ ਜਿਹਾ ਪਿਆ ਹੈ। ਤੂੰ ਤੇ ਹੁਕਮ ਪਾਲ ਨਹੀਂ ਰਿਹਾ। ਕੇਵਲ ਅਡੋਲ ਤੇ ਚੁੱਪ ਚਾਪ ਬਿਨਾਂ ਕੁਝ ਕਹੇ ਬੈਠਣਾ ਹੈ।

ਜਦ ਸੱਚ ਦਾ ਗਿਆਨ ਹੋ ਗਿਆ ਤਾਂ ਚਾਰੇ ਪਾਸੇ ਚਾਨਣ ਹੀ ਚਾਨਣ ਆ ਗਿਆ। ਹਜ਼ੂਰੀ ਮਿਲ ਗਈ। ਸਿਮਰਨ ਕਰਨ ਨਾਲ ਮਨ ਵਿਚ ਪਿਆਰੇ ਦੀ ਮਿੱਠੀ ਯਾਦ ਵਸ ਗਈ। ਉਸ ਵਾਹਿਗੁਰੂ ਦੀ ਯਾਦ ਵਿਸਰਨ ਨਾ ਦਿੱਤੀ ਤੇ ਇਤਨੀ ਪਕਾ ਲਈ ਕਿ ਉਹ ਕਦੇ ਨਾ ਭੁੱਲੇ। ਇਤਨਾ ਪਿਆਰ ਰੱਬ ਜੀ ਨਾਲ ਕਿ ਇਕ ਮਿੱਕ ਹੋ ਗਏ। ਆਪਾ ਭੁੱਲ ਗਏ। ਇਸ ਤਰ੍ਹਾਂ ਗੁਰੂ ਦੀ ਮਿਹਰ ਸਦਕਾ ਢੇਸਾ ਜੀ ਨੂੰ ਨਾਮ ਸਿਮਰਨ ਦਾ ਗਿਆਨ ਹੋ ਗਿਆ। ਜਦ ਗੁਰੂ ਜੀ ਕੋਲ ਮੁੜੇ ਉਨ੍ਹਾਂ ਆਖਿਆ : ਆਪ ਵੀ ਇਸ ਦਾ ਅਨੰਦ ਲਵੋ ਤੇ ਦੂਜਿਆਂ ਨੂੰ ਵੀ ਸਹੀ ਰਾਹ ਦੱਸ ਅਨੰਦ ਦਿਵਾਓ। ਗੁਰੂ ਜੇ ਰਣ ਦੇ ਜੋਧੇ ਪੈਦਾ ਕਰ ਰਹੇ ਸਨ ਤਾਂ ਮਨ ਦੇ ਸੂਰਮੇ ਵੀ ਪੈਦਾ ਕਰ ਰਹੇ ਸਨ ਜਿਨ੍ਹਾਂ ਮਨ ਨੂੰ ਅਮਨ ਵੀ ਦਿੱਤਾ :

*ਜਾ ਕੌ ਹਰਿ ਰੰਗ ਲਾਗੋ ਇਸ ਜੁਗ ਮੈ*
*ਸੋ ਕਹੀਅਤ ਹੈ ਸੂਰਾ॥*

❑ ❑ ❑

# ਭਾਈ ਗੜ੍ਹੀਆ

ਕਸ਼ਮੀਰ ਸਿੱਖੀ ਦੀ ਖ਼ੁਸ਼ਬੂ ਨਾਲ ਮਹਿਕ ਰਿਹਾ ਸੀ। ਬਹੁਤ ਘੱਟ ਲੋਕੀਂ ਜਾਣਦੇ ਸਨ ਕਿ ਚਾਰੇ ਧੂਨੀਆਂ ਦੇ ਮੁਖੀ ਸ੍ਰੀਨਗਰ ਦੇ ਹੀ ਰਹਿਣ ਵਾਲੇ ਸਨ। ਭਾਈ ਸੁਥਰਾ ਦਾ ਜਨਮ ਵੀ ਕਸ਼ਮੀਰ ਹੀ ਹੋਇਆ ਸੀ। ਸਿੱਖ ਵੀ ਗੁਰੂ ਜੀ ਨੂੰ ਸੁਨੇਹਾ ਭੇਜਦੇ ਰਹਿੰਦੇ ਕਿ ਇੱਥੇ ਆ ਚਰਨ ਪਾਓ ਤਾਂ ਕਿ ਇੱਥੇ ਦੀ ਸੰਗਤ ਵੀ ਦਰਸ਼ਨ ਕਰ ਆਪਣਾ ਜੀਵਨ ਸਫ਼ਲ ਬਣਾ ਸਕੇ। ਗੁਰੂ ਹਰਿਗੋਬਿੰਦ ਸਾਹਿਬ ਨੇ ਉਚੇਚਾ ਭਾਈ ਗੜ੍ਹੀਆ ਜੀ ਨੂੰ ਕਸ਼ਮੀਰ ਪ੍ਰਚਾਰ ਲਈ ਭੇਜਿਆ।

ਭਾਈ ਗੜ੍ਹੀਆ ਉਦਾਰਤਾ, ਪਰਉਪਕਾਰਤਾ ਤੇ ਨਿਮਰਤਾ ਦੀ ਮੂਰਤ ਸਨ। ਗੁਰੂ ਜੀ ਦੀ ਉਪਮਾ ਕਰਦੇ। ਗੁਰੂ ਜੀ ਦੀਆਂ ਹੀ ਗੱਲਾਂ ਕਰਦੇ। ਕਸ਼ਮੀਰ ਵਿਚ ਕਈ ਜਗ੍ਹਾ ਸਿੱਖੀ ਦੇ ਪ੍ਰਚਾਰ ਦੇ ਕੇਂਦਰ ਬਣਾਏ। ਪਹਿਲਗਾਮ ਨੇੜੇ ਮਟਨ ਸਾਹਿਬ ਰਹਿ ਕਾਫੀ ਦੇਰ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਮਟਨ ਸਾਹਿਬ ਉਹ ਹੀ ਪਾਵਨ ਅਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ ਅਤੇ ਬ੍ਰਹਮਦੱਤ ਨੂੰ ਗਿਆਨ ਚਖਸ਼ੂ ਬਖ਼ਸ਼ੇ ਸਨ। ਉੱਥੇ ਸੰਗਤ ਦਾ ਇਕੱਠ ਕਰਦੇ ਤੇ ਗੁਰੂ ਦੀ ਮਹਿਮਾ ਸੰਗਤਾਂ ਨੂੰ ਦੱਸਦੇ ਰਹਿੰਦੇ। ਸ਼ੰਕੇ ਨਿਵਾਰਦੇ। ਭਾਈ ਗੜ੍ਹੀਆ ਜੀ ਨੇ ਇਕ ਵਾਰੀ ਸ਼ਾਹ ਦਉਲਾ ਦਾ ਸ਼ੰਕਾ ਕਿ ਗੁਰੂ ਜੀ ਕਿਉਂ ਜੰਗਾਂ ਯੁੱਧਾਂ ਵਿਚ ਰੁਝ ਗਏ ਹਨ, ਇਹ ਕਹਿ ਕੇ ਨਿਵਾਰਿਆ ਸੀ ਕਿ ਗੁਰੂ ਹਰਿਗੋਬਿੰਦ ਜੀ ਤਾਂ ਤੁਰਕਾਂ ਨੂੰ ਅਨੀਤੀ ਤੋਂ ਹਟਾ ਰਹੇ ਹਨ।

ਭਾਈ ਗੜ੍ਹੀਆ ਜੀ ਦਾ ਜੀਵਨ ਸਾਦਾ, ਸੁਥਰਾ ਤੇ ਉੱਚਾ ਸੀ। ਮੋਮ ਦਿਲ ਇਤਨੇ ਸਨ ਕਿ ਕਿਸੇ ਦੀ ਪੀੜ ਉਹ ਜਰ ਨਾ ਸਕਦੇ। ਵਾਹ ਲੱਗਦੇ ਉੱਥੇ ਹੀ ਨਿਵਾਰਨ ਦਾ ਯਤਨ ਕਰਦੇ। ਦੂਜਿਆਂ ਦੀ ਸੇਵਾ ਵਿਚ ਆਪਣਾ ਜੀਵਨ ਸਫ਼ਲ ਹੋਇਆ ਜਾਣਦੇ। 'ਹੱਥ ਕਾਰ ਵੱਲ ਤੇ ਦਿਲ ਯਾਰ ਵੱਲ' ਦੀ ਉਹ ਜ਼ਿੰਦਾ ਮਿਸਾਲ ਸਨ। ਭਾਈ ਗੜ੍ਹੀਆ ਜੀ ਦੀ ਕਥਨੀ ਤੇ ਕਰਨੀ ਵਿਚ ਕੋਈ ਫ਼ਰਕ ਨਹੀਂ ਸੀ। ਉਨ੍ਹਾਂ ਦੀ ਸ਼ਖ਼ਸੀਅਤ ਤੋਂ ਹੀ ਪ੍ਰਭਾਵਤ ਹੋ ਕੇ ਕਈ ਗੁਰੂ ਘਰ ਵੱਲ ਖਿੱਚੇ ਆਉਂਦੇ। ਸ਼ਾਹ ਦੌਲਾ ਤੇ ਮੌਲਾ ਵੀ ਉਨ੍ਹਾਂ ਦੀ ਕਰਣੀ ਦੇਖ ਗੁਰੂ ਹਰਿਗੋਬਿੰਦ ਜੀ ਦੇ ਮੁਰੀਦ ਬਣੇ, ਜੋ ਪਹਿਲਾਂ ਸ਼ੰਕਾ ਕਰਦੇ ਸਨ। ਉਹ ਮਾਇਆ ਇਕੱਠੀ ਕਰਕੇ ਗੁਰੂ ਜੀ ਲਈ ਭੇਜਦੇ। ਗੁਰੂ ਗੋਲਕ ਨੂੰ ਜ਼ਹਿਰ ਸਮਾਨ ਸਮਝਦੇ।

ਭਾਈ ਗੜ੍ਹੀਆ ਜੀ ਜਦ ਬਾਣੀ ਪੜ੍ਹਦੇ ਤਾਂ ਇਕ ਚਿੱਟੇ ਹੰਸ ਦੀ ਨਿਆਈਂ ਲੱਗਦੇ ਜੋ ਮੋਤੀ ਕੱਢ ਬਾਹਰ ਰੱਖੀ ਜਾ ਰਿਹਾ ਹੋਵੇ। ਜਦ ਰਾਹ ਵਿਚ ਚਲਦੇ ਹੁੰਦੇ ਤਾਂ ਫ਼ਕੀਰ ਦੀ ਨਿਆਈਂ ਲੱਗਦੇ। ਪੈਰੀਂ ਟੁੱਟੀ ਜੁੱਤੀ ਹੁੰਦੀ, ਗਲ੍ਹ ਵਿਚ ਅੱਧ ਮੈਲਾ ਚੋਲਾ ਹੁੰਦਾ, ਪਰ ਇਸ ਅਵਸਥਾ ਵਿਚ ਵਿਚਰਦੇ ਨੂਰ ਉਨ੍ਹਾਂ ਦੇ ਚਿਹਰੇ 'ਤੇ ਡਲ੍ਹਕਾਂ

ਮਾਰਦਾ। ਗੜ੍ਹੀਆ ਜੀ ਦੇ ਪ੍ਰਚਾਰ ਦਾ ਮੁੱਖ ਧੁਰਾ ਸੀ ਕਿ ਅਸਲ ਸੁੱਖ ਮਨ ਟਿਕੇ ਵਿਚ ਹੈ। ਰਜ਼ਾ ਵਿਚ ਰਾਜ਼ੀ ਰਹਿਆਂ ਅੰਦਰ ਟਿਕਦਾ ਹੈ। ਪਕੜਾਂ ਛੱਡਿਆਂ ਅੰਦਰਲਾ ਹੌਲਾ ਹੋ ਜਾਂਦਾ ਹੈ। ਦਿਲ ਵਿਚ ਗ਼ਰੀਬਾਂ ਦਾ ਇਤਨਾ ਦਰਦ ਸੀ ਕਿ ਉਸ ਦੀ ਇਕ ਉਦਾਹਰਣ ਹੈ ਕਿ ਸ਼ਾਹ ਦੌਲਾ ਨੇ ਆਪ ਜੀ ਦੇ ਬਸਤ੍ਰ ਫਟੇ ਦੇਖ ਪੋਸ਼ਾਕ ਬਣਵਾ ਭੇਟ ਕੀਤੀ ਤਾਂ ਉਸੇ ਵਕਤ ਇਕ ਲੋੜਵੰਦ ਉੱਥੇ ਆ ਗਿਆ ਤੇ ਭਾਈ ਜੀ ਨੇ ਪੋਸ਼ਾਕ ਉਸ ਨੂੰ ਭੇਟ ਕਰ ਦਿੱਤੀ। ਸ਼ਾਹ ਦੌਲਾ ਨੇ ਇਸ ਗੱਲ ਦਾ ਗ਼ੁੱਸਾ ਵੀ ਕੀਤਾ ਤੇ ਪ੍ਰਗਟਾਵਾ ਕਰ ਕਹਿ ਵੀ ਦਿੱਤਾ : "ਭਾਈ ਜੀ! ਦਿਖਾਵਾ ਚੰਗਾ ਨਹੀਂ।" ਪਰ ਭਾਈ ਜੀ ਨੇ ਨਿਮਰਤਾ ਨਾਲ ਸਮਝਾਇਆ : "ਮੇਰੇ ਤੋਂ ਵੱਧ ਉਸ ਨੂੰ ਲੋੜ ਸੀ ਦਿਖਾਵੇ ਦੀ ਕੋਈ ਗੱਲ ਨਹੀਂ। ਮੇਰਾ ਤਾਂ ਗੁਜ਼ਾਰਾ ਪਿਆ ਹੁੰਦਾ ਹੈ। ਫਿਰ ਮੈਨੂੰ ਤਾਂ ਹੋਰ ਮਿਲ ਵੀ ਜਾਏਗੀ ਪਰ ਇਸ ਦੀ ਕਿਸੇ ਨਹੀਂ ਸੁਣਨੀ।" ਸ਼ਾਹ ਦੌਲਾ ਨੇ ਸਚਮੁੱਚ ਉਸੇ ਵੇਲੇ ਹੋਰ ਬਣਵਾ ਦਿੱਤੀ।

ਭਾਈ ਗੜ੍ਹੀਆ ਜੀ ਨੇ ਕਸ਼ਮੀਰ ਵਾਸੀਆਂ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ ਕਿ ਗੁਰੂ ਹਰਿਗੋਬਿੰਦ ਜੀ ਯੁੱਧਾਂ ਵਿਚ ਜੁਟੇ ਹਨ। ਉੱਥੇ ਰਸਦ, ਧਨ, ਮਾਲ, ਘੋੜੇ, ਜੰਗੀ ਸਾਮਾਨ ਦੀ ਲੋੜ ਹੈ। ਪੰਜਾਬ ਵਿਚ ਯੁੱਧ ਦਾ ਵਾਤਾਵਰਣ ਚੱਲ ਰਿਹਾ ਹੈ। ਸੰਗਤਾਂ ਨੇ ਧਨ ਮਾਲ ਨਾਲ ਲੱਦ ਦਿੱਤਾ ਤੇ ਨਾਲ ਹੀ ਵੇਰਵੇ ਦਾ ਕਾਗ਼ਜ਼ ਵੀ ਦੇ ਦਿੱਤਾ ਕਿ ਗੁਰੂ ਜੀ ਤੱਕ ਅਰਦਾਸ ਪਹੁੰਚਾਣੀ। ਭਾਈ ਜੀ ਨੇ ਰਸੀਦ ਲਿਖ ਸੰਗਤਾਂ ਦੇ ਮੁਖੀਏ ਨੂੰ ਦੇ ਦਿੱਤੀ। ਜਦ ਸਭ ਨੇ ਆਖਿਆ ਕਿ ਇਸ ਰਸੀਦ ਦੀ ਕੀ ਲੋੜ ਹੈ ਤਾਂ ਭਾਈ ਜੀ ਨੇ ਕਿਹਾ ਕਿ ਭਾਈ ਜਨੋ ਇਹ ਹੀ ਸੁੱਚਾ ਤਰੀਕਾ ਹੈ। ਨਾ ਦੇਣ ਵਾਲਾ ਉਲਾਂਭਾ ਦੇਵੇ ਤੇ ਨਾ ਲੈਣ ਵਾਲਾ ਭੁੱਲੇ। ਸਾਰੇ ਹੀ ਭਾਈ ਜੀ ਦੇ ਹਿਸਾਬ, ਸਾਫ਼ ਦਿਲ ਤੇ ਫ਼ੇਰ ਤਰੀਕਾ ਵੀ ਸਾਫ਼ ਦੇਖ ਬੜੇ ਹੀ ਹੈਰਾਨ ਹੋਏ। ਭਾਈ ਜੀ ਦਾ ਜੀਵਨ ਹੈ ਹੀ ਬੜਾ ਉੱਚਾ ਸੀ।

ਭਾਈ ਗੜ੍ਹੀਆ ਜੀ ਮਾਲ ਮਤਾ ਲੱਦ ਜਦ ਕਸ਼ਮੀਰੋਂ ਅੰਮ੍ਰਿਤਸਰ ਟੁਰਨ ਲੱਗੇ ਤਾਂ ਮਹਿਸੂਸ ਕੀਤਾ ਨੇ ਕਿ ਪੰਜਾਬ ਨਾਲੋਂ ਕਸ਼ਮੀਰ ਵਿਚ ਮਦਦ ਦੀ ਬਹੁਤ ਲੋੜ ਹੈ। ਸਿੱਖਾਂ ਨੇ ਸ਼ਰਧਾ ਵਿਚ ਆਪਾ ਵਾਰਿਆ ਹੈ। ਭਾਈ ਗੜੀਆ ਜੀ ਨੇ ਦੂਜੇ ਦਿਨ ਹੀ ਉੱਥੇ ਗੁਰੂ ਹਰਿਗੋਬਿੰਦ ਜੀ ਦੇ ਨਾਂ ਦਾ ਲੰਗਰ ਲਗਾ ਦਿੱਤਾ। ਭੁੱਖਾਂ ਮੇਟੀਆਂ। ਜਦ ਆਪੂੰ ਲੰਗਰ ਵਰਤਾਂਦੇ ਤਾਂ ਇੰਝ ਮਹਿਸੂਸ ਕਰਦੇ ਕਿ ਗੁਰੂ ਜੀ ਆਪ ਸੰਗਤ ਵਿਚ ਬੈਠ ਪਏ ਛਕਦੇ ਹਨ।

***"ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ"*** ਦਾ ਝਲਕਾਰਾ ਪਿਆ।

ਸਾਰੀ ਰਕਮ ਲੰਗਰ 'ਤੇ ਹੀ ਲਗਾ ਦਿੱਤੀ। ਉਨ੍ਹਾਂ ਨੂੰ ਗੁਰੂ ਦਾ ਬਚਨ ਯਾਦ ਸੀ ਕਿ 'ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ'। ਸਿੱਖ ਤ੍ਰਿਪਤ ਹੋਵੇ ਤਾਂ ਉਹ ਤ੍ਰਿਪਤ ਹੋ ਜਾਂਦੇ ਹਨ। 'ਸਿੱਖ ਸਮਾਨ ਹੋਰ ਨਹੀਂ ਜਾਤਾ' ਉਨ੍ਹਾਂ ਦਾ ਹੀ ਬਚਨ ਹੈ। ਲੋੜਵੰਦਾਂ ਦੀ ਲੋੜ ਪੂਰੀ ਕਰ ਜਦ ਮੁੜੇ ਤਾਂ ਤਕਰੀਬਨ ਖ਼ਾਲੀ ਹੱਥ ਸਨ।


www.sikhbookclub.com

ਆਪਣੀ ਹਾਲਤ ਵੀ ਉਸੇ ਤਰ੍ਹਾਂ ਦੀ ਹੀ ਸੀ। ਟੁੱਟੀ ਜੁੱਤੀ ਤੇ ਫਟੇ ਕੱਪੜੇ।

ਭਾਈ ਗੜ੍ਹੀਆ ਜੀ ਨੇ ਥੈਲੀ ਤੇ ਇਕ ਫ਼ਹਿਰਿਸਤ ਕਸ਼ਮੀਰ ਦੀ ਸੰਗਤ ਦੇ ਮੁਖੀ ਦੇ ਹੱਥ ਦੀ ਲਿਖੀ ਹੋਈ ਸੀ, ਗੁਰੂ ਜੀ ਅੱਗੇ ਭੇਟ ਕੀਤੀ। ਗੁਰੂ ਜੀ ਨੇ ਜਦ ਥੈਲੀ ਖੋਲ੍ਹੀ ਤਾਂ ਵਿਚੋਂ ਸਿਰਫ਼ ਸਵਾ ਰੁਪਿਆ ਨਿਕਲਿਆ ਤੇ ਫ਼ਹਿਰਿਸਤ ਦੇਖ ਮੁਸਕਰਾਏ ਤੇ ਮੂੰਹੋਂ ਕੇਵਲ ਇਤਨਾ ਹੀ ਕਿਹਾ : "ਮੈਨੂੰ ਪਹੁੰਚ ਗਈ"। ਸਾਰੀ ਸੰਗਤ ਬੜੀ ਅਸਚਰਜ ਹੋਈ ਪਰ ਥੋੜ੍ਹੀ ਦੇਰ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਭਾਈ ਗੜ੍ਹੀਆ ਵੱਲ ਤੱਕ ਕੇ ਕਿਹਾ : "ਗੜ੍ਹੀਆ ਜੀ! ਤੁਹਾਡੀ ਘਾਲ ਥਾਂ ਪਈ, ਹੁਣ ਆਪਣੇ ਵਤਨ ਜਾਵੋ, ਜਗਤ ਵਿਚ ਵਾਹਿਗੁਰੂ ਦੀ ਸਿੱਖੀ ਫੈਲਾਵੋ, ਵਿਛੜੇ ਮੇਲੋ, ਟੁੱਟੇ ਗੰਢੋ, ਨਾਮ ਦਾ ਰਸ ਭੁੰਚੋ ਤੇ ਭੁੰਚਾਵੋ।"

ਇਹ ਕਹਿ ਕੇ ਭਾਈ ਗੜ੍ਹੀਆ ਜੀ ਨੂੰ ਗਲ ਲਾਇਆ ਤੇ ਥੈਲੀ ਕੋਲ ਰੱਖ ਆਖਿਆ : "ਅਖੁਟ ਖ਼ਜ਼ਾਨੇ, ਜੋ ਆਵੇ ਸਫ਼ਲਾ ਕਰੋ।" ਸੰਗਤਾਂ ਨੂੰ ਸੰਬੋਧਨ ਕਰਦੇ ਕਿਹਾ ਕਿ : ਭਾਈ ਗੜ੍ਹੀਆ ਕਰਣੀ ਦੀ ਮੂਰਤ ਹੈ। ਨਿੱਜ ਹਿੱਤ ਲਈ ਇਸ ਨੇ ਕਦੇ ਗੁਰੂ ਗੋਲਕ ਨਹੀਂ ਵਰਤੀ। ਲੋੜਵੰਦਾਂ ਨੂੰ ਵੰਡ ਆਏ ਹਨ। ਸਹੀ ਗੱਲ ਇਹ ਹੈ ਕਿ "ਮੈਂ ਹੀ ਉੱਥੇ ਕਸ਼ਮੀਰ ਵਿਚ ਸਾਂ। ਇਸ ਮੇਰੀ ਹੀ ਭੁੱਖ ਮਿਟਾਈ ਸੂ। ਮੈਨੂੰ ਹੀ ਪ੍ਰਸ਼ਾਦਿ ਕਰਾਇਆ ਸੂ। ਇਸ ਦੌਲਤ ਉੱਥੇ ਹੀ ਭੇਟ ਕਰ ਦਿੱਤੀ ਸੀ। ਇੱਥੇ ਤਾਂ ਕੇਵਲ ਰਸੀਦ ਲੈਣ ਆਇਆ ਹੈ। ਨਿਰਮਲ ਨਿਰਵੈਰ ਦੀ ਲਿਵ ਜੁੜੀ ਰਹਿੰਦੀ ਹੈ।

*'ਜੋ ਨਿਰਮਲ ਨਿਰਵੈਰ ਬਿਸਾਲਾ*
*ਜੁਰੇ ਰਹੈ ਤਿਹ ਸੋ ਸਭ ਕਾਲਾ।'*

ਯਾਦ ਰੱਖਣਾ ਕਿ ਦਿਨ-ਰਾਤ ਸਿਮਰਨ ਵਿਚ ਤਾਰੀ ਲਗਾਉਣ ਵਾਲੇ ਨੂੰ ਮਾਇਆ ਦੀ ਲਹਿਰ ਡੋਬ ਨਹੀਂ ਸਕਦੀ।

❑ ❑ ❑

# ਮਾਧੋ ਜੀ

ਪ੍ਰਸਿੱਧ ਇਤਿਹਾਸਕਾਰ ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਕੋਲੋਂ ਜਦੋਂ ਪੁੱਛਿਆ ਗਿਆ ਕਿ ਜੇ ਗੁਰੂ ਪਾਸ ਨਾ ਹੋਵੇ ਤਾਂ ਗੁਰੂ ਦਾ ਦੀਦਾਰ ਕਿਵੇਂ ਕਰੀਏ ਤਾਂ ਗੁਰੂ ਜੀ ਨੇ ਉੱਤਰ ਦਿੱਤਾ : "ਹਰ ਉਸ ਸਿੱਖ ਨੂੰ ਗੁਰੂ ਦਾ ਹੀ ਰੂਪ ਜਾਣੋ ਜੋ ਗੁਰੂ ਦਾ ਨਾਮ ਜਪਦਾ ਤੁਹਾਡੇ ਦਰਵਾਜ਼ੇ ਆਵੇ" (ਹਰ ਕਸ ਕਿ ਨਾਮ ਗੀਰਦ ਵ ਦਰ ਖ਼ਾਨਾਏ ਸਿਖੇ ਦਰ ਆਇਦ ਓਰਾ ਮਨੈਅ ਨਸ਼ਵਦ) (ਦਬਿਸਤਾਨੇ ਮਜ਼ਾਹਬ, ਪੰਨਾ 240) ਕੋਈ ਪੁਰਸ਼ ਵੀ ਮੁੱਖ ਵਿਚ ਗੁਰੂ ਦਾ ਨਾਂ ਬੋਲਦੇ ਜਦੋਂ ਸਿੱਖ ਦੇ ਘਰ ਆਂਵਦਾ, ਸਿੱਖ ਆਦਰ ਨਾਲ ਅੰਦਰ ਘਰ ਲੈ ਜਾਂਦੇ, ਪ੍ਰਸ਼ਾਦ ਛਕਾਂਦੇ, ਬਿਸਾਮ ਕਰਦੇ ਤੇ ਅਗਲੇ ਦਿਨ ਮੰਜ਼ਿਲ ਤੱਕ ਪਹੁੰਚਾ ਕੇ ਆਂਦੇ। ਐਸੇ ਹੀ ਸਨ ਭਾਈ ਮਾਧੋ ਜੀ ਜੋ ਸ੍ਰੀਨਗਰ ਦੇ ਰਹਿਣ ਵਾਲੇ ਸਨ।

ਭਾਈ ਮਾਧੋ ਜੀ ਕਸ਼ਮੀਰ ਵਿਚ ਹੀ ਰਹਿ ਗੁਰੂ ਹਰਿਗੋਬਿੰਦ ਜੀ ਦੀ ਮਹਿਮਾ ਸਿੱਖ ਸੰਗਤਾਂ ਨੂੰ ਸੁਣਾਂਦੇ ਰਹਿੰਦੇ। ਆਪ ਜੀ ਦਾ ਆਚਰਨ ਸਾਫ਼ ਤੇ ਸੁੱਚਾ ਸੀ। ਗੁਰੂ ਪਿਆਰ ਦੀ ਉਹ ਮੂਰਤ ਸਨ ਤੇ ਸਿੱਖ ਦੀ ਸੇਵਾ ਗੁਰੂ ਜਾਣ ਕੇ ਹੀ ਕਰਦੇ ਸਨ।

ਸਾਖੀ ਆਉਂਦੀ ਹੈ। ਭਾਈ ਮਾਧੋ ਜੀ ਦੇ ਘਰ ਇਕ ਚੋਰ ਜੋ ਪਹਿਲਾਂ ਹੀ ਕਈ ਵਿਉਂਤਾਂ ਬਣਾ ਕੇ ਉਨ੍ਹਾਂ ਦੇ ਘਰ ਆਇਆ ਸੀ ਪਰ ਕਦੀ ਚੋਰੀ ਕਰਨ ਵਿਚ ਸਫ਼ਲ ਨਹੀਂ ਸੀ ਹੋਇਆ। ਜਦ ਉਸ ਨੇ ਭਾਈ ਮਾਧੋ ਜੀ ਦਾ ਸਿੱਖਾਂ ਪ੍ਰਤੀ ਆਦਰ ਸਤਿਕਾਰ ਬਾਰੇ ਜਾਣਿਆ ਤਾਂ ਇਕ ਗੁਰਸਿੱਖ ਦਾ ਹੀ ਵੇਸ ਧਾਰ ਲਿਆ। ਗੁਰੂ ਗੁਰੂ ਜਪਦਾ ਉਹ ਭਾਈ ਮਾਧੋ ਦੇ ਘਰ ਆ ਗਿਆ। ਭਾਈ ਜੀ ਨੇ ਆਪਣੇ ਸੁਭਾਅ ਅਨੁਸਾਰ ਸਿੱਖ ਜਾਣ ਕੇ ਸੇਵਾ ਕੀਤੀ। ਉਨ੍ਹਾਂ ਦੀ ਧਰਮ ਪਤਨੀ ਨੇ ਵੀ ਸਿੱਖ ਲਈ ਰੋਟੀ ਪਕਾਈ ਤੇ ਨਿਮਰਤਾ ਨਾਲ ਹੱਥ ਜੋੜ ਪ੍ਰਸ਼ਾਦਾ ਛਕਾਇਆ।

ਭਾਈ ਮਾਧੋ ਜੀ ਦਾ ਸੁਭਾਅ ਹੀ ਐਸਾ ਸੀ। ਬਿਨਾਂ ਕਿਸੇ ਵਾਕਫ਼ੀ ਤੋਂ ਸਿੱਖ ਦੀ ਸੇਵਾ ਕਰਦੇ। ਸਮਾਂ ਹੀ ਐਸਾ ਸੀ ਸਿੱਖ ਸਿੱਖ ਨਾਲ ਭਰਾਵਾਂ ਤੋਂ ਵੱਧ ਕੇ ਪਿਆਰ ਕਰਦਾ ਸੀ। ਇਕ-ਦੂਜੇ ਦਾ ਦੁੱਖ-ਸੁੱਖ ਵੰਡਾਂਦਾ ਸੀ। ਹਰ ਕੋਈ ਦੂਜੇ ਦੀ ਮਦਦ ਕਰਨ ਨੂੰ ਤਿਆਰ ਖੜ੍ਹਾ ਸੀ। ਭਾਈ ਮਾਧੋ ਜੀ ਨੇ ਉਸ ਅੰਵਾਣ ਸਿੱਖ ਦੀ, ਭਾਵੇਂ ਉਹ ਬੁਰੇ ਇਰਾਦੇ ਨਾਲ ਆਇਆ ਸੀ, ਬੜੀ ਸੇਵਾ ਕੀਤੀ। ਪਹਿਨਣ ਨੂੰ ਕੱਪੜਾ ਦਿੱਤਾ, ਪ੍ਰਸ਼ਾਦਾ ਛਕਾ ਉਸਦੇ ਸੌਣ ਦਾ ਪ੍ਰਬੰਧ ਵੀ ਕੀਤਾ। ਪ੍ਰਾਹੁਣਾ ਜੋ ਆਪਣੇ ਭੈੜੇ ਮਨਸੂਬੇ ਬਣਾ ਕੇ ਆਇਆ ਸੀ, ਚੋਰੀ ਕਰਨ ਲਈ ਰਾਤੀਂ ਉਠਿਆ ਵੀ ਪਰ ਬਥੇਰਾ ਜ਼ੋਰ ਲਗਾਉਣ ਦੇ ਬਾਵਜੂਦ ਵੀ ਦਰਵਾਜ਼ਾ ਨਾ ਖੋਲ੍ਹ ਸਕਿਆ ਤੇ ਇਸੇ ਕੋਸ਼ਿਸ਼ ਵਿਚ ਰਾਤ ਬੀਤ ਗਈ। ਸਵੇਰ ਤੜਕ ਸਾਰ ਹੀ ਗੁਰੂ ਦੇ ਨਾਮੀਂ



www.sikhbookclub.com

ਬੰਦੇ ਉਠ ਖਲੋਂਦੇ ਸਨ। ਅੰਮ੍ਰਿਤ ਵੇਲਾ ਕਦੇ ਨਹੀਂ ਖੁਝਾਂਦੇ। ਦੋਵੇਂ ਦੰਪਤੀ ਗੁਰਬਾਣੀ ਪ੍ਰੇਮੀ ਸਵੇਰੇ ਆਪਣੇ ਸੁਭਾਅ ਮੁਤਾਬਿਕ ਉਠ ਖਲੋਤੇ ਤੇ ਚੋਰ ਭੱਜ ਕੇ ਆਪਣੀ ਜਗ੍ਹਾ 'ਤੇ ਸੌਂ ਗਿਆ।

ਅੰਮ੍ਰਿਤ ਵੇਲਾ ਸੱਚਮੁੱਚ ਹੀ ਬੜਾ ਸ਼ਾਂਤ ਤੇ ਅਨੰਦਮਈ ਹੁੰਦਾ ਹੈ ਪਰ ਜਦ ਭਾਈ ਮਾਧੋ ਜੀ ਦੀ ਘਰਵਾਲੀ ਨੇ ਦੇਖਿਆ ਜੋ ਗੁਰੂ ਦਾ ਸਿੱਖ ਸਾਡੇ ਘਰ ਆਇਆ ਹੈ ਉਹ ਅੰਮ੍ਰਿਤ ਵੇਲੇ ਵੀ ਸੁੱਤਾ ਪਿਆ ਹੈ ਤਾਂ ਉਸ ਦੇ ਮਨ ਵਿਚ ਕੁਝ ਸ਼ੰਕਾ ਉਪਜੀ ਕਿਉਂਕਿ ਗੁਰੂ ਦੇ ਸਿੱਖ ਆਪਣੇ ਨੇਮ ਦੇ ਪੱਕੇ ਹਨ, ਕਦੀ ਅੰਮ੍ਰਿਤ ਵੇਲਾ ਨਹੀਂ ਖੁਝਾਂਦੇ। ਚਾਹੇ ਕਿੰਨੀ ਵੀ ਥਕਾਨ ਹੋਵੇ ਪਰ ਰੋਜ਼ ਦਾ ਨੇਮ ਕਦੇ ਨਹੀਂ ਭੁੱਲਦੇ। ਇਹ ਕੈਸਾ ਸਿੱਖ ਹੈ ? ਮਤੇ ਇਹ ਸਿੱਖ ਹੋਵੇ ਹੀ ਨਾ। ਇਸ ਤਰ੍ਹਾਂ ਦੇ ਕਈ ਖ਼ਿਆਲ ਉਸ ਦੇ ਮਨ ਵਿਚ ਆਏ। ਜਦ ਭਾਈ ਮਾਧੋ ਕੋਲੋਂ ਪੁੱਛਿਆ ਤਾਂ ਉਸ ਆਖਿਆ ਕਿ ਗੁਰੂ ਦੇ ਪਿਆਰਿਆਂ ਵਾਸਤੇ ਮਨ ਵਿਚ ਸੰਸਾ ਨਹੀਂ ਲਿਆਣੀ ਚਾਹੀਦੀ। ਥੱਕ ਗਿਆ ਹੋਵੇਗਾ। ਅਸੀਂ ਤਾਂ ਉਹੀ ਕਰਨਾ ਹੈ ਜੋ ਉਸ ਅਕਾਲ ਪੁਰਖ ਨੇ ਕਰਵਾਉਣਾ ਹੈ। ਅਸੀਂ ਸਿੱਖ ਜਾਣ ਹੀ ਸੇਵਾ ਕਰਨੀ ਹੈ।

ਦਿਨ ਚੜ੍ਹ ਆਇਆ ਸੀ ਜਦ ਚੋਰ ਦੀ ਜਾਗ ਖੁੱਲ੍ਹੀ। ਉਹ ਘਬਰਾਇਆ ਹੋਇਆ ਭਾਈ ਮਾਧੋ ਜੀ ਕੋਲ ਗਿਆ ਤੇ ਜਾਣ ਵਾਸਤੇ ਆਗਿਆ ਮੰਗੀ, ਪਰ ਭਾਈ ਮਾਧੋ ਜੀ ਨੇ ਆਖਿਆ : 'ਅੱਜ ਦਾ ਦਿਨ ਜ਼ਰੂਰ ਟਿਕੋ। ਕੱਲ੍ਹ ਤੁਸੀਂ ਥੱਕੇ ਹੋਏ ਆਏ ਸੀ ਤੇ ਅਸੀਂ ਤੁਹਾਡੀ ਕੁਝ ਸੇਵਾ ਟਹਿਲ ਨਹੀਂ ਕਰ ਸਕੇ।' ਉਸ ਪ੍ਰਾਹੁਣੇ ਨੂੰ ਰੋਕ ਆਪ ਘਰੋਂ ਚਲੇ ਗਏ ਤਾਂ ਕਿ ਸਿੱਖ ਲਈ ਵਧੀਆ ਖਾਣ ਦੀਆਂ ਚੀਜ਼ਾਂ ਲਿਆਈਆਂ ਜਾਣ। ਪਰ ਉਸ ਚੋਰ ਨੇ ਆਪਣੀ ਉਕਾਤ ਦਿਖਾ ਦਿੱਤੀ। ਉਸ ਮਾਧੋ ਜੀ ਦੀ ਧਰਮ ਪਤਨੀ ਨੂੰ ਘਰ ਇਕੱਲਿਆਂ ਤੇ ਗਹਿਣਿਆਂ ਨਾਲ ਲੱਦਿਆ ਜਾਣ ਜਾਨੋਂ ਹੀ ਮਾਰ ਦਿੱਤਾ ਤੇ ਗਹਿਣੇ ਉਤਾਰ ਲਏ ਅਤੇ ਘਰ ਦਾ ਕੀਮਤੀ ਸਾਮਾਨ ਹੀਰੇ ਆਦਿ ਲੈ ਕੇ ਘਰੋਂ ਬਾਹਰ ਨਿਕਲ ਗਿਆ। ਰਾਹ ਵਿਚ ਹੀ ਭਾਈ ਮਾਧੋ ਜੀ ਉਸ ਨੂੰ ਮਿਲ ਗਏ। ਭਾਈ ਮਾਧੋ ਜੀ ਉਸ ਨੂੰ ਮਜਬੂਰ ਕਰਕੇ ਘਰ ਲੈ ਆਏ ਕਿ ਬਗ਼ੈਰ ਖਾਧੇ ਘਰੋਂ ਨਹੀਂ ਜਾਣ ਦੇਣਾ।

ਜਦ ਭਾਈ ਜੀ ਵਾਪਸ ਉਸ ਚੋਰ ਸਮੇਤ ਘਰ ਮੁੜੇ ਤਾਂ ਘਰਵਾਲੀ ਨੂੰ ਕਤਲ ਹੋਇਆ ਪਾਇਆ। ਭਾਈ ਜੀ ਨੇ ਚੋਰ ਵੱਲ ਤੱਕਿਆ ਤੇ ਚੋਰ ਇਹ ਜਾਣ ਗਿਆ ਕਿ ਭਾਈ ਜੀ ਨੂੰ ਸਭ ਕੁਝ ਪਤਾ ਲੱਗ ਗਿਆ ਹੈ। ਉਸ ਨੇ ਸਾਰਾ ਕੁਝ ਸੱਚੋ ਸੱਚ ਦੱਸ ਦਿੱਤਾ। ਸਿੱਖ ਨੇ ਕਿਹਾ : "ਸਭ ਉਸ ਵਾਹਿਗੁਰੂ ਦੀ ਆਗਿਆ ਅਨੁਸਾਰ ਹੋਇਆ ਹੈ, ਕਿਸੇ ਦਾ ਉਸ ਅੱਗੇ ਜ਼ੋਰ ਨਹੀਂ, ਗੁਰੂ ਦਾ ਭਾਣਾ ਹੀ ਇਸ ਤਰ੍ਹਾਂ ਸੀ।" ਭਾਈ ਜੀ ਨੇ ਆਪ ਖਾਣਾ ਬਣਾ ਕੇ ਖਵਾਇਆ ਤੇ ਆਪ ਖਾਧਾ ਤੇ ਗਹਿਣਿਆਂ ਦੀ ਪੋਟਲੀ ਦੇ ਕੇ ਉਸ ਨੂੰ ਬਾਹਰ ਕੱਢਿਆ। ਉਸ ਮਗਰੋਂ ਘਰਵਾਲੀ ਦਾ ਸਸਕਾਰ ਕੀਤਾ।

ਚੋਰ ਉੱਥੋਂ ਚਲਾ ਤਾਂ ਗਿਆ ਪਰ ਪਾਗਲਾਂ ਦੀ ਨਿਆਈਂ ਪਛਤਾਵੇ ਦੀ ਅੱਗ ਵਿਚ ਜਲਦਾ ਫਿਰਦਾ ਰਿਹਾ। ਜਿਹੜਾ ਟੋਕਾ ਉਸ ਨੇਕ ਸੁਸ਼ੀਲ ਔਰਤ 'ਤੇ ਮਾਰਿਆ ਸੀ ਉਹ ਆਪਣੇ ਵਿਚ ਖੁੱਭਾ ਮਹਿਸੂਸ ਕਰਦਾ ਤੇ ਤੜਫੀ ਜਾਂਦਾ ਪਰ ਕੋਈ ਰਾਹ ਨਹੀਂ ਸੀ ਲੱਭ ਰਿਹਾ।

ਗੁਰੂ ਹਰਿਗੋਬਿੰਦ ਜੀ ਦੇ ਚਰਨਾਂ ਵਿਚ ਆਇਆ ਤੇ ਆਪਣੀ ਕਰਤੂਤ ਦੱਸੀ। ਭੁੱਲ ਮੁਆਫ਼ ਕਰਨ ਲਈ ਤਰਲਾ ਕੀਤਾ। ਗੁਰੂ ਹਰਿਗੋਬਿੰਦ ਜੀ ਵੀ ਭਾਈ ਮਾਧੋ ਦੀ ਕਰਨੀ ਸੁਣ ਦੇਖ ਬੋਲ ਉਠੇ : "ਧਨ ਗੁਰੂ ਨਾਨਕ, ਧਨ ਸਿੱਖੀ, ਧਨ ਭਾਈ ਮਾਧੋ, ਧਨ ਉਸਦੀ ਅਰਧਾਂਗਨੀ ਹੈ, ਸਿਦਕ ਵਾਲੀ ਪੁੱਤਰੀ, ਨਿਹਾਲ, ਕਲਿਆਣ, ਤੇਰਾ ਗੁਰ ਚਰਨਾਂ ਵਿਚ ਵਾਸਾ।'

ਕਸ਼ਮੀਰ ਪੁੱਜ ਭਾਈ ਮਾਧੋ ਜੀ ਨੂੰ ਆਪਣੇ ਗਲ ਨਾਲ ਲਗਾਇਆ ਤੇ ਆਖਿਆ : "ਧਨ ਸਿੱਖੀ, ਤੂੰ ਸਿਦਕ ਨਿਭਾਇਆ, ਸਿੱਖ ਨੂੰ ਮੇਰਾ ਰੂਪ ਜਾਤਾ, ਨਿਹਾਲ! ਨਿਹਾਲ!!"

ਭਾਈ ਮਾਧੋ ਜੀ ਨੇ ਹੋਰ ਨਿੰਮਰ ਭਾਵ ਵਿਚ ਆ ਕੇ ਕਿਹਾ : "ਮੈਂ ਸੱਚੇ ਪਾਤਸ਼ਾਹ ਉਹ ਹੀ ਕੀਤਾ ਜੋ ਤੁਸਾਂ ਕਰਵਾਇਆ। ਮੇਰੀ ਕੀ ਔਕਾਤ ਹੈ?" ਭਾਈ ਜੀ ਨੇ ਚੋਰ ਨੂੰ ਵੀ ਧੀਰਜ ਦਿੱਤਾ ਤੇ ਬਾਅਦ ਵਿਚ ਉਹ ਉਪਕਾਰੀ ਸਿੱਖ ਬਣਿਆ। ਭਾਈ ਗੁਰਦਾਸ ਜੀ ਨੇ ਤਾਂ ਹੀ ਲਿਖਿਆ :

*"ਗੁਣ ਕੀਏ ਗੁਣ ਸਭ ਕੋਊ ਕਰੈ ਕਿਰਪਾ ਨਿਧਾਨ*
*ਅਵਗੁਣ ਕੀਏ ਗੁਣ ਤੇਹਿ ਬਣ ਆਇਓ ਹੈ।"*

❑ ❑ ❑

# ਭਾਈ ਸਾਧ ਜੀ

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖੀ ਦਾ ਪ੍ਰਚਾਰ ਚਾਰੇ ਪਾਸੇ ਫ਼ੈਲ ਚੁੱਕਾ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਸਿੱਖ ਅਸਥਾਨ ਸਭ ਜਗਤ ਦੇ, 'ਨਾਨਕ ਆਦਿ ਮਤੇ ਜੇ ਕੋਆ' ਗੁਰੂ ਅੰਗਦ ਦੇਵ ਜੀ ਨੇ ਟਿੱਕ ਕੇ, ਗੁਰੂ ਅਮਰਦਾਸ ਜੀ ਨੇ ਮੰਜੀਆਂ ਅਸਥਾਪ ਕੇ, ਗੁਰੂ ਰਾਮਦਾਸ ਜੀ ਨੇ ਵਿਦਵਾਨ ਮਸੰਦ ਭੇਜ ਕੇ, ਗੁਰੂ ਅਰਜਨ ਦੇਵ ਜੀ ਨੇ ਆਪੂੰ ਜਾ ਕੇ ਸਿੱਖੀ ਫ਼ੈਲਾਈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਸਿੱਖੀ ਬੜੀ ਜ਼ੋਰਾਂ ਨਾਲ ਫ਼ੈਲ ਰਹੀ ਸੀ। ਸਿੱਖ ਸੈਂਕੜੇ ਬਣੇ ਨਵੀਨ ਦੀ ਗਵਾਹੀ ਸਿੱਖ ਇਤਿਹਾਸ ਨੇ ਭੋਰੀ ਹੈ। ਫ਼ਰਜ਼ ਦੀ ਪਾਲਣਾ, ਸਿੱਖੀ ਉੱਤੇ ਪੂਰੇ ਉਤਰਨ ਦੀ ਕਾਮਨਾ, ਗੁਰੂ ਦੇ ਕਹੇ ਵਚਨਾਂ 'ਤੇ ਬਿਨਾਂ ਕਿੰਤੂ ਤੱਕ ਜੁਰਅੱਤ ਦੇ ਇਹ ਪ੍ਰਗਟਾਵੇ ਸਿੱਖਾਂ ਵਿਚ ਹੋ ਰਹੇ ਸਨ। ਇੱਕ ਤੋਂ ਇੱਕ ਵੱਧ ਚੜ੍ਹ ਕੇ ਗੁਰੂ ਦੇ ਸਿੱਖ ਸਿੱਖੀ ਸ਼ਾਨ ਨੂੰ ਵਧਾ ਰਹੇ ਸਨ।

ਗੁਰੂ ਦੇ ਸਿੱਖ ਜਿਸ ਅਸਥਾਨ 'ਤੇ ਵੀ ਬੈਠੇ ਸਨ ਗੁਰੂ ਦੇ ਕਹੇ ਅਨੁਸਾਰ ਹੀ ਕਰਦੇ ਸਨ। ਸੇਵਾ ਟਹਿਲ ਵਿਚ ਰਤਾ ਭਰ ਕਸਰ ਨਹੀਂ ਸਨ ਰੱਖਦੇ। ਬੜੀ ਸ਼ਰਧਾ ਨਾਲ ਵਾਹਿਗੁਰੂ ਦਾ ਨਾਮ ਲੈਂਦੇ। ਹਰ ਇਕ ਨਾਲ ਮਿੱਠੇ ਬਚਨ ਬੋਲਦੇ। ਸਭ ਕੁਝ ਵਾਹਿਗੁਰੂ ਦਾ ਹੀ ਦਿੱਤਾ ਮੰਨਦੇ। ਪੁੱਤਰ, ਦੌਲਤ, ਘਰ-ਬਾਹਰ ਸਭ ਕੁਝ ਉਸ ਵਾਹਿਗੁਰੂ ਦਾ ਸਮਝਦੇ। ਹਉਮੈ ਦਾ ਅਭਾਵ ਸੀ। ਐਸੇ ਸਿੱਖ ਮਿਸਾਲ ਰੂਪ ਹਨ ਜੋ ਅੱਜ ਵੀ ਅਗਵਾਈ ਕਰ ਰਹੇ ਹਨ।

ਜਿਨ੍ਹਾਂ ਗੁਰੂ ਦੇ ਕਹੇ ਵਚਨਾਂ ਦੀ ਪਾਲਣਾ ਆਪਣੇ ਘਰ-ਪੁੱਤਰ ਤੋਂ ਵੱਧ ਚੜ੍ਹ ਕੇ ਕੀਤੀ, ਐਸੇ ਗੁਰਸਿੱਖਾਂ ਤੋਂ ਗੁਰੂ ਵੀ ਬਲਿਹਾਰੀ ਜਾਂਦੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਕਾਬਲ ਵਿਚ ਸਿੱਖ ਧਰਮ ਦਾ ਬਹੁਤ ਪ੍ਰਚਾਰ ਹੋਇਆ। ਇਸ ਸ਼ਹਿਰ ਵਿਚ ਕਈ ਸਿੱਖ ਧਰਮਸ਼ਾਲਾਂ ਬਣੀਆਂ। ਇਸੇ ਕਾਬਲ ਸ਼ਹਿਰ ਦੇ ਭਾਈ ਸਾਧ ਜੀ ਰਹਿਣ ਵਾਲੇ ਸੀ। ਭਾਈ ਸਾਧ ਜੀ ਦਾ ਜ਼ਿਕਰ ਮੁਹਸਨ ਫ਼ਾਨੀ ਨੇ ਵੀ ਕੀਤਾ ਹੈ। ਗੁਰੂ ਜੀ ਦੇ ਹੁਕਮ ਨੂੰ ਹਮੇਸ਼ਾ ਫੁੱਲ ਚਾੜ੍ਹਨ ਲਈ ਤਤਪਰ ਰਹਿੰਦੇ। ਗੁਰੂ ਜੀ ਦੇ ਹੁਕਮ ਅੱਗੇ ਸਿਰ ਝੁਕਾਈ ਰੱਖਿਆ। ਮੋੜਿਆ ਨਹੀਂ, ਸਦਾ ਪ੍ਰਵਾਨ ਚੜ੍ਹਾਇਆ।

ਭਾਈ ਸਾਧ ਜੀ ਦੀ ਪਤਨੀ ਨੇ ਵੀ ਭਾਈ ਸਾਧ ਜੀ ਵਾਲਾ ਸੁਭਾਅ ਪਾਇਆ ਹੋਇਆ ਸੀ। ਸਾਧ ਜੀ ਦੀ ਧਰਮ ਪਤਨੀ ਦਾ ਵੀ ਗੁਰੂ ਘਰ ਨਾਲ ਬੜਾ ਪਿਆਰ ਸੀ। ਗੁਰੂ ਨੇ ਇਨ੍ਹਾਂ ਦੇ ਘਰ ਇਕ ਸੁੰਦਰ ਬੇਟੇ ਦੀ ਦਾਤ ਦਿੱਤੀ ਸੀ। ਉਹ ਵੀ ਆਪਣੇ ਮਾਂ-ਬਾਪ ਦੀ ਤਰ੍ਹਾਂ ਬੜਾ ਪਰਉਪਕਾਰੀ ਤੇ ਸਿੱਖ ਧਰਮ ਵਿਚ ਵਿਸ਼ਵਾਸ ਰੱਖਣ ਵਾਲਾ ਸੀ। ਅਸਲ ਵਿਚ ਸਾਰਾ ਪਰਿਵਾਰ ਹੀ ਰੱਬ ਤੋਂ ਡਰਨ ਵਾਲਾ ਤੇ

ਗੁਰੂ ਨਾਲ ਅਥਾਹ ਪਿਆਰ ਰੱਖਣ ਵਾਲਾ ਸੀ। ਸਾਰੇ ਪਰਿਵਾਰ ਉੱਤੇ ਗੁਰੂ ਜੀ ਦੀ ਮਿਹਰ ਸੀ। ਹਰ ਆਏ ਗਏ ਦੀ ਗੁਰੂ ਦਾ ਸਿੱਖ ਜਾਣ ਬੜੀ ਸ਼ਰਧਾ ਨਾਲ ਸੇਵਾ ਕਰਦੇ। ਗੁਰੂ ਦੀ ਬਾਣੀ ਦਾ ਪਾਠ ਹਮੇਸ਼ਾ ਕਰਦੇ ਰਹਿੰਦੇ। ਚਾਹੇ ਘਰ ਵਿਚ ਗੁਰੂ ਦਾ ਦਿੱਤਾ ਸਭ ਕੁਝ ਸੀ ਪਰ ਦੌਲਤ ਦਾ ਵੱਡਾ ਹਿੱਸਾ ਆਏ ਗਏ 'ਤੇ ਖ਼ਰਚ ਕਰ ਆਖਦੇ ਕਿ ਗੁਰੂ ਦੀ ਦਿੱਤੀ ਦੌਲਤ ਗੁਰੂ ਦੇ ਸਿੱਖਾਂ ਨੂੰ ਹੀ ਖੁਆ ਰਹੇ ਹਾਂ। ਹੱਥੀਂ ਘਰ ਵਾਲੀ ਪ੍ਰਸ਼ਾਦਾ ਤਿਆਰ ਕਰਦੀ। ਬੇਟਾ ਤੇ ਸਾਧ ਜੀ ਆਏ ਗਏ ਨੂੰ ਖਵਾ ਪ੍ਰਸੰਨ ਹੁੰਦੇ। ਘਰ ਬੈਕੁੰਠ ਸੀ। ਐਨਾ ਕੁਝ ਹੁੰਦਿਆਂ ਹੰਕਾਰ ਨੇੜੇ ਨਹੀਂ ਸੀ ਆਇਆ। ਹਰ ਰੋਜ਼ ਸ਼ਾਮ ਦਾ ਦੀਵਾਨ ਉਨ੍ਹਾਂ ਦੇ ਹੀ ਘਰ ਹੁੰਦਾ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤ ਨੂੰ ਵਿਦਿਆ ਕਰ ਰਹੇ ਸਨ ਕਿ ਅਚਾਨਕ ਇਕ ਸਿੱਖ ਸੇਵਕ ਘਰ ਪੁੱਛਦੇ ਆਏ। ਗੁਰੂ ਹਰਿਗੋਬਿੰਦ ਜੀ ਦਾ ਸੁਨੇਹਾ ਲੈ ਕੇ ਆਇਆ ਸੀ। ਅੰਮ੍ਰਿਤਸਰ ਤੋਂ ਆ ਗਿਆ ਸੁਣ ਘਰ ਵਿਚ ਸਭ ਨੂੰ ਬੜਾ ਹੀ ਚਾਅ ਚੜ੍ਹਿਆ। ਲੋਕੀਂ ਇਹ ਦੇਖ ਹੈਰਾਨ ਰਹਿ ਗਏ ਕਿ ਕਿਸ ਤਰ੍ਹਾਂ ਭਾਈ ਸਾਧ ਜੀ ਬਿਨਾਂ ਕੁਝ ਪੁੱਛੇ ਉਨ੍ਹਾਂ ਦੀ ਸੇਵਾ ਵਿਚ ਜੁੱਟ ਗਏ। ਬੱਸ ਏਨਾ ਉਨ੍ਹਾਂ ਜਾਣਿਆ ਇਹ ਜੋ ਸਿੱਖ ਆਏ ਹਨ ਗੁਰੂ ਦਾ ਰੂਪ ਹਨ। ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਗੁਰੂ ਦਾ ਨਾਂ ਲੈ ਕੇ ਕੋਈ ਆਵੇ ਸਿੱਖ ਘਰ ਦੇ ਦਰਵਾਜ਼ੇ ਖੋਲ੍ਹ ਦੇਂਦੇ ਸਨ। ਉਨ੍ਹਾਂ ਆਏ ਸਿੱਖਾਂ ਨੇ ਸੁਨੇਹਾ ਦਿੱਤਾ ਤਾਂ ਸਾਧ ਜੀ ਆਖਣ ਲੱਗੇ : "ਇਹ ਤਾਂ ਸਾਡੇ ਧਨ ਭਾਗ ਹਨ ਕਿ ਸਾਡੇ ਵਰਗੇ ਪਾਪੀ ਨੂੰ ਗੁਰੂ ਜੀ ਨੇ ਯਾਦ ਕੀਤਾ ਹੈ। ਇਸ ਤੋਂ ਵੱਡੇ ਹੋਰ ਕੀ ਕਰਮ ਹੋ ਸਕਦੇ ਹਨ?"

ਬੜੇ ਆਦਰ ਮਾਣ ਨਾਲ ਉਸ ਸਿੱਖ ਨੂੰ ਬਿਠਾਇਆ। ਬੀਬੀ ਪਿਆਰੀ ਪੱਖਾ ਝੁਲਣ ਲੱਗ ਪਈ। ਭਾਈ ਸਾਧ ਜੀ ਨੇ ਪਾਣੀ ਗਰਮ ਕਰਕੇ ਉਸ ਗੁਰੂ ਸੇਵਕ ਦੇ ਪੈਰ ਧੁਲਾਏ। ਨਾਲੇ ਪੈਰ ਦਬਾਈ ਜਾਣ ਨਾਲੇ ਧੰਨ ਧੰਨ ਗੁਰੂ ਆਖੀ ਜਾਣ। ਐਨੇ ਵਿਚ ਬੀਬੀ ਦੁੱਧ ਦਾ ਭਰਿਆ ਕਟੋਰਾ ਲੈ ਆਈ ਤੇ ਬੜੇ ਹੀ ਆਦਰ ਮਾਣ ਨਾਲ ਪੀਣ ਲਈ ਆਖਣ ਲੱਗੀ। ਐਨੀ ਨਿਮਰਤਾ, ਏਨਾ ਸਿਦਕ, ਇੰਨਾ ਗੁਰੂ ਦਾ ਵਿਸ਼ਵਾਸ ਦੇਖ ਉਸ ਗੁਰੂ ਸੇਵਕ ਨੂੰ ਆਪਣੇ ਪੈਂਡੇ ਦੇ ਕੋਹ ਭੁੱਲ ਗਏ ਤੇ ਅੱਖਾਂ ਵਿਚ ਸ਼ਰਧਾ ਦੇ ਅੱਥਰੂ ਆ ਗਏ ਤੇ ਆਖਣ ਲੱਗਾ : "ਭਾਈ ਜੀ, ਤੁਸੀਂ ਏਨੀ ਸੇਵਾ ਕੀਤੀ, ਐਸਾ ਕਸ਼ਟ ਉਠਾਇਆ, ਮੈਂ ਤਾਂ ਗੁਰੂ ਦਾ ਕੇਵਲ ਇਕ ਨਿਮਾਣਾ ਜਿਹਾ ਸੇਵਕ ਹਾਂ, ਗੁਰੂ ਦਾ ਸੁਨੇਹਾ ਲੈ ਕੇ ਆਇਆ ਹਾਂ। ਤੁਸੀਂ ਏਨੀ ਖ਼ਾਤਿਰ ਕੀਤੀ ਹੈ ਕਿ ਇਕ ਸੇਵਕ ਨੂੰ ਸਿਰ 'ਤੇ ਬਿਠਾਇਆ ਹੈ। ਮੇਰੇ ਕੋਲੋਂ ਪਹਿਲਾਂ ਗੁਰੂ ਦਾ ਸੁਨੇਹਾ ਲੈ ਲਵੋ ਫਿਰ ਮੈਨੂੰ ਖਾਣ-ਪੀਣ ਨੂੰ ਦੇਣਾ।"

ਇਹ ਸਭ ਕੁਝ ਸੁਣ ਭਾਈ ਸਾਧ ਜੀ ਨੇ ਕਿਹਾ : "ਤੁਸੀਂ ਇਹ ਕਿੰਝ ਜਾਣ ਲਿਆ ਕਿ ਅਸੀਂ ਤੁਹਾਡੀ ਸੇਵਾ ਬਹੁਤ ਕਰ ਰਹੇ ਹਾਂ। ਤੁਸੀਂ ਤਾਂ ਇਸ ਤੋਂ ਵੱਧ ਦੇ ਹੱਕਦਾਰ ਹੋ। ਜੋ ਸਤਿਗੁਰੂ ਦਾ ਸਿੱਖ ਹੈ, ਸਤਿਗੁਰੂ ਦੇ ਨੇੜੇ ਰਹਿੰਦਾ ਹੈ, ਉਸ ਦੇ ਤੇ ਵੱਡੇ ਕਰਮ ਹਨ। ਚਾਹੇ ਅੰਗ ਸੰਗ ਹੈ ਪਰ ਤੁਸੀਂ ਤਾਂ ਉਨ੍ਹਾਂ ਦੇ ਕੋਲ ਹੋ।

ਫਿਰ ਤੁਸੀਂ ਆਪਣੇ ਆਪ ਨੂੰ ਨੀਵਾਂ ਕਹਿ ਰਹੇ ਹੋ। ਸਿੱਖ ਦੀ ਸੇਵਾ ਟਹਿਲ ਕਰਮਾਂ ਨਾਲ ਮਿਲਦੀ ਹੈ। ਇਹ ਸਭ ਵਾਹਿਗੁਰੂ ਦਾ ਹੀ ਤੇ ਦਿੱਤਾ ਹੋਇਆ ਹੈ। ਸੋ ਇਸ ਕਾਰਨ ਸਾਡੀ ਸੇਵਾ ਕਬੂਲ ਕਰਦੇ ਕੁਝ ਖਾ ਪੀ ਲਵੋ।" ਉਸ ਸੇਵਕ ਨੇ ਧੰਨ ਸਿੱਖੀ, ਧੰਨ ਵਾਹਿਗੁਰੂ ਆਖ ਕੇ ਦੁੱਧ ਦਾ ਕਟੋਰਾ ਪੀਤਾ।

ਸੇਵਕ ਨੇ ਦੱਸਿਆ ਕਿ ਗੁਰੂ ਹਰਿਗੋਬਿੰਦ ਜੀ ਨੇ ਇਰਾਕ ਤੋਂ ਘੋੜਾ ਲਿਆਉਣ ਲਈ ਆਖਿਆ ਹੈ। ਘੋੜੇ ਦੀ ਬੜੀ ਪਰਖ ਸੀ ਭਾਈ ਸਾਧ ਜੀ ਨੂੰ। ਗੁਰੂ ਦਾ ਹੁਕਮ ਪਾ ਕੇ ਹੀ ਉਹ ਇਰਾਕ ਵੱਲ ਤੁਰ ਪਿਆ। ਜਿਸ ਤਰ੍ਹਾਂ ਹੁਕਮ ਦੀ ਪਾਲਣਾ ਕੀਤੀ ਉਸ ਦਾ ਜ਼ਿਕਰ ਸਾਡੇ ਇਤਿਹਾਸ ਵਿਚ ਉਚੇਚੇ ਤੌਰ 'ਤੇ ਕੀਤਾ ਗਿਆ ਹੈ। ਐਸੀ ਮਿਸਾਲ ਮਿਲਣੀ ਮੁਸ਼ਕਿਲ ਹੈ। ਉਸੇ ਪਲ ਪਾਲਣਾ ਕੀਤੀ, ਘਰ ਵਾਲੀ ਨੂੰ ਸਿਰਫ਼ ਜਾਣ ਬਾਰੇ ਫ਼ੈਸਲਾ ਸੁਣਾਇਆ। ਪੁੱਤਰ ਨੂੰ ਗਲ ਨਾਲ ਲਗਾ ਪਿਆਰ ਕੀਤਾ। ਅੱਗੋ ਯਾਤਰਾ ਲੰਮੇਰੀ ਹੁੰਦੀ ਸੀ। ਘਰ ਤੋਂ ਕਾਫ਼ੀ ਦਿਨ ਦੂਰ ਰਹਿਣਾ ਹੁੰਦਾ ਸੀ। ਸੁਖ ਸਾਂਦ ਘੱਟ ਹੀ ਮਿਲਦੀ ਸੀ। ਪਰ ਸਾਧ ਜੀ ਨੂੰ ਕੁਝ ਸੁਝਿਆ ਨਹੀਂ, ਕੇਵਲ ਗੁਰੂ ਦਾ ਹੁਕਮ ਹੀ ਸੁਣਾਈ ਦਿੱਤਾ। ਅਜੇ ਉਹ ਥੋੜ੍ਹੀ ਦੂਰ ਇਕ ਪੜਾਉ ਹੀ ਗਏ ਸਨ ਕਿ ਘਰੋਂ ਖ਼ਬਰ ਲੈ ਕੇ ਇਕ ਆਦਮੀ ਆਇਆ ਕਿ ਤੇਰਾ ਪੁੱਤਰ ਸਖ਼ਤ ਬੀਮਾਰ ਹੋ ਗਿਆ ਹੈ, ਵਾਪਸ ਮੁੜ। ਅਜੇ ਤੂੰ ਘਰ ਤੋਂ ਬਹੁਤੀ ਦੂਰ ਨਹੀਂ, ਲੜਕੇ ਦੀ ਦੇਖ ਭਾਲ ਕਰ, ਯਾਤਰਾ ਫਿਰ ਆਰੰਭ ਕਰ ਲਵੀਂ।

ਇਹ ਸੁਣ ਭਾਈ ਸਾਧ ਜੀ ਨੇ ਕਿਹਾ : "ਭਾਈ ਮੈਂ ਹੁਣ ਗੁਰੂ ਦੇ ਹੁਕਮ ਵੱਲ ਮੂੰਹ ਕਰਕੇ ਚੱਲ ਪਿਆ ਹਾਂ, ਪੁੱਤਰ ਦੇ ਸਿਰ 'ਤੇ ਵੀ ਹੁਣ ਵਾਹਿਗੁਰੂ ਦਾ ਹੱਥ ਹੈ, ਸਭ ਗੁਰੂ ਅਨੁਸਾਰ ਹੀ ਹੋਵੇਗਾ। ਜਿੰਨੀ ਉਮਰ ਉਸ ਦੀ ਹੈ ਉਸ ਉਤਨੀ ਹੀ ਭੋਗਣੀ ਹੈ। ਉਸ ਦਾ ਤਾਂ ਜਨਮ ਸਫ਼ਲ ਹੋ ਹੀ ਗਿਆ ਹੈ। ਉਸ ਸਿੱਖ ਦੇ ਘਰ ਜਨਮ ਲਿਆ ਹੈ। ਉਹ ਤਾਂ ਗੁਰੂ ਦਾ ਹੀ ਸੇਵਕ ਹੈ। ਅਸੀਂ ਵੀ ਗੁਰੂ ਦੇ ਸੇਵਕ ਹਾਂ। ਉਸ ਅਨੁਸਾਰ ਹੀ ਕਰ ਰਹੇ ਹਾਂ। ਉਸ ਦੀ ਪਾਲਣਾ ਵਾਹਿਗੁਰੂ ਨੇ ਕਿਵੇਂ ਕਰਨੀ ਹੈ, ਉਹੀ ਜਾਣੇ। ਜੇ ਬੱਚ ਗਿਆ ਗੁਰੂ ਦੀ ਹੀ ਸੇਵਾ ਕਰਨੀ ਸੂ ਤੇ ਆਪਣਾ ਜੀਵਨ ਸਫ਼ਲਾ ਕਰਨਾ ਸੂ। ਜੇ ਉਹ ਮਰ ਗਿਆ ਤਾਂ ਘਰ ਵਿਚ ਲੱਕੜਾਂ ਬਹੁਤ ਹਨ, ਤੁਸੀਂ ਉਸ ਦਾ ਸਸਕਾਰ ਕਰ ਦੇਣਾ। ਮੈਂ ਗੁਰੂ ਦੀ ਕਾਰ ਨਿਭਾਉਣ ਲਈ ਗੁਰੂ ਵੱਲ ਮੂੰਹ ਕਰ ਚੁੱਕਾ ਹਾਂ, ਹੁਣ ਪਿੱਛੇ ਨਹੀਂ ਮੁੜਾਂਗਾ।" ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਤੋਂ ਜਾਨ ਵਾਰਨ ਵਾਲੇ ਐਸੇ ਸਿੱਖ ਤਿਆਰ ਹੋ ਗਏ ਸਨ। ਗੁਰੂ ਦੇ ਹੁਕਮ ਦੀ ਪਾਲਣਾ ਕਰਨਾ ਸਿੱਖ ਦਾ ਪਹਿਲਾ ਕਰਤੱਵ ਹੋ ਗਿਆ ਸੀ।

ਭਾਈ ਸਾਧ ਜੀ ਘੋੜੇ ਲਿਆ ਕੇ ਹੀ ਘਰ ਮੁੜੇ। ਭਾਈ ਸਾਧ ਜੀ ਨੇ ਆਪਣੀ ਘਰ ਵਾਲੀ ਨੂੰ ਵੀ ਆਖਿਆ, "ਸਿਦਕ ਨਾ ਛੱਡੀਂ। ਹੁਣ ਡੋਲੀਂ ਨਾ, ਇਹ ਹੀ ਸਮਾਂ ਹੈ ਗੁਰੂ ਦਾ ਸ਼ੁਕਰ ਸ਼ੁਕਰ ਕਰਨ ਦਾ। ਬਾਣੀ ਪੜ੍ਹਨੀ। ਕੁਝ ਵੀ ਸਾਡਾ ਨਹੀਂ, ਸਭ ਉਸ ਵਾਹਿਗੁਰੂ ਦਾ ਹੈ। ਜਿਹੜੀ ਬੇੜੀ ਐਨੀ ਮੁਸ਼ਕਿਲ ਨਾਲ ਸਮੁੰਦਰ ਵਿਚ ਗੁਰੂ ਦੇ ਨਾਮ ਦੁਆਰਾ ਲਿਆਂਦੀ ਹੈ ਪਾਰ ਤਾਂ ਹੀ ਲੱਗੇਗੀ ਜੇ ਭਾਣਾ ਮੰਨਾਂਗੇ।

ਮਮਤਾ ਵਿਚ ਪੈ ਕੇ ਕਿਤੇ ਡੋਬ ਨਾ ਦੇਵੀਂ। ਬੜੇ ਕਸ਼ਟਾਂ ਨਾਲ ਇਹ ਸੰਭਾਲ ਕੇ ਰੱਖੀ ਹੈ। ਜਨਮ ਤਾਂ ਹੀ ਸਫ਼ਲਾ ਹੋਵੇਗਾ।" ਸੱਚਮੁੱਚ ਉਸ ਮਾਤਾ ਦਾ ਸਿਦਕ ਵੀ ਦੇਖਣ ਵਾਲਾ ਸੀ। ਉਸ ਆਪਣੇ ਘਰਵਾਲੇ ਦਾ ਬਚਨ ਪਾਲਿਆ। ਆਪਣੇ ਜੁਆਨ ਪੁੱਤਰ ਦੀ ਮੌਤ 'ਤੇ ਰੋਈ ਨਾ। ਕੇਵਲ ਸਤਿਗੁਰੂ ਦਾ ਜਾਪ ਕੀਤਾ। ਸਾਰੇ ਇਹ ਸਭ ਦੇਖ ਹੈਰਾਨ ਰਹਿ ਗਏ। ਇਹ ਇਕ ਅਦਭੁੱਤ ਕੌਤਕ ਹੀ ਤੇ ਸੀ। ਮਾਂ ਜੁਆਨ ਪੁੱਤ ਦੀ ਮੌਤ 'ਤੇ ਰੋਈ ਨਹੀਂ ਕੇਵਲ ਸ਼ੁਕਰ ਸ਼ੁਕਰ ਕਰੇ ਤੇ ਸਤਿਗੁਰੂ ਦਾ ਨਾਮ ਲਵੇ। ਜੋ ਆਵੇ ਇਹ ਆਖੇ : ਰਜ਼ਾ ਨੂੰ ਮਿੱਠਾ ਮੰਨਿਆ ਤੇ ਸਤਿਗੁਰੂ ਸਦਾ ਤੁਹਾਡੇ ਸਹਾਈ ਹੈ, ਤੁਸੀਂ ਤਰ ਗਏ ਹੋ। ਤੁਹਾਡੇ ਜਿਹੇ ਗੁਰੂ ਦੇ ਸੇਵਕ ਕੋਈ ਨਹੀਂ।

ਭਾਈ ਸਾਧ ਜੀ ਜਦ ਘੋੜੇ ਲੈ ਕੇ ਮੁੜੇ ਤਾਂ ਉਨ੍ਹਾਂ ਨੂੰ ਪੁੱਤਰ ਦੀ ਮੌਤ ਦਾ ਪਤਾ ਲੱਗਾ। ਆਪਣੀ ਘਰਵਾਲੀ ਨੂੰ ਆਖਿਆ ਤੁਸੀਂ ਚੰਗੀ ਨਿਭਾਈ ਹੈ। ਨਾਲੇ ਮੇਰੀ ਵੀ ਲਾਜ ਰੱਖੀ ਹੈ, ਗੁਰੂ ਜ਼ਰੂਰ ਹੀ ਆਪਣੇ ਚਰਨਾਂ ਵਿਚ ਸਾਨੂੰ ਜਗ੍ਹਾ ਦੇਵੇਗਾ। ਭਾਈ ਸਾਧ ਜੀ ਨੇ ਉਸੇ ਵਕਤ ਅਰਦਾਸ ਕੀਤੀ ਤੇ ਸ਼ੁਕਰ ਮਨਾਇਆ। ਕੋਈ ਉੱਚਾ ਨਹੀਂ ਬੋਲੇ। ਸਿਰਫ਼ ਇਹ ਆਖਿਆ ਤੁਸਾਂ ਤਾਂ ਆਪਣੀ ਅਮਾਨਤ ਸਾਂਭੀ ਹੈ।

ਜਦ ਘੋੜੇ ਗੁਰੂ ਜੀ ਨੂੰ ਪਹੁੰਚੇ ਤੇ ਨਾਲੇ ਭਾਈ ਸਾਧ ਜੀ ਦੀ ਕਰਨੀ ਦੀ ਖ਼ਬਰ ਪਹੁੰਚੀ ਕਿ ਕਿਸ ਤਰ੍ਹਾਂ ਗੁਰੂ ਦਾ ਬਚਨ ਤੇ ਸਿਦਕ ਕਾਇਮ ਰੱਖਿਆ ਤਾਂ ਗੁਰੂ ਜੀ ਨੇ ਵੀ 'ਨਿਹਾਲ ਸਿੱਖ' ਕਿਹਾ ਤੇ ਉਨ੍ਹਾਂ ਭਾਈ ਸਾਧ ਜੀ ਬਾਰੇ ਆਖਿਆ : "ਦੰਪਤੀ ਸਦਾ ਸੁਖੀ ਰਹਿਣਗੇ। ਦੁੱਖ ਇਨ੍ਹਾਂ ਦੇ ਨੇੜੇ ਨਹੀਂ ਆਏਗਾ। ਇਨ੍ਹਾਂ ਦੇ ਸਭ ਚੌਰਾਸੀ ਦੇ ਗੇੜ ਮਿੱਟ ਗਏ ਹਨ, ਇਨ੍ਹਾਂ ਨੇ ਤੇ ਪ੍ਰਤੱਖ ਵਾਹਿਗੁਰੂ ਦੇ ਦਰਸ਼ਨ ਕਰ ਲਏ ਹਨ। ਇਨ੍ਹਾਂ ਨੇ ਤੇ ਵਾਹਿਗੁਰੂ ਦੇ ਚਰਨਾਂ ਵਿਚ ਅਸਥਾਨ ਪਾ ਲਿਆ ਹੈ। ਵਾਹਿਗੁਰੂ ਅੰਗ-ਸੰਗ ਸਹਾਈ ਹੈ। ਵਾਹਿਗੁਰੂ ਵੱਲ ਅਭੇਦ ਹੋ ਗਏ ਹਨ।"

ਧਨ ਸਿੱਖੀ ਹੈ ਤੇ ਧੰਨ ਹੀ ਸਿੱਖ ਹਨ ਤੇ ਧੰਨ ਹੀ ਉਨ੍ਹਾਂ ਦੀ ਕੁਰਬਾਨੀ। ਫ਼ਰਜ਼ ਦੀ ਪਾਲਣਾ ਤੇ ਗੁਰੂ ਤੋਂ ਮਰ ਮਿਟਣ ਦੇ ਚਾਉ ਦੀ ਮਿਸਾਲ ਸ਼ਾਇਦ ਹੀ ਕਿਧਰੇ ਮਿਲੇ।

❑ ❑ ❑

# ਭਾਈ ਸਾਧੂ ਤੇ ਰੂਪਾ ਜੀ

ਜਦ ਵੀ ਸਿੱਖ ਨੇ ਗੁਰੂ ਨੂੰ ਯਾਦ ਕੀਤਾ, ਅਰਦਾਸ ਕੀਤੀ ਉਸ ਦੀ ਇੱਛਾ ਪੂਰਨ ਹੋਈ। ਡਰੋਲੀ ਤੋਂ ਜ਼ਰਾ ਕੁ ਪੱਛਮ ਵੱਲ ਜਾਈਏ ਤਾਂ ਇਕ ਪਿੰਡ ਆਉਂਦਾ ਹੈ ਤੁਕਲਾਣੀ। ਇਸ ਪਿੰਡ ਵਿਚ ਇਕ ਸਾਧੂ ਨਾਂ ਦਾ ਭਲਾ ਤਰਖਾਣ ਸੀ, ਜਿਸ ਦਾ ਸਾਰਾ ਪਰਿਵਾਰ ਸਰਵਰੀਆ ਸੀ। ਉਸ ਦੀ ਸ਼ਾਦੀ ਬੜਾ ਪਿੰਡ ਦੇ ਗੁਰਸਿੱਖ ਪਰਿਵਾਰ ਵਿਚ ਹੋਈ। ਕਹਾਰ ਡੋਲੀ ਪਿੰਡ ਤੋਂ ਲਿਜਾ ਰਹੇ ਸਨ ਕਿ ਰਾਹ ਵਿਚ ਡਰੋਲੀ ਹੀ ਉਨ੍ਹਾਂ ਵਿਸ਼ਰਾਮ ਕੀਤਾ। ਅੰਮ੍ਰਿਤ ਵੇਲਾ ਸੀ, ਡਰੋਲੀ ਵਿਚ ਗੁਰੂ ਜੀ ਆਏ ਹੋਏ ਸ਼ਨ। ਦੀਵਾਨ ਸੱਜਿਆ ਹੋਇਆ ਸੀ। ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਗੁਰੂ ਹਰਿਗੋਬਿੰਦ ਜੀ ਵੀ ਆਪ ਦਰਬਾਰ ਵਿਚ ਬੈਠੇ ਕੀਰਤਨ ਸੁਣ ਰਹੇ ਸਨ। ਬੀਬੀ ਜੀ ਨੇ ਕਹਾਰਾਂ ਨੂੰ ਜਿੱਥੇ ਸ਼ਬਦ ਦੀ ਆਵਾਜ਼ ਆ ਰਹੀ ਸੀ, ਉਸ ਵੱਲ ਜਾਣ ਨੂੰ ਆਖਿਆ। ਬੀਬੀ ਨੇ ਡੋਲੀ ਵਿਚੋਂ ਨਿਕਲ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਕੀਰਤਨ ਸੁਣਨ ਬੈਠ ਗਈ। ਗੁਰੂ ਜੀ ਨੇ ਇਹ ਦੇਖ ਭਾਈ ਬਿਧੀ ਚੰਦ ਨੂੰ ਕਿਹਾ ਕਿ ਬੀਬੀ ਕੋਲੋਂ ਪੁੱਛਣਾ ਕਿ ਉਹ ਕਿਥੋਂ ਆਈ ਹੈ ਤੇ ਡਰੀ-ਡਰੀ ਕਿਉਂ ਹੈ? ਬੀਬੀ ਨੇ ਭਾਈ ਜੀ ਨੂੰ ਦੱਸਿਆ ਕਿ ਉਹ ਬੜਾ ਪਿੰਡ ਦੇ ਸਿੱਖ ਘਰ ਦੀ ਬੱਚੀ ਹੈ ਤੇ ਸਰਵਰੀਏ ਪਰਿਵਾਰ ਦੇ ਸਾਧੂ ਨਾਂ ਦੇ ਵਿਅਕਤੀ ਨਾਲ ਵਿਆਹੀ ਗਈ ਹੈ। ਗੁਰੂ ਜੀ ਨੇ ਕਿਹਾ ਕਿ ਤੈਨੂੰ ਹੁਣ ਘਬਰਾਉਣ ਦੀ ਲੋੜ ਨਹੀਂ। ਤੇਰੇ ਲੇਖ ਨਵੇਂ ਲਿਖੇ ਗਏ ਹਨ। ***ਨਵਾਂ ਲੇਖ ਅਬ ਤੋਹਿ ਲਖਾਹੋ।*** ਗੁਰੂ ਦੇ ਦਰਸ਼ਨ ਮਾਤਰ ਨਾਲ ਸਾਰੇ ਕਸ਼ਟ ਕੱਟੇ ਜਾਂਦੇ ਹਨ। ਬੀਬੀ ਅੱਗੇ ਹੀ ਬੜੇ ਵਿਸ਼ਵਾਸ ਵਾਲੀ ਸੀ ਤੇ ਹੋਰ ਸ਼ਰਧਾ ਪੱਕੀ ਹੋਈ। ਉਸ ਦੇ ਘਰ ਭਾਈ ਰੂਪ ਚੰਦ ਦਾ ਜਨਮ ਹੋਇਆ ਜਿਸ ਸਿੱਖੀ ਦੇ ਰਾਹ ਵਿਚ ਕਈ ਨਵੀਆਂ ਮਸ਼ਾਲਾਂ ਜਗਾਈਆਂ। ਭਾਈ ਸਾਧੂ ਗੁਰੂ ਘਰ ਦੇ ਅਨਿਨ ਸਿੱਖ ਕਹਿਲਾਏ।

ਉਧਰ ਜਦ ਡੋਲੀ ਵਿਚ ਸਾਧੂ ਦੇ ਪਿਤਾ ਨੇ ਨੂੰਹ ਨੂੰ ਨਾ ਤੱਕਿਆ ਤਾਂ ਕ੍ਰੋਧੀ ਹੋ ਕੇ ਪੁੱਤਰ ਨੂੰ ਕਿਹਾ ਕਿ ਜਾ ਦੇਖ ਕਿੱਥੇ ਗਈ ਹੈ? ਸਰਵਰੀਏ ਹੋ ਕੇ ਗੁਰੂ ਪਾਸ ਜਾਣ ਲੱਗੀ ਹੈ। ਕੀ ਉਹ ਨਹੀਂ ਜਾਣਦੀ ਕਿ ਸਰਵਰ ਦੀ ਕਿਤਨੀ ਕਰੋਪੀ ਹੁੰਦੀ ਹੈ। ਸਾਧੂ ਆਪਣੀ ਘਰਵਾਲੀ ਨੂੰ ਲੱਭਦਾ ਹੋਇਆ ਦੀਵਾਨ ਵਿਚ ਆ ਗਿਆ ਤਾਂ ਗੁਰੂ ਜੀ ਦੇ ਦੀਦਾਰ ਕਰਦੇ ਹੀ ਮਨ ਟਿੱਕ ਗਿਆ। ਗੁਰੂ ਜੀ ਨੇ ਦੋ ਐਸੇ ਬਚਨ ਬੋਲੇ ਕਿ ਉਸ ਦਾ ਅੰਦਰਲਾ ਜਾਗ ਪਿਆ। ਭਰਮ ਮਿਟ ਗਏ। ਮਹਾਰਾਜ ਨੇ ਸਾਧੂ ਨੂੰ ਕਿਹਾ : "ਤੇਰਾ ਘਰ ਸਿੱਖੀ ਦਾ ਧੁਰਾ ਹੋਵੇਗਾ ਤੇ ਤੇਰੇ ਘਰ ਗੁਰੂ ਦਾ ਬਹੁਤ ਪ੍ਰੇਮ ਰੱਖਣ ਵਾਲਾ ਪੁੱਤਰ ਹੋਵੇਗਾ।"

***ਸਿਖੀ ਤੋਹਿ ਸਦਨ ਅਨਪਾਰੇ।***
***ਬਡੇ ਭਗਤ ਉਪਜੇ ਸੁਤ ਤੇਰੇ।***
***ਸਤ ਬੈਨ ਜਾਨੋ ਮਨ ਮੇਰੇ।***

ਗੁਰੂ ਜੀ ਦੇ ਬਚਨ ਸੁਣ ਕੇ ਪਤੀ-ਪਤਨੀ ਦੀ ਖ਼ੁਸ਼ੀ ਸੰਭਾਲੀ ਨਹੀਂ ਸੀ ਜਾਂਦੀ। ਐਸੀ ਜੁਰੱਅਤ ਉਨ੍ਹਾਂ ਵਿਚ ਭਰ ਗਈ ਕਿ ਜਦ ਉਹ ਘਰ ਪੁੱਜੇ ਤਾਂ ਪਿਤਾ ਨੇ ਸਰਵਰ ਦੀ ਕਬਰ ਨੂੰ ਨਮਸਕਾਰ ਕਰਨ ਲਈ ਕਿਹਾ। ਸਾਧੂ ਨੇ ਸਿਰ ਕੀ ਨਿਵਾਣਾ ਸੀ, ਸਰਵਰ ਦੀ ਨਿਸ਼ਾਨੀ ਵੀ ਢਾਹ ਦਿੱਤੀ ਤੇ ਸਗੋਂ ਲੱਤ ਕੱਢ ਮਾਰੀ ਤੇ ਆਖਿਆ ਕਿ ਅਸੀਂ ਸ਼ਬਦ ਪੂਜਾਂਗੇ, ਕਬਰ ਪੂਜਾਂਗੇ ਨਹੀਂ। ਗੁਰੂ ਕਾ ਸਿੱਖ ਕਬਰਾਂ ਅੱਗੇ ਸਿਰ ਨਹੀਂ ਝੁਕਾਂਦਾ।

*ਲਾਤ ਪ੍ਰਹਾਰ ਸਾਧੂ ਕੀਯੋ। ਇਹ ਬਿਧਿ ਬੈਨ ਉਚਾਰ।*
*ਭਯੋ ਸਿਖ ਹਉ ਗੁਰੂ ਕਾ ਕਰੋਂ ਯਾਹਿ ਨਹਿ ਸਾਰ।*

ਪਿਉ ਨੇ ਕਿਹਾ ਕਿ ਇਹ ਤੂੰ ਕੀ ਕੀਤਾ ? ਪਿਉ ਨੇ ਸਰਵਰ ਦੀ ਕਬਰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਸਾਧੂ ਜੀ ਨੇ ਦੁਬਾਰਾ ਢਾਹ ਦਿੱਤੀ। ਘਰ ਸਿੱਖੀ ਦਾ ਵਾਸਾ ਹੋ ਗਿਆ। ਸ਼ਬਦ ਕੀਰਤਨ ਹੋਣ ਲੱਗੇ। ਗੁਰੂ ਜੀ ਦਾ ਜੱਸ ਭਾਈ ਜੀ ਕਰਦੇ। ਉਨ੍ਹਾਂ ਦੇ ਘਰ ਸੰਮਤ 1671 ਵਿਚ ਇਕ ਪੁੱਤਰ ਜੰਮਿਆ ਜਿਸ ਨੂੰ ਸਤਿਗੁਰੂ ਦੇ ਹਜ਼ੂਰ ਲੈ ਕੇ ਮਾਤਾ-ਪਿਤਾ ਪੁੱਜੇ। ਗੁਰੂ ਹਰਿਗੋਬਿੰਦ ਸਾਹਿਬ ਨੇ ਬੱਚੇ ਦਾ ਰੂਪ ਦੇਖ ਬੱਚੇ ਦਾ ਨਾਮ ਰੂਪ ਚੰਦ ਰੱਖਿਆ।

*ਸ੍ਰੀ ਗੁਰ ਦੇਖ ਰੂਪ ਤਿਹ ਵਾਰਾ।*
*ਰੂਪ ਚੰਦ ਸ੍ਰੀ ਮੁਖੋਂ ਉਚਾਰਾ।*

ਦੋਵੇਂ ਬੜੇ ਹੀ ਪ੍ਰਸੰਨ ਵਾਪਸ ਮੁੜੇ। ਰੂਪ ਚੰਦ ਵੱਡਾ ਹੋਇਆ ਤਾਂ ਆਪਣੇ ਪਿਤਾ ਸਾਧੂ ਨਾਲ ਸੇਵਾ ਵਿਚ ਜੁੱਟਿਆ ਰਹਿੰਦਾ।

ਭਾਈ ਰੂਪਾ ਜੀ ਤੇ ਭਾਈ ਸਾਧੂ ਜੀ ਇਕੱਠੇ ਹੀ ਕਿਰਤ ਕਰਨ ਜਾਂਦੇ। ਗਰਮੀ ਦੀ ਰੁੱਤੇ ਇਕ ਵਾਰ ਦੋਵੇਂ ਜੰਗਲ ਵਿਚ ਲੱਕੜੀਆਂ ਵੱਢਣ ਗਏ। ਪਾਣੀ ਦੀ ਕੁੰਨੀ ਉਨ੍ਹਾਂ ਪਾਸ ਸੀ। ਉਨ੍ਹਾਂ ਉਸ ਨੂੰ ਦਰੱਖ਼ਤ ਦੇ ਟਾਹਣੇ ਨਾਲ ਬੰਨ੍ਹ ਦਿੱਤਾ ਅਤੇ ਲੱਕੜਾਂ ਕੱਟਣ ਵਿਚ ਮਗਨ ਹੋ ਗਏ। ਠੰਢੀ ਹਵਾ ਲੱਗਣ ਨਾਲ ਕੁੰਨੇ ਦਾ ਜਲ ਬੜਾ ਹੀ ਸ਼ੀਤਲ ਤੇ ਠੰਢਾ ਹੋ ਗਿਆ। ਪਿਉ ਪੁੱਤਰ ਦੋਵੇਂ ਪਿਆਰ ਦੀ ਖੇਡ ਖੇਡ ਬੈਠੇ। ਮਨ ਧਾਰ ਲਿਆ ਕਿ ਪਹਿਲਾਂ ਗੁਰੂ ਜੀ ਮੂੰਹ ਲਗਾਉਣ, ਫਿਰ ਉਹ ਪੀਣਗੇ। ਗੁਰੂ ਜੀ ਉਸ ਥਾਂ ਤੋਂ 25 ਕੁ ਮੀਲ ਦੂਰ ਸਨ, ਪਰ ਗੁਰੂ ਦੇ ਪਿਆਰੇ ਜਿੱਥੇ ਵੀ ਯਾਦ ਕਰਨ ਉਹ ਉੱਥੇ ਹੀ ਪੁੱਜ ਸ਼ਰਧਾ ਪੂਰਦੇ ਹਨ। ਪਿਆਰ ਦੀ ਖਿੱਚ ਐਸੀ ਪਈ ਕਿ ਮੀਰੀ ਪੀਰੀ ਦੇ ਮਾਲਕ ਨੇ ਕੜਕਦੀ ਧੁੱਪ ਵਿਚ ਘੋੜਾ ਮੰਗਵਾਇਆ ਤੇ ਜਿੱਥੇ ਸਾਧੂ ਤੇ ਰੂਪਾ ਜਾਨ ਦੀ ਬਾਜ਼ੀ ਲਗਾ ਕੇ ਉਡੀਕ ਰਹੇ ਸਨ, ਉੱਥੇ ਪਹੁੰਚ ਗਏ। ਉਨ੍ਹਾਂ ਦੋਵਾਂ ਦੇ ਮੂੰਹ 'ਤੇ ਜਲ ਦੇ ਛੱਟੇ ਮਾਰ ਕੇ ਕਿਹਾ ਕਿ ਮੈਨੂੰ ਜਲ ਪਿਆਉ। ਭਾਈ ਸਾਧੂ ਨੇ ਹੱਥ ਵਿਚ ਕੁੰਨੀ ਲੈ ਕੇ ਗੁਰੂ ਨੂੰ ਜਲ ਪਿਲਾਇਆ। ਪਿੱਛੋਂ ਆਪ ਛਕਿਆ ਤੇ ਬੇਟੇ ਰੂਪ ਚੰਦ ਨੂੰ ਦਿੱਤਾ। ਪੀਂਦੇ ਸਾਰ ਤਿੰਨ ਕਾਲ ਦੀ ਸੋਝੀ ਭਾਈ ਸਾਧੂ ਤੇ ਰੂਪਾ ਜੀ ਨੂੰ ਹੋ ਗਈ। ਗੁਰੂ ਜੀ ਨੇ ਵੀ ਕਿਹਾ ਐਸਾ ਨਿਰਮਲ ਜਲ ਪਹਿਲਾਂ ਨਹੀਂ ਸੀ ਪੀਤਾ। ਗੁਰੂ ਨੇ ਫਿਰ ਦੁਹਰਾ ਕੇ ਕਿਹਾ ਕਿ ਸਿੱਖੀ ਸਦਾ ਤੁਹਾਡੇ ਘਰ ਰਹੇਗੀ। ਗੁਰੂ ਜੀ ਨੇ ਬਖ਼ਸ਼ਿਸ਼ਾਂ ਨਾਲ ਝੋਲੀਆਂ ਭਰ ਦਿੱਤੀਆਂ। ਗੁਰੂ ਜੀ ਨੇ ਗਾਤਰੇ ਵਾਲੀ ਕ੍ਰਿਪਾਨ ਉਨ੍ਹਾਂ ਨੂੰ ਪਹਿਨਾਈ ਤਾਂ ਰੂਪਾ ਜੀ ਨੇ ਕਿਹਾ ਕਿ ਉਹ

 www.sikhbookclub.com

ਇਸ ਯੋਗ ਨਹੀਂ ਹੈ। ਮਹਾਰਾਜ ਉਸ ਦੀ ਨਿਮਰਤਾ ਦੇਖ ਪ੍ਰਸੰਨ ਹੋਏ ਤੇ ਫ਼ਰਮਾਇਆ ਕਿ ਸਿੱਖੀ ਦਾ ਪ੍ਰਚਾਰ ਕਰੋ। ਸੰਗਤਾਂ ਕਾਇਮ ਕਰੋ। ਤੁਹਾਡੀ ਜ਼ਬਾਨ ਵਿਚ ਸਤ ਤੇ ਰਸ ਹੈ। ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਤੇ ਧਰਮ ਦਾ ਉਪਦੇਸ਼ ਕਰਨਾ। ਇਹ ਸਭ ਦਰਸਾਉਂਦਾ ਹੈ ਕਿ ਗੁਰੂ ਜੀ ਨਾਲ ਕਿਤਨਾ ਅਥਾਹ ਪਿਆਰ ਸੀ ਭਾਈ ਸਾਧੂ ਤੇ ਰੂਪਾ ਜੀ ਦਾ। ਕਿਤਨੀ ਸ਼ਰਧਾ ਸੀ ਉਨ੍ਹਾਂ ਦੀ। ਗੁਰੂ ਭਗਤੀ ਵੀ ਡੂੰਘੀ ਸੀ।

ਗੁਰੂ ਜੀ ਨੇ ਹੋਰ ਮਿਹਰ ਦੇ ਘਰ ਆ ਕੇ ਕਿਹਾ ਕਿ ਜੋ ਇੱਛਾ ਹੈ ਮੰਗੋ। ਉਨ੍ਹਾਂ ਕਿਹਾ ਕਿ ਇਕ ਹੀ ਦਿੱਤਾ ਹੈ। ਪ੍ਰੀਤ ਨਾ ਟੁੱਟੇ ਤੇ ਸਿੱਖੀ ਦੀ ਰੀਤ ਦ੍ਰਿੜ੍ਹ ਹੋਵੇ।

*ਕਰ ਵਿਚਾਰ ਐਸਾ ਕਹਾ ਪਦ ਪੰਕਜ ਰਹਿ ਪ੍ਰੀਤਿ*
*ਔਰ ਦਾਨ ਦੀਜੀਏ ਪ੍ਰਭੁ ਗੁਰਸਿਖੀ ਦੀ ਰੀਤ।*

ਮਹਾਰਾਜ ਨੇ ਕਿਹਾ ਕਿ ਅਜਿਹਾ ਹੀ ਹੋਵੇਗਾ। ਨਾਲ ਇਹ ਵੀ ਕਿਹਾ ਕਿ ਇਹ ਪਿੰਡ ਛੱਡ ਕੇ ਕਿਧਰੇ ਹੋਰ ਚਲੇ ਜਾਉ।

ਘਰ ਜਦ ਖ਼ਬਰ ਭੇਜੀ ਤਾਂ ਘਰਵਾਲੀ ਨੇ ਵੀ ਆ ਕੇ ਗੁਰੂ ਦੀਦਾਰ ਕਰ ਪ੍ਰਸੰਨਤਾ ਲਈ। ਗੁਰੂ ਜੀ ਨੇ ਆਪਣੀ ਪੁਸ਼ਾਕ ਤੇ ਆਪਣੇ ਸ਼ਸਤਰ ਉਨ੍ਹਾਂ ਨੂੰ ਦਿੱਤੇ।

*ਨਿਜ ਪੁਸ਼ਾਕ ਆਯੁਧ ਸਭ ਦੀਨੇ*
*ਰੂਪ ਚੰਦ ਮਨ ਅਨੰਦ ਲੀਨੇ।*

ਭਾਈ ਰੂਪ ਚੰਦ ਜੀ ਨੇ ਪੋਸ਼ਾਕ ਸਿਰ 'ਤੇ ਰੱਖ ਲਈ ਤੇ ਸ਼ਸਤਰ ਉਠਾ ਲਏ ਅਤੇ ਹੁਕਮ ਮੰਨ ਨਵਾਂ ਪਿੰਡ ਵਸਾਉਣ ਲਈ ਚੱਲ ਪਏ।

ਗੁਰੂ ਜੀ ਨੇ ਸਿਰ 'ਤੇ ਸ਼ਸਤਰ ਪੋਸ਼ਾਕ ਉਠਾਈ ਦੇਖ ਕਿਹਾ ਕਿ ਰੂਪ ਚੰਦ ਇਸ ਪੋਸ਼ਾਕ ਨੂੰ ਪਾ ਲਵੋ। ਇੰਝ ਭਾਰ ਕਿਉਂ ਉਠਾਈ ਫਿਰਦੇ ਹੋ।

*ਰੂਪ ਚੰਦ ਨਿਜ ਅੰਗ ਧਰਾਵੋ*
*ਕਾਹਿ ਭਾਰ ਨਿਜ ਸੀਸ ਉਠਾਵੋ।*

ਰੂਪ ਚੰਦ ਨੇ ਕਿਹਾ ਕਿ ਮਹਾਰਾਜ, ਇਹ ਭਾਰ ਨਹੀਂ, ਇਹ ਤਾਂ ਆਪ ਜੀ ਦੀ ਰਹਿਮਤ ਹੈ ਜੋ ਮੈਨੂੰ ਸੁੱਖ ਦੇ ਰਹੀ ਹੈ। ਮੇਰੇ ਵਿਚ ਇਤਨੀ ਸੱਤਾ ਨਹੀਂ ਕਿ ਇਸ ਨੂੰ ਪਹਿਨ ਸਕਾਂ। ਇਹ ਤਾਂ ਸਨਮਾਨ ਦੇ ਹੀ ਲਾਇਕ ਹਨ। ਉਸ ਦੀ ਇਤਨੀ ਸ਼ਰਧਾ ਦੇਖ ਕੇ ਮਹਾਰਾਜ ਨੇ ਕਿਹਾ ਕਿ ਤੁਹਾਡੇ ਬਚਨ ਹੀ ਤਲਵਾਰ ਵਾਂਗ ਹੋਣਗੇ। ਦਸਵੇਂ ਜਾਮੇ ਵਿਚ ਆਪ ਪਾਸੋਂ ਮੰਗ ਕੇ ਪਹਿਨ ਲਵਾਂਗੇ।

*ਤੁਮ ਰਸਨਾ ਸਮ ਤੇਗ ਕੈ ਕਹ ਤੁਮ ਅਯੁਧ ਧਾਰ।*
*ਦਸਮ ਰੂਪ ਧਰ ਧਾਰਹੋ। ਰਾਖੋ ਯਾਹਿ ਸੁਧਾਰ।*

ਭਾਈ ਰੂਪ ਚੰਦ ਜੀ ਦਾ ਦਿਹਾਂਤ ਸਾਵਣ ਦੀ ਪਹਿਲੀ ਸੰਮਤ 1766 ਨੂੰ ਹੋਇਆ। ਜਿੱਥੇ ਉਨ੍ਹਾਂ ਦੀ ਸਮਾਧ ਹੈ ਉੱਥੇ ਭਾਈ ਕੀ ਸਮਾਧ ਨਾਂ ਦਾ ਪਿੰਡ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਵੱਸ ਗਿਆ ਹੈ। ਸਾਰੀ ਉਮਰ ਭਾਈ ਸਾਧੂ ਜੀ ਤੇ ਰੂਪ ਜੀ ਨੇ ਸਿੱਖੀ ਦੀ ਪਾਲਨਾ ਕੀਤੀ।

❑ ❑ ❑

# ਭਾਈ ਚੂਹੜ ਜੀ

ਗੁਰੂ ਪਿਤਾ ਦੇ ਮੂੰਹ ਵਿਚੋਂ ਨਿਕਲੇ ਵਚਨ ਨੂੰ ਪੂਰਾ ਕਰਨਾ ਸਿੱਖ ਆਪਣਾ ਫ਼ਰਜ਼ ਸਮਝਦੇ ਸਨ। ਗੁਰੂ ਦੇ ਸ਼ਬਦ ਨੂੰ ਸਿੱਖ ਗੁਰੂ ਤੁਲ ਹੀ ਸਨਮਾਨ ਦਿੰਦੇ। ਧੰਨ ਹਨ ਉਹ ਗੁਰਸਿੱਖ ਜੋ ਗੁਰੂ ਦੇ ਮੂੰਹ ਵਿਚੋਂ ਨਿਕਲੇ ਵਚਨਾਂ ਨੂੰ ਪੂਰਾ ਕਰਦੇ। ਉਸ ਵਕਤ ਕੋਈ ਸ਼ਬਦਾਂ ਦੀ ਤੋਲ ਮੋਲ ਜਾਂ ਸੱਚ ਝੂਠ ਦੇ ਵਿਚ ਨਾ ਪੈ ਕੇ ਬਸ ਕਰਮ ਕਰਦੇ। ਉਨ੍ਹਾਂ ਨੂੰ ਗੁਰੂ ਦਾ ਹਰ ਹੁਕਮ ਸਿਰ ਮੱਥੇ 'ਤੇ ਮੰਨ ਚਾਅ ਚੜ੍ਹਦਾ। ਐਸੇ ਹੀ ਅਨੇਕਾਂ ਵਿਚੋਂ ਇਕ ਧੰਨ ਭਾਈ ਚੂਹੜ ਜੀ ਸਨ ਜੋ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੋਏ। ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਨੂੰ ਸਿੱਖੀ ਦੇ ਨਿਯਮ ਅਤੇ ਭੇਦ ਦੱਸ ਕੇ ਨਿਹਾਲ ਕੀਤਾ।

ਭਾਈ ਚੂਹੜ ਜੀ ਦੀ ਕਮਾਨ ਹੇਠ ਸੌ ਸਵਾਰ ਸਨ। ਹੁਕਮ ਮੰਨਣ ਮਨਾਉਣ ਦੀ ਉਨ੍ਹਾਂ ਸਿੱਖਿਆ ਗੁਰੂ ਪਿਤਾ ਕੋਲੋਂ ਲਈ ਸੀ। ਮੀਰੀ ਪੀਰੀ ਦੇ ਮਾਲਕ ਨੇ ਇਕ ਵਾਰ ਉਨ੍ਹਾਂ ਨੂੰ ਕਿਹਾ ਕਿ ਸਿੱਖਾਂ ਨੂੰ ਆਦੇਸ਼ ਪਹੁੰਚਾਉ ਕਿ ਪੱਥਰ ਇੱਟਾਂ ਲਿਆਉਣ, ਲੰਗਰ ਦੀ ਦੀਵਾਰ ਬਣਾਉਣੀ ਹੈ। ਭਾਈ ਚੂਹੜ ਜੀ ਨੇ ਹੋਰ ਸਿੱਖਾਂ ਨੂੰ ਕੀ ਕਹਿਣਾ ਸੀ ਆਪ ਹੀ ਇਕੱਲੇ ਪੱਥਰ ਢੋਣ ਲੱਗ ਪਏ। ਇਸ ਸ਼ਰਧਾ ਵਿਚ ਸੇਵਾ ਕੀਤੀ ਕਿ ਹੱਥਾਂ ਪੈਰਾਂ ਵਿਚੋਂ ਖ਼ੂਨ ਵਗਣ ਲੱਗ ਪਿਆ ਪਰ ਫਿਰ ਵੀ ਉਨ੍ਹਾਂ ਪ੍ਰਵਾਹ ਨਾ ਕੀਤੀ। ਜਦ ਛੇਵੇਂ ਪਾਤਸ਼ਾਹ ਨੇ ਖ਼ੂਨ ਨਾਲ ਭਰਿਆ ਸਰੀਰ ਡਿੱਠਾ ਤਾਂ ਫ਼ਰਮਾਇਆ : "ਭਾਈ ਚੂਹੜ ਜੀ ਅਸਾਂ ਤਾਂ ਸਿੱਖਾਂ ਕੋਲੋਂ ਸੇਵਾ ਕਰਾਉਣ ਲਈ ਕਿਹਾ ਸੀ। ਤੁਸੀਂ ਆਪ ਹੀ ਜੁੱਟ ਪਏ।" ਚੂਹੜ ਜੀ ਨੇ ਹੱਥ ਬੰਨ੍ਹ ਬੇਨਤੀ ਕੀਤੀ : "ਮਹਾਰਾਜ! ਹੁਕਮ ਸਿੱਖਾਂ ਨੂੰ ਸੀ ਤੇ ਸਿੱਖ ਬਣਨ ਦੇ ਮਾਣ ਤੋਂ ਮੈਂ ਵਾਂਝਿਆ ਕਿਵੇਂ ਰਹਿੰਦਾ।"

ਐਸੇ ਸਨ ਚੂਹੜ ਜੀ ਜੋ ਜਰਨੈਲ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਇਕ ਆਮ ਸਿੱਖ ਹੀ ਸਮਝਦੇ ਸਨ। ਕਲਗੀ ਵਾਲੇ ਨੇ ਇਕ ਵਾਰ ਬਾਬਾ ਬੰਦਾ ਸਿੰਘ ਨੂੰ ਜਦ ਉਸ ਸਿੱਖ ਬਣਨ ਦੀ ਯਾਚਨਾ ਕੀਤੀ ਸੀ ਤਾਂ ਸਮਝਾਇਆ ਸੀ : ਸਿੱਖ ਬਣਨਾ ਬੜਾ ਔਖਾ ਹੈ। ਸਿੱਖ ਤਦ ਬਣਦਾ ਹੈ ਜਦ ਉਹ ਭਰਮ ਗਵਾਵੇ। ਆਪਾ ਖੋਵੇ। ਕੁਲ ਦਾ ਹੰਕਾਰ ਗਵਾਵੇ। ਜ਼ਾਤਾਂ ਦੇ ਜਾਲ ਵਿਚ ਨਾ ਫਸੇ। ਸੇਵਾ ਕਰਦਿਆਂ ਜੇ ਸਿਰ ਵੀ ਲਗਾਉਣਾ ਪਵੇ ਤਾਂ ਸੰਕੋਚ ਨਾ ਕਰੇ। ਪ੍ਰਭੂ ਦਾ ਭੈ ਆਦਰ ਰੱਖੇ।

*ਸਿਖ ਬਨੈ ਸਭ ਖੋਏ ਭਰਮ*
*ਸਿਖ ਬਨਨ ਕੇ ਕਠਨ ਸੁ ਕਰਮ।*
*ਸਿਖ ਹੋਇ ਜੋ ਆਪਾ ਖੋਵੈ।*
*ਮੇਟ ਕੁਲੌਂ ਨਿਜ ਗੁਰ ਕੁਲ ਹੋਵੈ।*

ਇਕ ਸਮੇਂ ਭਾਈ ਚੂਹੜ ਜੀ, ਜੋ ਚੰਗੇ ਸੂਰਮੇ ਵੀ ਸਨ, ਗੁਰੂ ਅਰਜਨ ਦੇਵ ਜੀ ਕੋਲ ਆਏ ਤੇ ਉਪਦੇਸ਼ ਮੰਗਿਆ। ਗੁਰੂ ਜੀ ਨੇ ਫ਼ਰਮਾਇਆ : "ਧਰਮ ਦਾ ਯੁੱਧ ਧਰਮ ਹੈ। ਜੋ ਗ਼ਰੀਬਾਂ ਨੂੰ ਰੁਲਾਵੇ ਉਸ ਨਾਲ ਯੁੱਧ ਕਰਨਾ, ਕਲਿਆਣ ਹੋਵੇਗਾ।"

ਗੁਰੂ ਹਰਿਗੋਬਿੰਦ ਜੀ ਕੋਲੋਂ ਭਾਈ ਚੂਹੜ ਜੀ ਨੇ ਸੂਰਮੇ ਬਣ ਜੋ ਉਪਦੇਸ਼ ਲਿਆ ਉਹ ਇਕ ਸਿੱਖੀ ਦਾ ਆਦਰਸ਼ ਸੀ। ਭਾਈ ਚੂਹੜ ਜੀ ਨੇ ਜਦ ਗੁਰੂ ਹਰਿਗੋਬਿੰਦ ਜੀ ਕੋਲੋਂ ਸਿੱਖੀ ਦਾ ਮੂਲ ਤੇ ਆਦਰਸ਼ ਪੁੱਛਿਆ ਤਾਂ ਆਪ ਜੀ ਨੇ ਫ਼ਰਮਾਇਆ : ਸਿੱਖੀ ਦਾ ਮੂਲ ਮਨ ਨੀਵਾਂ ਹੈ। ਜਦ ਉਸ ਪੁੱਛ ਕੀਤੀ ਕਿ ਟਹਿਣੀਆਂ ਕਿਹੜੀਆਂ ਹਨ ਤਾਂ ਆਪ ਜੀ ਨੇ ਬਚਨ ਕੀਤਾ : "ਸੇਵਾ ਟਹਲ ਹੈ।" ਉਸ ਦਾ ਅਗਲਾ ਪ੍ਰਸ਼ਨ ਸੀ ਕਿ ਸਿੱਖੀ ਦੇ ਮਤ ਕਿਹੜੇ ਹਨ? ਗੁਰੂ ਹਰਿਗੋਬਿੰਦ ਜੀ ਦਾ ਉੱਤਰ ਸੀ : 'ਸਾਧਸੰਗਤ, ਸਿੱਖੀ ਨੂੰ ਫਲ ਕੀ ਪੈਂਦਾ ਹੈ? ਫਲ ਕੀ ਲੱਗਦਾ ਹੈ? ਤਾਂ ਬਚਨ ਕੀਤਾ : ਸ਼ਬਦ ਸਮਝਣਾ ਸਿੱਖੀ ਨੂੰ ਫਲ ਪੈਣਾ ਹੈ, ਜਿਸ ਨੇ ਜਗਤ ਨੂੰ ਝੂਠਾ ਤੇ ਆਤਮਾ ਨੂੰ ਸੱਚ ਕਰ ਜਾਤਾ ਹੈ ਸੋਈ ਸਿੱਖ ਹੈ, ਇਹ ਫਲ ਹੈ।' ਸਮਕਾਲੀ ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਜੀ ਇਕ ਵਾਹਿਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸਿੱਖ ਮੂਰਤੀ ਪੂਜਾ ਨੂੰ ਨਹੀਂ ਮੰਨਦੇ, ਉਹ ਜਪ ਤਪ ਵਿਚ ਹਿੰਦੂਆਂ ਦੇ ਮੰਦਰਾਂ ਨੂੰ ਇਸ਼ਟ ਨਹੀਂ ਮੰਨਦੇ, ਨਾ ਹੀ ਹਿੰਦੂ ਅਵਤਾਰਾਂ 'ਤੇ ਵਿਸ਼ਵਾਸ ਰੱਖਦੇ ਹਨ। ਹਿੰਦੂ ਸੰਸਕ੍ਰਿਤੀ ਦੇ ਮੰਤ੍ਰਾਂ ਨੂੰ ਦੇਵ ਭਾਸ਼ਾ ਵਿਚ ਲਿਖੇ ਮੰਨਦੇ ਹਨ ਪਰ ਸਿੱਖ ਇਨ੍ਹਾਂ 'ਤੇ ਕੋਈ ਯਕੀਨ ਨਹੀਂ ਰੱਖਦੇ। ਗੁਰੂ ਪਾਤਸ਼ਾਹ ਨੇ ਉਸੇ ਤਰ੍ਹਾਂ ਧਾਰਮਿਕ ਅਗਵਾਈ ਦਿੱਤੀ ਰੱਖੀ ਤੇ ਸਿੱਖੀ ਮੌਲਦੀ ਰਹੀ।

ਭਾਈ ਚੂਹੜ ਜੀ ਲਖਨਊ ਨਿਵਾਸੀ ਸਨ। ਅੱਠੇ ਪਹਿਰ ਟੁਰਦਿਆਂ ਫਿਰਦਿਆਂ, ਕੰਮ ਕਰਦਿਆਂ ਵਾਹਿਗੁਰੂ ਦਾ ਨਾਮ ਜਪਦੇ ਰਹਿੰਦੇ।

❑ ❑ ❑


www.sikhbookclub.com

# ਸੰਗੀਤ ਸਿੱਖ


www.sikhbookclub.com

# ਪਹਿਲੇ ਤੇਰਾਂ ਸੂਰਮੇ ਸ਼ਹੀਦ

ਗੁਰੂ ਹਰਿਗੋਬਿੰਦ ਜੀ ਦੀ ਸਭ ਤੋਂ ਵੱਡੀ ਉਪਮਾ ਇਹ ਸੀ ਕਿ ਘੋੜਾ ਤੇ ਖੜਗ ਸਦਾ ਤਿਆਰ ਰਹਿੰਦਾ। ਜਿੱਥੇ ਵੀ ਸਿੱਖ ਦੀ ਪੁਕਾਰ ਸੁਣੀ, ਦਰਸ਼ਨ ਲਈ ਪੁੱਜਦੇ, ਜੰਗਾਂ ਵਿਚ ਤਾਂ ਖੜਗ ਹੱਥ ਲੈ ਉੱਥੇ ਜਾ ਪੁੱਜਦੇ ਜਿੱਥੇ ਕਿਸੇ ਨੂੰ ਆਸ ਵੀ ਨਹੀਂ ਸੀ ਹੁੰਦੀ। ਅੰਮ੍ਰਿਤਸਰ ਦੀ ਪਹਿਲੀ ਜੰਗ ਦੀ ਜਿੱਤ ਪਿੱਛੋਂ ਜਿਨ੍ਹਾਂ ਤੇਰ੍ਹਾਂ ਸਿੰਘਾਂ ਨੇ ਜੂਝਦੇ ਸ਼ਹੀਦੀਆਂ ਪਾਈਆਂ ਉਨ੍ਹਾਂ ਦੀਆਂ ਦੇਹਾਂ ਦਾ ਹੱਥੀਂ ਸਸਕਾਰ ਕੀਤਾ ਅਤੇ ਹਰ ਸਿੱਖ ਦਾ ਸਸਕਾਰ ਕਰਨ ਵੇਲੇ ਜੋ ਬਚਨ ਕਹੇ ਉਹ ਗੁਰੂ ਜੀ ਦਾ ਸਿੱਖਾਂ ਪ੍ਰਤੀ ਸਨੇਹ ਤੇ ਉਨ੍ਹਾਂ ਦੀ ਸੂਰਮਤਾਈ ਦੀ ਦਾਸਤਾਨ ਦਰਸਾ ਰਿਹਾ ਸੀ। ਗੁਰੂ ਪਿਤਾ ਦੇ ਨੈਣਾਂ ਵਿਚੋਂ ਪ੍ਰੇਮ ਪ੍ਰਵਾਹ ਟੁਰ ਰਿਹਾ ਸੀ :

*ਕ੍ਰਿਪਾ ਸਿੰਧ ਕੇ ਦ੍ਰਿਗਨ ਤੇ*
*ਚਲਯੋ ਪ੍ਰੇਮ ਪਰਵਾਹ।*
*ਨਿਜ ਸੂਰਨ ਕੋ ਨਾਮ ਲੇ*
*ਗਦ ਗਦ ਸੁਰ ਹੈ ਜਾਹ।*

ਪਹਿਲੇ ਸੂਰਮੇ ਭਾਈ ਨੰਦ ਜੀ ਦਾ ਮੂੰਹ ਆਪਣੇ ਪੱਲੂ ਨਾਲ ਪੂੰਝਦੇ ਹੋਏ ਕਿਹਾ : ***"ਅਨੰਦ ਸੇਤੀ ਸਦਾ ਟਿਕੋ"।*** ਤੁਸਾਂ ਜੋ ਮੋਹ ਤਿਆਗ ਸਨਮੁਖ ਲੜੇ ਹੋ ਇਹ ਸਦਾ ਯਾਦ ਰਵ੍ਹੇਗਾ।

*ਨੰਦ ਆਨੰਦ ਕਰੋ।*

ਭਾਈ ਜੈਤ ਜੀ ਪਾਸ ਖੜ੍ਹੇ ਹੋ ਕੇ ਫ਼ਰਮਾਇਆ ਕਿ ਜੈਤ ਜੀ ਨੇ ਆਪੇ ਨੂੰ ਹੀ ਨਹੀਂ ਸੀ ਜਿੱਤਿਆ ਹੋਇਆ ਸਗੋਂ ਮਲੇਛਾਂ ਨੂੰ ਜਿੱਤ ਕੇ ਨਾਮ ਨੂੰ ਸਫ਼ਲ ਕੀਤਾ ਹੈ।

*ਜੈਤ ਸੁ ਜੀਤ ਮਲੇਛਨ ਕੇ ਨਾਮ ਕਮਾਯੋ।*

ਭਾਈ ਪਿਰਾਣਾ ਵੱਲ ਦ੍ਰਿਸ਼ਟੀ ਭਰ ਕਿਹਾ ਕਿ ਐਸਾ ਬੀਰ ਹੋਰ ਕੋਈ ਨਹੀਂ।

*ਭਾਈ ਪਿਰਾਣਾ ਸੁ ਬੀਰ ਮੁਹਾਏ।*

ਭਾਈ ਤੋਤਾ ਤੇ ਤ੍ਰਿਲੋਕਾ ਦੀਆਂ ਪਈਆਂ ਮ੍ਰਿਤਕ ਦੇਹਾਂ ਵੱਲ ਦੇਖ ਫ਼ਰਮਾਇਆ ਸੀ ਕਿ ਇਨ੍ਹਾਂ ਗੁਰੂ ਹਿੱਤ ਸ਼ਹੀਦੀਆਂ ਪਾਈਆਂ ਹਨ, ਵੱਡੇ ਸੂਰਮੇ ਹਨ।

*ਭਾਈ ਤੋਤਾ ਤ੍ਰਿਲੋਕਾ ਥੇ ਸੂਰਬਡੇ*
*ਮਮ ਹੇਤ ਇਕੋ ਨਿਜ ਦੇਹ ਗਵਾਏ।*

ਫਿਰ ਸ਼ਹੀਦ ਭਾਈ ਸਾਈਂ ਦਾਸ, ਭਾਈ ਪੈੜਾ ਤੇ ਭਗਤ ਵੱਲ ਦੇਖ 'ਸੂਰ ਅਪਾਰਾ' ਦੇ ਬਚਨ ਕਹੇ।

ਭਾਈ ਅਨੰਤਾ ਜੀ ਦੀ ਕੀਤੀ ਕੁਰਬਾਨੀ ਨੂੰ ਇਹ ਕਹਿ ਕੇ ਯਾਦ ਕੀਤਾ ਕਿ ਉਹ ਅਥਾਹ ਬਲੀ ਸੀ।

*ਅਨੰਤਾ ਬਲੀ ਅਨੰਤ ਥਾ*
*ਹਮਰੋ ਪ੍ਰੇਮ ਪਿਆਰ।*

ਭਾਈ ਨਿਹਾਲੂ ਤੇ ਤਖ਼ਤੂ ਵੀ ਕਿਸੇ ਤੋਂ ਘੱਟ ਬਲੀ ਨਹੀਂ ਸਨ ਤੇ ਭਾਈ ਮੋਹਨ ਤੇ ਭਾਈ ਗੋਪਾਲ ਨੇ ਜਿਵੇਂ ਪ੍ਰਣ ਪਾਲੇ ਉਹ ਸਦਾ ਯਾਦ ਰਹਿਣਗੇ।

*ਨਿਹਾਲੂ ਤਖਤੂ ਏ ਬਡ ਸੂਰੇ*
*ਮੋਹਨ ਗੋਪਾਲ ਹੈ ਮਨ ਕੇ ਪੂਰੇ।*

ਭਾਈ ਬਿਧੀ ਚੰਦ ਜੀ ਨੇ ਭਾਈ ਮੋਹਨ ਤੇ ਗੋਪਾਲ ਦੇ ਸਰੀਰਾਂ ਨੂੰ ਹੱਥ ਲਗਾ ਕੇ ਕਿਹਾ ਕਿ ਮਹਾਰਾਜ ਅਜੇ ਇਨ੍ਹਾਂ ਦੋਹਾਂ ਦਾ ਸੁਆਸ ਚੱਲ ਰਿਹਾ ਹੈ। ਉਨ੍ਹਾਂ ਦੇ ਮੁੱਖ ਵਿਚ ਜਲ ਪਾਇਆ ਗਿਆ ਤਾਂ ਉਨ੍ਹਾਂ ਦੀ ਜ਼ਬਾਨ ਹਿੱਲੀ।

ਮਹਾਰਾਜ ਨੇ ਉਨ੍ਹਾਂ ਦੋਹਾਂ ਨੂੰ ਕਿਹਾ ਕਿ ਜੋ ਇੱਛਾ ਹੈ, ਪ੍ਰਗਟਾਉ ਤਾਂ ਕਿ ਪੂਰੀ ਕਰੀਏ। ਇਤਨਾ ਸੁਣ ਦੋਵਾਂ ਨੇ ਕਿਹਾ : ਇਹ ਕੀ ਘੱਟ ਕ੍ਰਿਪਾ ਹੈ ਕਿ ਅੰਤਮ ਸਮੇਂ ਆਪ ਜੀ ਸਾਡੇ ਪਾਸ ਬੈਠੇ ਹੋ। ਗੋਪਾਲ ਤੇ ਇਹ ਹੀ ਮਿਹਰ ਕਰਨੀ ਕਿ ਆਪਣੇ ਸਾਥ ਸਦਾ ਰੱਖਣਾ। ਪਰ ਮੋਹਨ ਜੀ ਨੇ ਕਿਹਾ ਕਿ ਹੁਣ ਜੋ ਤੁਸਾਂ ਆਜ਼ਾਦੀ ਦੀ ਮੰਗ ਜਿਹੜੀ ਹੈ ਇਸ ਨੂੰ ਰੋਕਣਾ ਨਾਂਹ। ਇਹ ਬਾਜ ਵਾਪਸ ਨਾ ਕਰਨਾ।

*ਬਾਜ ਤੁਰਕ ਕੋ ਦੀਜੈ ਨਾਹੀ*
*ਸਦਾ ਜੁਧ ਤਿਨ ਸੰਗ ਮਚਾਹੀ।*

ਇਹ ਸੁਣ ਕੇ ਗੁਰੂ ਜੀ ਨੇ ਫ਼ਰਮਾਇਆ : ਐਸਾ ਹੀ ਹੋਵੇਗਾ। ਇਸ ਤੋਂ ਵੀ ਵੱਧ ਹੁਣ ਰਾਜ ਲਿਤਾੜਿਆਂ ਤੇ ਅਨਾਥਾਂ ਹੱਥ ਦੇਵਾਂਗਾ ਤਾਂ ਕਿ ਕੋਈ ਕਿਸੇ 'ਤੇ ਜ਼ੁਲਮ ਨਾ ਢਾਹੇ। ਸ੍ਰੀ ਗੁਰ ਵਾਕ :

*ਤਿਨ ਕੋ ਬਾਜ ਨਹੀ ਮੈਂ ਦੇਨਾ*
*ਤਾਜ ਬਾਜ ਤਿਨ ਤੇ ਸਭ ਲੈਨਾ*
*ਦੇਸ ਰਾਜ ਮੈ ਤਿਨ ਕਾ ਲੈ ਹੋ।*
*ਗਰੀਬ ਅਨਾਥਨਿ ਕੋ ਸਭੁ ਦੇਹੋ।*

ਇਸ ਜੰਗ ਦਾ ਮਕਸਦ ਸਪੱਸ਼ਟ ਹੋ ਗਿਆ ਜਦ ਆਪ ਜੀ ਨੇ ਇਹ ਬਚਨ ਵੀ ਕਹਿ ਦਿੱਤੇ ਕਿ ਰਾਜ ਦਾ ਛਤਰ ਸਿੱਖਾਂ 'ਤੇ ਝੁਲਾਵਾਂਗੇ।

*ਅਤ੍ਰ ਪਤ੍ਰ ਸਿਖਨ ਕੋ ਦੇਹੋ।*

ਇਹ ਵੀ ਅਸਚਰਜ ਸੁਮੇਲ ਹੈ ਕਿ ਭੰਗਾਣੀ ਦੇ ਯੁੱਧ ਵਿਚ ਵੀ ਤੇਰਾਂ ਸੂਰਮੇ ਹੀ ਸ਼ਹੀਦ ਹੋਏ ਸਨ।

ਗੁਰੂ ਹਰਿਗੋਬਿੰਦ ਜੀ ਨੇ ਸਸਕਾਰ ਕਰਕੇ ਅਕਾਲ ਤਖ਼ਤ ਅਰਦਾਸ ਕੀਤੀ ਤੇ ਹਰਿਮੰਦਰ ਸਾਹਿਬ ਮੱਥਾ ਟੇਕ ਝਬਾਲ ਆਏ ਤੇ ਉਥੋਂ ਬੀਬੀ ਵੀਰੋ ਦਾ ਅਨੰਦ ਕਾਰਜ ਸੰਪੂਰਨ ਕੀਤਾ।

❑ ❑ ❑


www.sikhbookclub.com

# ਦੂਜੀ ਜੰਗ ਦੇ ਸ਼ਹੀਦ

## ਭਾਈ ਜੱਟੂ

ਸੂਬੇਦਾਰ ਅਬਦੁੱਲਾ ਖ਼ਾਨ ਪਹਿਲਾਂ ਹੀ ਗੁਰੂ ਜੀ ਦੀ ਦੁਆਬੇ ਵਿਖੇ ਹੋਂਦ ਤੋਂ ਤੰਗ ਸੀ, ਸੋ ਉਸ ਨੇ ਗੁਰੂ ਜੀ ਦੇ ਟਾਕਰੇ ਉੱਤੇ 4000 ਫ਼ੌਜ ਤਿਆਰ ਕਰਕੇ ਭੇਜ ਦਿੱਤੀ। ਇਲਾਕੇ ਦੇ ਫ਼ੌਜਦਾਰਾਂ ਨੂੰ ਵੀ ਫ਼ੌਜਾਂ ਤਿਆਰ ਰੱਖਣ ਦਾ ਹੁਕਮ ਦੇ ਦਿੱਤਾ। ਬੈਰਮ ਖ਼ਾਨ, ਮੁਹੰਮਦ ਖ਼ਾਨ, ਬਲਵੰਡ ਖ਼ਾਨ, ਇਮਾਮ ਬਖ਼ਸ਼, ਨੱਥੀ ਬਖ਼ਸ਼, ਚਰਾਗ਼ਦੀਨ, ਅਕਬਰ ਖ਼ਾਨ ਤੇ ਸ਼ੇਰ ਮੁਹੰਮਦ ਮੁਹਰੇ ਸਨ। ਸਾਰੀ ਫ਼ੌਜ ਅੱਠ ਥਾਵੇਂ ਵੰਡੀ ਹੋਈ ਸੀ।

ਗੁਰੂ ਹਰਿਗੋਬਿੰਦ ਜੀ ਨੇ ਫ਼ੌਜ ਦੀ ਕਮਾਨ ਭਾਈ ਜੱਟੂ ਦੇ ਹੱਥ ਵਿਚ ਦਿੱਤੀ ਤੇ ਹਰ ਜਥੇ ਦਾ ਇਕ-ਇਕ ਜਥੇਦਾਰ ਵੀ ਥਾਪ ਦਿੱਤਾ। ਭਾਈ ਕਲਿਆਣਾ, ਭਾਈ ਕਾਲ੍ਹਾ, ਭਾਈ ਪਿਰਾਗਾ, ਭਾਈ ਮਥਰਾ, ਭਾਈ ਜਗਨਨਾਥ, ਭਾਈ ਜਗਨਾ, ਭਾਈ ਸਕਤੂ, ਭਾਈ ਜਤੀ ਮਲ, ਪਰਸ ਰਾਮ ਤੇ ਭਾਈ ਮਲੂਕਾ ਜਥਿਆਂ ਦੇ ਇੰਚਾਰਜ ਸਨ। ਸੂਰਮੇ ਮੋਰਾਂ ਵਾਂਗ ਪੈਲਾਂ ਪਾਉਂਦੇ ਸਨ ਤੇ ਵੈਰੀਆਂ ਵਿਚੋਂ ਕਾਇਰ ਸਿਆਲੇ ਵਿਚ ਸੱਪਾਂ ਦੀ ਨਿਆਈਂ ਲੁਕਦੇ ਫਿਰਦੇ ਸਨ। ਅਜਿਹਾ ਘਮਸਾਨ ਮਚਿਆ ਕਿ ਆਪਣੇ ਪਰਾਏ ਦੀ ਪਛਾਣ ਨਾ ਰਹੀ।

ਭਾਈ ਜੱਟੂ ਨੇ ਸਿੱਧਾ ਮੁਹੰਮਦ ਖ਼ਾਨ ਨੂੰ ਵੰਗਾਰਿਆ। ਮੁਹੰਮਦ ਖ਼ਾਨ ਨੇ ਪਹਿਲੇ ਤੀਰ ਨਾਲ ਹੀ ਭਾਈ ਜੱਟੂ ਜੀ ਦਾ ਘੋੜਾ ਥਾਂ ਮਾਰ ਲਿਆ। ਉਧਰੋਂ ਘੋੜੇ ਤੋਂ ਡਿਗਦਿਆਂ ਭਾਈ ਜੀ ਨੇ ਬੰਦੂਕ ਚਲਾਈ ਤੇ ਉਧਰੋਂ ਮੁਹੰਮਦ ਖ਼ਾਨ ਨੇ ਤੀਰ ਚਲਾਇਆ ਤੇ ਕੁਦਰਤ ਦਾ ਕਰਨਾ ਕਿ ਦੋਵੇਂ ਹੀ ਇਕੋ ਵੇਲੇ ਡਿੱਗੇ ਤੇ ਰਣ ਭੂਮੀ ਵਿਚ ਸਦਾ ਲਈ ਸ਼ਾਂਤ ਹੋ ਗਏ।

## ਭਾਈ ਕਲਿਆਣਾ

ਬੈਰਮ ਖ਼ਾਨ ਦੀ ਥਾਂ ਸੂਬੇਦਾਰ ਨੇ ਬਲਵੰਡ ਖ਼ਾਨ ਨੂੰ ਭੇਜਿਆ ਤੇ ਮਦਦ ਲਈ ਇਕ ਹੋਰ ਦਸਤਾ ਅਲੀ ਬਖ਼ਸ਼ ਦਾ ਵੀ ਦਿੱਤਾ। ਦੋਵਾਂ ਦਸਤਿਆਂ ਵਿਚ ਭਾਜੜ ਪੈ ਗਈ ਪਰ ਭਾਈ ਕਲਿਆਣਾ ਜੀ ਨੇ ਆਪਣੀ ਬੰਦੂਕ ਦੀ ਸੇਧ ਬਲਵੰਡ ਖ਼ਾਨ ਵੱਲ ਕਰਕੇ ਅਜਿਹਾ ਨਿਸ਼ਾਨਾ ਮਾਰਿਆ ਕਿ ਉਹ ਥਾਂ ਹੀ ਚਿੱਤ ਹੋ ਗਿਆ। ਅਲੀ ਬਖ਼ਸ਼ ਨੇ ਬਲਵੰਡ ਖ਼ਾਨ ਨੂੰ ਡਿੱਗਦੇ ਦੇਖ ਸਿੱਧਾ ਧਾਵਾ ਭਾਈ ਕਲਿਆਣਾ ਜੀ ਉੱਤੇ ਬੋਲ ਦਿੱਤਾ। ਭਾਈ ਕਲਿਆਣਾ ਜੀ ਨੇ ਲਗਾਤਾਰ ਤੀਰ ਛੱਡੇ ਤੇ ਤੀਰਾਂ

ਦਾ ਭੱਥਾ ਖ਼ਾਲੀ ਹੋ ਗਿਆ। ਉਸ ਸਮੇਂ ਤਲਵਾਰ ਵਾਹੁਣੀ ਆਰੰਭੀ ਪਰ ਭਾਈ ਸਾਹਿਬ ਐਸੇ ਘੇਰੇ ਵਿਚ ਸਨ ਕਿ ਉਨ੍ਹਾਂ ਦਾ ਨਿਕਲਣਾ ਅਸੰਭਵ ਸੀ। ਉੱਥੇ ਲੜਦੇ ਲੜਦੇ ਸ਼ਹੀਦ ਹੋ ਗਏ।

## ਭਾਈ ਨਾਨੂ

ਜਦ ਅਲੀ ਬਖ਼ਸ਼ ਨੇ ਸਭ ਤੋਂ ਧਿਆਨ ਛੱਡ ਕੇ ਚੜ੍ਹਾਈ ਗੁਰੂ ਹਰਿਗੋਬਿੰਦ ਜੀ ਵੱਲ ਕੀਤੀ ਤਾਂ ਅਲੀ ਬਖ਼ਸ਼ ਨੂੰ ਗੁਰੂ ਜੀ ਵੱਲ ਵਧਦਾ ਦੇਖ ਭਾਈ ਨਾਨੂ ਜੀ ਨੇ ਅਗਾਂਹ ਵੱਧ ਅਲੀ ਬਖ਼ਸ਼ ਨੂੰ ਰੋਕ ਲਿਆ। ਅਲੀ ਬਖ਼ਸ਼ ਨੇ ਭਾਈ ਜੀ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਚਾਹਿਆ ਪਰ ਉਸ ਦੇ ਐਸਾ ਕਰਨ ਤੋਂ ਪਹਿਲਾਂ ਹੀ ਭਾਈ ਜੀ ਨੇ ਤੀਰ ਚਲਾ ਅਲੀ ਬਖ਼ਸ਼ ਨੂੰ ਖ਼ਤਮ ਕਰ ਦਿੱਤਾ। ਭਾਈ ਨਾਨੂ 'ਸ਼ਬਦ ਵੇਧ ਤੀਰ' ਦੇ ਇਲਮ ਤੋਂ ਜਾਣੂ ਸਨ। ਜਿਸ ਥਾਂ ਤੋਂ ਆਵਾਜ਼ ਆਉਂਦੀ ਸੀ, ਤੀਰ ਚਲਾ ਕੇ ਆਵਾਜ਼ ਹੀ ਖ਼ਤਮ ਕਰ ਦਿੰਦੇ ਸਨ। ਅਲੀ ਬਖ਼ਸ਼ ਨੂੰ ਡਿੱਗਿਆ ਸੁਣ, ਅਮਾਮ ਬਖ਼ਸ਼ ਅੱਗੇ ਵਧਿਆ। ਅਜੇ ਉਹ ਹਿੱਲਿਆ ਹੀ ਸੀ ਕਿ ਭਾਈ ਨਾਨੂ ਜੀ ਨੇ ਦੋ ਧਾਰੇ ਖੰਡੇ ਨਾਲ ਉਸ ਦੀ ਇਕ ਬਾਂਹ ਉਡਾ ਦਿੱਤੀ ਪਰ ਉਸ ਨੇ ਸੱਜੇ ਹੱਥ ਨਾਲ ਇਕ ਐਸਾ ਵਾਰ ਕੀਤਾ ਕਿ ਭਾਈ ਨਾਨੂ ਜੀ ਵੀ ਥਾਂ ਹੀ ਸ਼ਹੀਦ ਹੋ ਗਏ।

## ਭਾਈ ਸਕਤੂ ਤੇ ਪਰਸ ਰਾਮ

ਭਾਈ ਪਰਸ ਰਾਮ ਤੇ ਭਾਈ ਸਕਤੂ ਜੀ ਨੇ ਜਦ ਜਥੇ ਦੀ ਕਮਾਨ ਸੰਭਾਲੀ ਤਾਂ ਮੁਗ਼ਲਾਂ ਨੂੰ ਕਹਿਣਾ ਹੀ ਪਿਆ, "ਅਸੀਂ ਤਾਂ ਇਨ੍ਹਾਂ ਨੂੰ ਨਾਈ, ਛੀਂਬੇ ਤੇ ਬਰੁਟ ਹੀ ਸਮਝਦੇ ਸਾਂ ਪਰ ਇਹ ਤਾਂ ਯੋਧਿਆਂ ਦੀ ਸੈਨਾ ਨਿਕਲੀ।"

ਭਾਈ ਪਰਸ ਰਾਮ ਦੇ ਜਥੇ ਨੇ ਅੱਗੇ ਵੱਧ ਕੇ ਰੋਕਿਆ ਪਰ ਨਬੀ ਬਖ਼ਸ਼ ਦਾ ਤੀਰ ਭਾਈ ਸਾਹਿਬ ਨੂੰ ਘਾਇਲ ਕਰ ਗਿਆ। ਘਾਇਲ ਪਰਸ ਰਾਮ ਜੀ ਨੂੰ ਭਾਈ ਸਕਤੂ ਨੇ ਸਹਾਰਾ ਦਿੱਤਾ ਤੇ ਸੰਭਲ ਕੇ ਤਲਵਾਰ ਹੱਥ ਲੈ ਨਬੀ ਬਖ਼ਸ਼ ਉੱਤੇ ਭਰਵਾਂ ਵਾਰ ਕੀਤਾ ਤੇ ਉਹ ਥਾਂ ਹੀ ਚਿੱਤ ਹੋ ਗਿਆ। ਨਬੀ ਬਖ਼ਸ਼ ਨੂੰ ਡਿੱਗਦਾ ਦੇਖ ਫ਼ੌਜ ਨੇ ਭਾਈ ਸਕਤੂ ਤੇ ਭਾਈ ਪਰਸਰਾਮ ਜੀ ਨੂੰ ਥਾਂ ਹੀ ਸ਼ਹੀਦ ਕਰ ਦਿੱਤਾ।

❑ ❑ ❑

# ਤੀਜੀ ਜੰਗ ਦੇ ਸ਼ਹੀਦ

## ਭਾਈ ਜੇਠਾ ਜੀ

ਭਾਈ ਜੇਠਾ ਜੀ ਗਿਆਨੀ ਵੀ ਸਨ ਤੇ ਯੁੱਧ ਕਲਾ ਵਿਚ ਵੀ ਪ੍ਰਬੀਨ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਸਤਰ ਵਿੱਦਿਆ ਦਾ ਗਿਆਨ ਭਾਈ ਜੇਠਾ ਜੀ ਨੇ ਹੀ ਕਰਾਇਆ। ਗੁਰੂ ਜੀ ਵੀ ਅੱਗੋਂ ਪੂਰਾ ਮਾਣ ਦਿੰਦੇ ਸਨ।

ਭਾਈ ਜੇਠਾ ਜੀ ਦੀ ਬੁੱਧੀ ਬੜੀ ਤੀਬਰ ਸੀ। ਮਾਤਾ ਗੰਗਾ ਜੀ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਦੀ ਸਲਾਹ ਜ਼ਰੂਰ ਲੈਂਦੇ। ਉਨ੍ਹਾਂ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਜਹਾਂਗੀਰ ਦਾ ਮਨ ਮੈਲਾ ਹੈ। ਉਹ ਗੁਰੂ ਹਰਿਗੋਬਿੰਦ ਜੀ ਨੂੰ ਜ਼ਰੂਰ ਨੁਕਸਾਨ ਪਹੁੰਚਾਉਣ ਦੀ ਸੋਚੇਗਾ। ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਗਵਾਲੀਅਰ ਭੇਜ ਦਿੱਤਾ ਤਾਂ ਚੁੱਪ ਕਰਕੇ ਨਹੀਂ ਬੈਠੇ ਕਿ ਮੈਂ ਤਾਂ ਪਹਿਲਾਂ ਹੀ ਜਾਣਦਾ ਸਾਂ ਪਰ ਜਹਾਂਗੀਰ ਨੂੰ ਮਹਿਲਾਂ ਵਿਚ ਜਾ ਸ਼ੇਰ ਦੀ ਆਵਾਜ਼ ਕੱਢ ਰੋਜ਼ ਡਰਾ ਆਂਵਦੇ। ਇਕ ਵਾਰੀ ਤਾਂ ਸਾਰਿਆਂ ਪਹਿਰਿਆਂ ਦੇ ਬਾਵਜੂਦ ਉਸ ਦੇ ਸੌਣ ਕਮਰੇ ਤੱਕ ਪੁੱਜ ਕੇ ਉਸ ਨੂੰ ਡਰਾ ਆਏ ਸਨ।

ਯੁੱਧ ਦੇ ਮੈਦਾਨ ਵਿਚ ਭਾਈ ਜੇਠਾ ਜੀ ਦੀ ਫੁਰਤੀ ਦੇਖਣ ਵਾਲੀ ਹੁੰਦੀ ਸੀ। ਭਾਈ ਜੇਠਾ ਜੀ ਦੀ ਕਮਾਨ ਵਿਚ ਪੂਰਾ ਇਕ ਜਥਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਯੁੱਧਾਂ ਵਿਚ ਇਨ੍ਹਾਂ ਨੇ ਭਾਗ ਲਿਆ। ਤੀਜੇ ਯੁੱਧ ਦੇ ਦੌਰਾਨ ਕਰਮ ਬੇਗ ਦੇ ਪੁੱਤਰ ਸ਼ੱਮਸ ਬੇਗ ਨੇ ਬਾਪ ਨੂੰ ਡਿੱਗਦਾ ਦੇਖ ਟਾਕਰਾ ਕਰਨਾ ਚਾਹਿਆ। ਬਿਧੀ ਚੰਦ ਜੀ ਨੇ ਰਾਹ ਰੋਕ ਕੇ ਉਸ ਨੂੰ ਵੰਗਾਰਿਆ : "ਤੇਰੀ ਉਮਰ ਅਜੇ ਮਾਂ ਦਾ ਦੁੱਧ ਪੀਣ ਵਾਲੀ ਹੈ। ਲੜਾਈ ਤੇਰੇ ਵੱਸ ਦਾ ਰੋਗ ਨਹੀਂ।" ਉਸ ਰੋਹ ਵਿਚ ਲਲਕਾਰਿਆ ਕਿ ਪਿਉ ਦਾ ਬਦਲਾ ਲੈ ਕੇ ਹੀ ਜਾਵਾਂਗਾ। ਭਾਈ ਜੀ ਨਾਲ ਉਹ ਗੁੱਥਮ ਗੁੱਥਾ ਹੋ ਗਿਆ। ਉਨ੍ਹਾਂ ਸ਼ਮੱਸ ਬੇਗ ਨੂੰ ਥੱਲੇ ਗਿਰਾ ਕੇ ਮਾਰ ਮੁਕਾ ਦਿੱਤਾ। ਸ਼ਮੱਸ ਬੇਗ ਦਾ ਭਰਾ ਕਾਸਮ ਬੇਗ ਉੱਥੇ ਹੀ ਆ ਡੱਟਿਆ। ਭਾਈ ਜੇਠਾ ਜੀ ਉਸ ਦੇ ਸਾਹਮਣੇ ਜਾ ਹੋਏ। ਜੇਠਾ ਜੀ ਬਿਰਧ ਹੋ ਗਏ ਸਨ। ਕਾਸਮ ਬੇਗ ਨੇ ਕਿਹਾ : ਓਏ ਬੁੱਢੇ ਸ਼ਾਹ ਬਾਕੀ ਦੇ ਦਿਨ ਸੁਖ ਦੇ ਭੋਗ। ਜੇਠਾ ਜੀ ਮੁਸਕਰਾ ਪਏ ਤੇ ਕਿਹਾ ਕਿ ਮੈਂ ਤਾਂ ਜ਼ਿੰਦਗੀ ਭੋਗ ਲਈ ਤੂੰ ਆਪਣੀ ਜ਼ਿੰਦ ਬਚਾ। ਕਾਸਮ ਨੇ : ਸੰਭਲ ਓਇ ਬੁੱਢੇ। ਆਖ ਵਾਰ ਕੀਤਾ। ਭਾਈ ਜੀ ਨੇ ਵਾਰ ਬਚਾ ਕੇ ਵੱਧ ਕੇ ਕਾਸਮ ਨੂੰ ਜ਼ਮੀਨ ਉੱਤੇ ਪਟਕਾ ਕੇ ਮਾਰਿਆ। ਉਹ ਥਾਂ 'ਤੇ ਹੀ ਖ਼ਤਮ ਹੋ ਗਿਆ। ਪਰ ਸ਼ਾਹੀ ਫੌਜਾਂ ਨੇ ਵੀ ਭਾਈ ਜੇਠਾ ਜੀ ਨੂੰ ਘੇਰ ਕੇ ਉੱਥੇ ਹੀ ਸ਼ਹੀਦ ਕਰ ਦਿੱਤਾ। ਆਪ ਜੀ ਦਾ ਸਸਕਾਰ ਗੁਰੂ ਜੀ ਨੇ ਹੱਥੀਂ ਕੀਤਾ ਅਤੇ ਬੜੇ ਵਰ ਦਿੱਤੇ।

# ਚੌਥੀ ਜੰਗ ਦੇ ਸ਼ਹੀਦ

## ਭਾਈ ਲੱਖੂ ਜੀ

ਗੁਰੂ ਹਰਿਗੋਬਿੰਦ ਜੀ ਪੈਂਧੇ ਖ਼ਾਨ ਦੀ ਨੀਤ ਨੂੰ ਜਾਣ ਗਏ ਸਨ ਤੇ ਉਨ੍ਹਾਂ ਨੂੰ ਸਭ ਖ਼ਬਰਾਂ ਪੁੱਜ ਰਹੀਆਂ ਸਨ ਕਿ ਫ਼ੌਜਾਂ ਇਕੱਠੀਆਂ ਹੋ ਕਰਤਾਰਪੁਰ ਵੱਲ ਵੱਧ ਰਹੀਆਂ ਹਨ। ਸ਼ਾਹੀ ਸੈਨਾ ਤਕੜੀ ਤਿਆਰੀ ਕਰਕੇ ਅੱਗੇ ਵਧੀ। ਗੁਰੂ ਹਰਿਗੋਬਿੰਦ ਜੀ ਨੇ ਇਸ ਜੰਗ ਵਿਚ ਜਿਤਨੇ ਤੀਰ ਚਲਾਏ ਸ਼ਾਇਦ ਹੀ ਪਹਿਲਾਂ ਕਿਸੇ ਥਾਂ ਜਾਂ ਜੰਗ ਵਿਚ ਚਲਾਏ ਹੋਣ। ਭਾਈ ਲੱਖੂ ਜੀ ਅੱਗੇ ਵਧੇ ਪਰ ਕੁਤਬ ਖ਼ਾਨ ਨੇ ਭਰਵਾਂ ਤੇ ਟਿੱਕਵਾਂ ਵਾਰ ਕੀਤਾ ਤੇ ਭਾਈ ਲੱਖੂ ਜੀ ਉੱਥੇ ਹੀ ਸ਼ਹੀਦ ਹੋ ਗਏ।

❑ ❑ ❑



www.sikhbookclub.com

# ਸ਼ਰਧਾਵਾਨ ਬੀਬੀਆਂ

# ਬੀਬੀ ਵੀਰੋ ਜੀ

ਭਾਰਤ ਵਿਚ ਇਸਤਰੀ ਨੂੰ ਉੱਚਾ ਉਠਾਉਣ ਲਈ ਬਹੁਤ ਸਾਰੀਆਂ ਲਹਿਰਾਂ ਚੱਲੀਆਂ, ਪਰ ਇਸਤਰੀ ਦੀ ਦਸ਼ਾ ਸੁਧਾਰਨ ਲਈ ਸ਼ੁਰੂਆਤ ਤਾਂ ਕਾਫ਼ੀ ਤੇਜ਼ੀ ਨਾਲ ਹੁੰਦੀ ਸੀ ਪਰ ਧੀਰੇ ਧੀਰੇ ਇਹ ਲਹਿਰਾਂ ਮੱਧਮ ਪੈ ਜਾਂਦੀਆਂ ਸਨ। ਸਭ ਤੋਂ ਜ਼ੋਰਦਾਰ ਤੇ ਅਸਰਦਾਰ ਔਰਤ ਦੀ ਦਸ਼ਾ ਸੁਧਾਰਨ ਵਾਲੀ ਆਵਾਜ਼ ਜੋ ਗੁਰੂ ਨਾਨਕ ਦੇਵ ਜੀ ਨੇ ਉਠਾਈ, ਉਹ ਹੀ ਲਹਿਰ ਬਣ ਸਕੀ। ਗੁਰੂ ਨਾਨਕ ਦੇਵ ਜੀ ਨੇ ਜੋ ਮਾਣ-ਇੱਜ਼ਤ ਇਸਤਰੀ ਨੂੰ ਦਿੱਤੀ ਉਸ ਦਾ ਪਾਲਣ ਪੀੜ੍ਹੀ-ਦਰ-ਪੀੜ੍ਹੀ ਕੀਤਾ ਗਿਆ। ਜੇ ਗੁਰੂ ਨਾਨਕ ਦੇਵ ਜੀ ਨੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਕਿਹਾ ਤਾਂ ਗੁਰੂ ਅੰਗਦ ਦੇਵ ਜੀ ਨੇ "ਬੜੀ ਸੁਲਖਣੀ" ਕਿਹਾ। ਗੁਰੂ ਹਰਿਗੋਬਿੰਦ ਜੀ ਨੇ ਤਾਂ ਅਰਦਾਸ ਵੀ ਇਹੋ ਕੀਤੀ ਕਿ ਹਰ ਘਰ ਵਿਚ ਕੰਨਿਆ ਜ਼ਰੂਰ ਹੋਵੇ ਤਾਂ ਕਿ ਹਰ ਘਰ ਵਿਚ ਚੱਜ-ਆਚਾਰ ਆ ਸਕੇ। ਛੇਵੇਂ ਪਾਤਸ਼ਾਹ ਦੇ ਘਰ ਜਦ ਬੇਟੀ ਵੀਰੋ ਦਾ ਜਨਮ ਹੋਇਆ ਤਾਂ ਬਹੁਤ ਖ਼ੁਸ਼ੀ ਮਨਾਈ। "ਗੁਰਬਿਲਾਸ ਪਾਤਸ਼ਾਹੀ ਛੇਵੀਂ" ਦਾ ਕਹਿਣਾ ਹੈ ਕਿ ਛੇਵੇਂ ਪਾਤਸ਼ਾਹ ਨੇ ਮਾਂ ਕੋਲੋਂ ਅਸੀਸ ਹੀ ਕੰਨਿਆ ਦੇ ਜਨਮ ਲਈ ਮੰਗੀ ਸੀ। ਮਹਾਰਾਜ ਦਾ ਕਥਨ ਸੀ :

*ਸੀਲ ਖਾਨ ਕੰਨਿਆ ਇਕ ਹੋਵੈ।*
*ਪੁਤਰੀ ਬਿਨ ਜਗ ਗ੍ਰਹਸਤ ਵਿਗੋਏ।*

ਗੁਰੂ ਅਮਰਦਾਸ ਜੀ ਦਾ ਬੀਬੀ ਭਾਨੀ ਜੀ ਨੂੰ ਬਖ਼ਸ਼ਿਆ ਮਾਣ ਇਸਤਰੀ ਦੀ ਇੱਜ਼ਤ ਦਾ ਸਾਖੀ ਹੈ।

ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਦੇ ਨਾਮ 'ਤੇ ਹੀ ਤੁੰਗਵਾਲੀ ਪਿੰਡ ਦੇ ਆਸ-ਪਾਸ ਦੀ ਜ਼ਮੀਨ ਖ਼ਰੀਦੀ। ਮਗਰੋਂ ਇਹ ਧਰਤੀ ਭਾਗਾਂ ਵਾਲੀ ਬਣੀ, ਜਦ ਉੱਥੇ ਨਗਰ ਸ੍ਰੀ ਅੰਮ੍ਰਿਤਸਰ ਉਸਾਰਿਆ ਗਿਆ। ਗੁਰੂ ਹਰਿਗੋਬਿੰਦ ਜੀ ਦੀ ਸਪੁੱਤਰੀ ਮਾਤਾ ਨਾਨਕੀ ਜੀ ਨੇ ਗੁਰੂ ਤੇਗ਼ ਬਹਾਦਰ ਜੀ ਵਰਗੇ ਸਭ ਦੀ ਪਤ ਰੱਖਣ ਵਾਲੇ ਪੈਦਾ ਕੀਤੇ। ਫਿਰ ਮਾਤਾ ਜੀ ਦੇ ਸਤਿਕਾਰ ਵਜੋਂ ਹੀ ਗੁਰੂ ਤੇਗ਼ ਬਹਾਦਰ ਜੀ ਨੇ ਪਿੰਡ ਮਾਖੋਵਾਲ ਦੀ ਭੋਇੰ ਖ਼ਰੀਦ ਕੇ 'ਚੱਕ ਨਾਨਕੀ' ਵਸਾਇਆ। ਇਹ ਸਿੱਖ ਇਤਿਹਾਸ ਵਿਚ ਦੂਜਾ ਮੌਕਾ ਸੀ ਕਿ ਇਕ ਇਸਤਰੀ ਦੇ ਨਾਂ 'ਤੇ ਹੀ ਜ਼ਮੀਨ ਖ਼ਰੀਦੀ ਗਈ ਅਤੇ ਫਿਰ ਨਗਰ ਵੀ ਵਸਾਇਆ। ਕੇਵਲ ਇਸਤਰੀ ਦੇ ਨਾਮ ਜ਼ਮੀਨ ਜਾਇਦਾਦ ਲਗਾ ਕੇ ਉਸ ਦੀ ਇੱਜ਼ਤ ਸਿੱਖ ਘਰ ਵਿਚ ਨਹੀਂ ਦਿੱਤੀ ਸਗੋਂ ਉਸ ਦੇ ਗੁਣ ਵੀ ਦੱਸੇ। ਇਸਤਰੀ ਦਾ ਦਰਜਾ ਨੀਵਾਂ ਨਹੀਂ ਬਲਕਿ ਇਕ ਵੱਖਰਾ ਰੁਤਬਾ ਰੱਖਦਾ ਹੈ।

*ਸਭ ਪਰਵਾਰੈ ਮਾਹਿ ਸਰੇਸਟ*
*ਮਤੀ ਦੇਵੀ ਦੇਵਰ ਜੇਸਟ।*

ਔਰਤਾਂ ਨੂੰ ਤਾਂ ਕਈ ਤਰ੍ਹਾਂ ਦੇ ਬੰਧਨ ਵਿਚ ਬੰਨ੍ਹਿਆ ਹੋਇਆ ਸੀ। ਪਰਦਾ ਪ੍ਰਥਾ, ਸਤੀ ਪ੍ਰਥਾ, ਬਾਲ ਵਿਆਹ, ਬਹੁ-ਵਿਆਹ ਪ੍ਰਣਾਲੀ, ਦਾਜ ਆਦਿ, ਬੰਧਨ-ਰੂਪ ਹੋ ਇਸਤਰੀ ਨੂੰ ਚੰਬੜੇ ਹੋਏ ਸਨ। ਪਰ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਜਕੜਾਂ ਤੋਂ ਔਰਤ ਨੂੰ ਸਿਰਫ਼ ਆਜ਼ਾਦ ਹੀ ਨਾ ਕਰਾਇਆ ਸਗੋਂ ਸੁਤੰਤਰ ਵਿਚਰਨ ਦੀ ਖੁੱਲ੍ਹ ਲੈ ਕੇ ਦਿੱਤੀ। ਆਪ ਜੀ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਸੀ ਕਿ ਉਨ੍ਹਾਂ ਦੇ ਦਰਬਾਰ ਵਿਚ ਕੋਈ ਔਰਤ ਪਰਦਾ ਕਰਕੇ ਨਾ ਆਵੇ।

ਇੱਥੇ ਇਕ ਗਾਥਾ ਵੀ ਆਉਂਦੀ ਹੈ : ਜਦ ਮੰਡੀ ਰਾਜ ਦੀ ਸਭ ਤੋਂ ਛੋਟੀ ਰਾਣੀ ਪਰਦਾ ਕਰਕੇ ਦਰਬਾਰ ਵਿਚ ਆਈ ਤਾਂ ਉਸ ਨੂੰ ਕਮਲੀ ਤੱਕ ਕਿਹਾ।

ਇਕ ਵਾਰ ਜਦ ਗੁਰੂ ਹਰਿਗੋਬਿੰਦ ਜੀ ਡਰੋਲੀ ਟਿਕੇ ਹੋਏ ਸਨ ਤਾਂ ਉੱਥੇ ਇਕ ਨਵੀਂ ਵਿਆਹੀ ਸਿੱਖ ਬੱਚੀ ਡੋਲੀਓਂ ਉਤਰ ਕੇ ਆਈ। ਉਸ ਬਿਨਾਂ ਪਰਦਾ ਕੀਤੇ ਗੁਰੂ ਜੀ ਦੇ ਦਰਸ਼ਨ ਕੀਤੇ। ਉਸ ਵਕਤ ਅਜੇ ਔਰਤਾਂ ਵਿਚ ਇਤਨਾ ਖੁੱਲ੍ਹਾਪਣ ਨਹੀਂ ਸੀ ਆਇਆ। ਸਾਰੇ ਦੇਖ ਹੈਰਾਨ ਹੋਏ। ਸਿੱਖਾਂ ਵਿਚ ਸੰਗਤ ਤੇ ਪੰਗਤ ਦੀ ਰੀਤ ਨੇ ਵੀ ਕਾਫ਼ੀ ਖੁੱਲ੍ਹਾਪਨ ਲਿਆਂਦਾ। ਗੱਲ ਕੀ ਗੁਰੂ ਜੀ ਨੇ ਤਾਂ ਹਰ ਪੱਖ ਵਿਚ ਔਰਤਾਂ ਨੂੰ ਉੱਚਾ ਉਠਾਉਣ ਦੀ ਕੋਸ਼ਿਸ਼ ਕੀਤੀ।

ਗੁਰੂ ਹਰਿਗੋਬਿੰਦ ਜੀ ਨੇ ਆਪਣੀ ਪੁੱਤਰੀ ਵੀਰੋ ਨੂੰ ਸਿੱਖਿਆ ਹੀ ਐਸੀ ਦਿੱਤੀ ਕਿ ਉਹ ਲਾਡਲੀ ਬੱਚੀ ਹਰ ਵਕਤ ਫੁੱਲਾਂ ਵਾਂਗ ਖ਼ੁਸ਼ਬੂ ਹੀ ਵੰਡਦੀ ਰਹੀ। ਪੰਜ ਭਰਾਵਾਂ ਦੀ ਇਕੱਲੀ ਭੈਣ ਹੋਣ 'ਤੇ ਭਾਵੇਂ ਭਰਾ ਕਿਤਨੇ ਲਾਡ ਲਡਾਂਦੇ ਪਰ ਆਪ ਜੀ ਨੇ ਸਿੱਖਿਆ ਵੱਲ ਪੂਰਾ ਧਿਆਨ ਦਿੱਤਾ।

ਵੀਰੋ ਦਾ ਜਨਮ ਸੰਮਤ 1672 (ਸੰਨ 1615) ਵਿਚ ਸ੍ਰੀ ਅੰਮ੍ਰਿਤਸਰ ਮਾਤਾ ਦਮੋਦਰੀ ਦੀ ਕੁਖੋਂ ਹੋਇਆ। ਗੁਰੂ ਹਰਿਗੋਬਿੰਦ ਜੀ ਦੀ ਛਾਂ ਹੇਠ ਵੀਰਾਂ-ਗੁਰਦਿੱਤਾ ਜੀ, ਸੂਰਜ ਮੱਲ, ਅਣੀ ਰਾਇ, ਅਟੱਲ ਰਾਇ ਤੇ (ਗੁਰੂ) ਤੇਗ਼ ਬਹਾਦਰ ਜੀ ਨਾਲ ਹੱਸਦੀ ਖੇਡਦੀ ਭੈਣ ਵੀਰੋ ਵੱਡੀ ਹੋਈ। ਗੁਰੂ ਹਰਿਗੋਬਿੰਦ ਜੀ ਦੇ ਮਹਿਲ ਦਮੋਦਰੀ ਜੀ ਦੀ ਵੱਡੀ ਭੈਣ ਰਾਮੋ ਪਿੰਡ ਡਰੋਲੀ ਭਾਈ ਸਾਈਂ ਦਾਸ ਜੀ ਨਾਲ ਵਿਆਹੀ ਹੋਈ ਸੀ। ਇਸ ਕਰਕੇ ਗੁਰੂ ਜੀ ਦਾ ਮਾਲਵੇ ਵਿਚ ਆਉਣਾ ਜਾਣਾ ਲੱਗਾ ਰਹਿੰਦਾ ਸੀ। ਇਸੇ ਮੇਲ ਜੋਲ ਦਾ ਸਿੱਟਾ ਸੀ ਕਿ ਆਪ ਨੇ ਇਕੋ ਇਕ ਸਪੁੱਤਰੀ ਵੀਰੋ ਦਾ ਨਾਤਾ ਮਾਲਵੇ ਵਿਚ ਕੀਤਾ। ਇਕ ਵਾਰ ਜਦ ਗੁਰੂ ਹਰਿਗੋਬਿੰਦ ਜੀ ਅਕਾਲ ਤਖ਼ਤ 'ਤੇ ਬਿਰਾਜਮਾਨ ਸਨ ਤੇ ਸੰਗਤਾਂ ਜੁੜੀਆਂ ਹੋਈਆਂ ਸਨ ਤਾਂ ਮਹਾਰਾਜ ਨੇ ਡਿੱਠਾ ਕਿ ਇਕ ਬੱਚਾ ਮੈਲੇ ਕੱਪੜਿਆਂ ਵਿਚ ਹੈ ਪਰ ਉਸ ਦਾ ਰੂਪ ਨਹੀਂ ਝੱਲਿਆ ਜਾ ਰਿਹਾ। ਚਿਹਰੇ 'ਤੇ ਕੋਈ ਨਿਰਾਲੀ ਆਤਮਕ ਚਮਕ ਹੈ। ਮਹਾਰਾਜ ਨੇ ਉਸ ਨੂੰ ਕੋਲ ਬੁਲਾ ਪੁੱਛਿਆ ਕਿ ਬੇਟਾ ਤੇਰਾ ਨਾਮ ਕੀ ਹੈ? ਬੇਟੇ ਨੂੰ ਗੁਰੂ ਵੱਲ ਜਾਂਦਾ ਤੱਕ ਉਸ ਦਾ ਪਿਤਾ, ਜੋ ਉਸ ਦੇ ਨਾਲ ਹੀ ਖੜ੍ਹਾ ਸੀ, ਵੀ ਨਾਲ ਉਠਿਆ। ਬੇਟੇ

ਦੀ ਥਾਂ ਪਿਤਾ ਨੇ ਕਿਹਾ : "ਜੀ ਮੇਰਾ ਨਾਂ ਧਰਮਾ ਹੈ ਤੇ ਇਹ ਮੇਰਾ ਪੁੱਤਰ ਹੈ, ਜਿਸ ਦਾ ਨਾਮ ਸਾਧੂ ਹੈ।" ਮਹਾਰਾਜ ਨੇ ਜਦ ਵੀਰੋ ਨਾਲ ਰਿਸ਼ਤਾ ਕਰਨ ਦੀ ਗੱਲ ਕਹੀ ਤਾਂ ਧਰਮਾ ਨੇ ਹੱਥ ਜੋੜ ਕਿਹਾ ਕਿ ਮੈਂ ਬਹੁਤ ਗ਼ਰੀਬ ਹਾਂ। ਪਰ ਗੁਰੂ ਮਹਾਰਾਜ ਨੇ ਕਿਹਾ : "ਭਾਈ ਧਰਮੇ! ਕੌਣ ਹੈ ਸੰਸਾਰ ਵਿਚ ਵਾਹਿਗੁਰੂ ਤੋਂ ਬਗ਼ੈਰ ਅਮੀਰ। ਸੰਕੋਚ ਨਾ ਦਿਖਲਾ। ਤੁਹਾਡਾ ਪੁੱਤਰ ਬੜਾ ਭਾਗਵਾਨ ਹੈ। ਇਹ ਸ਼ਿਵ-ਅਵਤਾਰ ਸਮਾਨ ਹੈ। ਇਹ ਤਾਂ ਕੁਲ ਤਾਰਨ ਆਇਆ ਹੈ।"

ਜਦ ਮਾਤਾ ਦਮੋਦਰੀ ਨੇ ਵੀ ਇਸ ਕੀਤੇ ਰਿਸ਼ਤੇ 'ਤੇ ਰਤਾ ਕੁ ਕਿੰਤੂ ਕੀਤਾ ਤਾਂ ਵੀ ਮਹਾਰਾਜ ਨੇ ਕਿਹਾ : "ਇਸ ਦੇ ਮੈਲੇ ਕੱਪੜਿਆਂ 'ਤੇ ਨਾ ਜਾ, ਦਮੋਦਰੀ! ਇਹ ਤਾਂ ਗੋਦੜੀ ਵਿਚ ਲਾਲ ਹੈ। ਇਹ ਜੋੜੀ ਤਾਂ ਧੁਰਾਂ ਤੋਂ ਬਣੀ ਹੋਈ ਹੈ।" ਸਾਧੂ ਰਾਮ ਦੀ ਮਾਤਾ ਨੰਦ ਕੌਰ ਤਾਂ ਸੁਣਦੇ ਸਾਰ ਅਨੰਦਤ ਹੋਏ। ਬੀਬੀ ਵੀਰੋ ਦਾ ਵਿਆਹ 26 ਜੇਠ 1629 ਨੂੰ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਪਹਿਲੀ ਜੰਗ ਉਪਰੰਤ ਅਗਲੇ ਦਿਨ ਹੋਇਆ। ਸਾਧੂ ਰਾਮ ਜੀ ਜਵਾਈ ਨਾਲੋਂ ਗੁਰੂ ਹਰਿਗੋਬਿੰਦ ਜੀ ਦੇ ਸ਼ਰਧਾਲੂ ਸਿੱਖ ਕਰਕੇ ਜ਼ਿਆਦਾ ਜਾਣੇ ਗਏ। ਉਨ੍ਹਾਂ ਪੰਜ ਗੁਰੂ ਸਾਹਿਬਾਨ ਦਾ ਸਮਾਂ ਅੱਖੀਂ ਵੇਖਿਆ ਸੀ ਤੇ ਕਈ ਮੁੱਖੀ ਸਿੱਖਾਂ ਦੀ ਸੰਗਤ ਕੀਤੀ ਸੀ। ਇਹ ਯਾਦ ਰਵ੍ਹੇ ਕਿ ਉਹ ਗੁਰੂ ਤੇਗ਼ ਬਹਾਦਰ ਜੀ ਦੇ ਬਹਿਨੋਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਫੁੱਫੜ ਲੱਗਦੇ ਸਨ।

ਗੁਰੂ ਹਰਿਗੋਬਿੰਦ ਜੀ ਨੇ ਗਹਿਰੀ ਅਧਿਆਤਮਕ ਬਿਰਤੀ ਵੇਖ ਕੇ ਹੀ ਸਾਧੂ ਰਾਮ ਨਾਮ ਕੀਤਾ ਸੀ ਅਤੇ ਸਾਧੂ ਜਨ ਦੇ ਨਾਂ ਨਾਲ ਪੁਕਾਰਿਆ ਸੀ। ਸਾਧੂ ਜਨ ਆਪੂੰ ਵੀ ਲਿਖਦੇ ਹਨ : "ਮੈਂ ਮਾਮੂਲੀ ਖੱਤਰੀ ਪੁੱਤਰ ਸਾਂ। ਸਾਧਾਰਣ ਹਟਵਾਣੀਆਂ। ਪਰੰਤੂ ਗੁਰੂ ਜੀ ਨੇ ਕ੍ਰਿਪਾ ਕਰਕੇ ਮੈਨੂੰ ਸੱਚਮੁੱਚ ਸਾਧੂ ਜਨ ਬਣਾ ਦਿੱਤਾ।" ਇਸ ਤੋਂ ਇਹ ਭਾਵ ਨਹੀਂ ਕਿ ਉਹ ਕੋਈ ਸਾਧਾਰਣ ਵਿਅਕਤੀ ਸਨ। ਉਨ੍ਹਾਂ ਨੇ ਚਰਨ ਛੂਹ ਹਾਸਲ ਕਰਕੇ ਅਧਿਆਤਮਕ ਉੱਚਤਾ ਪਾਈ ਸੀ।

ਬੀਬੀ ਵੀਰੋ ਜੀ ਵੀ ਸਰਬ-ਗੁਣਾਂ ਨਾਲ ਭਰੀ ਹੋਈ ਸੀ। ਭੈਣ ਵੀਰੋ ਦਾ ਚਾਅ ਤਾਂ ਉਸ ਵਕਤ ਦੇਖਣ ਵਾਲਾ ਸੀ ਜਦ ਭੈਣ ਨੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ 'ਤੇ ਵਾਗਾਂ ਫੜਾਈਆਂ। ਮੋਤੀਆਂ ਦੀ ਮਾਲਾ ਦਿੱਤੀ। ਬੀਬੀ ਨੇ ਮਾਲਾ ਲੈਣ ਵੇਲੇ ਅਸੀਸਾਂ ਦਿੱਤੀਆਂ 'ਚਿਰੰਜੀਵੋ'।

ਜਹਾਂਗੀਰ ਦੇ ਬਾਅਦ ਸ਼ਾਹ ਜਹਾਂ ਤਖ਼ਤ 'ਤੇ ਬੈਠਾ। ਉਸ ਸਮੇਂ ਪਹਿਲੀ ਜੰਗ ਅਣਖ ਦੀ ਰਾਖੀ ਲਈ ਹੋਈ। ਉਸ ਤੋਂ ਬਾਅਦ ਹੀ ਬੀਬੀ ਵੀਰੋ ਦਾ ਵਿਆਹ ਹੋਇਆ। ਗੁਰੂ ਘਰ ਵਿਚ ਗੁਰੂ ਬੇਟੀ ਦੇ ਵਿਆਹ ਦੀ ਸੁਣ ਕੇ ਸੰਗਤਾਂ ਤਾਂ ਦੂਰੋਂ ਨੇੜਿਓਂ ਵੇਲੇ ਕੁਵੇਲੇ ਆ ਰਹੀਆਂ ਸਨ। ਕਾਬਲ ਦੀ ਸੰਗਤ ਲੰਗਰ ਦੇ ਸਮੇਂ ਤੋਂ ਪੱਛੜ ਕੇ ਆਈ। ਗੁਰੂ ਜੀ ਨੇ ਕਹਿਲਾਇਆ ਕਿ ਜੋ ਕੁਝ ਤਿਆਰ ਬਣਾਇਆ ਹੈ ਛਕਵਾ ਦਿਓ। ਪਰ ਲਾਂਗਰੀ ਸੰਕੋਚ ਕਰ ਗਿਆ ਕਿ ਵਿਆਹ ਲਈ ਪਕਵਾਨ ਬਣਾਏ ਹਨ ਠੀਕ ਨਹੀਂ ਰਵ੍ਹੇਗਾ, ਸੰਗਤਾਂ ਨੂੰ ਖੁਆ ਦਿੱਤੇ ਜਾਣ। ਜਦ ਮਹਾਰਾਜ

ਨੂੰ ਪਤਾ ਲੱਗਾ ਕਿ ਸੰਗਤਾਂ ਭੁੱਖੀਆਂ ਸੁੱਤੀਆਂ ਹਨ ਤਾਂ ਫ਼ਰਮਾਇਆ ਸੀ :

*ਕਿਆ ਤੁਛ ਕੀ ਯਹਿ ਮਠਿਆਈ।*
*ਜੋ ਸੰਗਤ ਕੇ ਕਾਮ ਨਾ ਆਈ।*

ਮੁਗ਼ਲਾਂ ਨੇ ਪੂਰੀ ਤਿਆਰੀ ਕਰ ਹਮਲਾ ਕੀਤਾ ਕਿ ਗੁਰੂ ਜੀ ਤਾਂ ਬੇਟੀ ਦੀ ਸ਼ਾਦੀ ਵਿਚ ਰੁੱਝੇ ਹੋਣਗੇ। ਗੁਰੂ ਜੀ ਨੂੰ ਸਰੋਤ ਮਿਲ ਗਈ। ਸੋ ਉਨ੍ਹਾਂ ਪਹਿਲਾਂ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਸੁਰੱਖਿਅਤ ਥਾਂ ਪਹੁੰਚਾਈ ਅਤੇ ਪਿਛੋਂ ਕਬੀਲਾ। ਬਰਾਤ ਨੂੰ ਵੀ ਸੁਨੇਹਾ ਭਿਜਵਾ ਦਿੱਤਾ ਕਿ ਅੰਮ੍ਰਿਤਸਰ ਦੀ ਥਾਂ ਝਬਾਲ ਪੁੱਜੇ। ਭਾਈ ਬਾਬਕ ਜੀ ਮੁਗ਼ਲਾਂ ਦਾ ਭੇਸ ਬਣਾ ਕੇ ਬੀਬੀ ਜੀ ਨੂੰ ਘੋੜੇ 'ਤੇ ਸਵਾਰ ਕਰ ਝਬਾਲ ਵੱਲ ਚੱਲ ਪਏ। ਜਦ ਰਾਹ ਵਿਚ ਉਨ੍ਹਾਂ ਨੂੰ ਰੋਕ ਕੇ ਪੁੱਛਿਆ, ਤੁਸੀਂ ਕੌਣ ਹੋ? ਤਾਂ ਉਨ੍ਹਾਂ ਕਿਹਾ, ਤੁਹਾਡੇ ਭਰਾ ਹੀ ਹਾਂ, ਪਰ ਪੈਰੀਂ ਪਈ ਬੀਬੀ ਵੀਰੋ ਜੀ ਦੀ ਜੁੱਤੀ ਡਿੱਗ ਪਈ ਤਾਂ ਮੁਗ਼ਲਾਂ ਨੇ ਰੌਲਾ ਪਾ ਦਿੱਤਾ। ਪਰ ਬਾਬਕ ਜੀ ਨੇ ਬੰਦੂਕ ਚਲਾ ਕੇ ਆਵਾਜ਼ ਦੇਣ ਵਾਲੇ ਨੂੰ ਥਾਂ ਹੀ ਮੁਕਾ ਦਿੱਤਾ। ਛੁਪਦੇ ਛੁਪਾਂਦੇ ਬੀਬੀ ਵੀਰੋ ਜੀ ਝਬਾਲ ਪੁੱਜੇ। ਸਾਧੂ ਜੀ ਵੀ ਪਿਤਾ ਧਰਮ ਦਾਸ ਨਾਲ ਝਬਾਲ ਪਹੁੰਚ ਗਏ। ਯੁੱਧ ਦੀ ਸਮਾਪਤੀ 'ਤੇ ਜਿੱਤ ਤੋਂ ਬਾਅਦ ਗੁਰੂ ਜੀ ਹਰਿਮੰਦਰ ਸਾਹਿਬ ਮੱਥਾ ਟੇਕ ਝਬਾਲ ਆਏ ਤਾਂ ਉੱਥੇ ਵੀਰੋ ਦਾ ਅਨੰਦ ਕਾਰਜ ਸੰਪੂਰਨ ਕੀਤਾ। ਬੱਚੀ ਵੀਰੋ ਨੂੰ ਵਿਦਾ ਕਰਨ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਇਹ ਉਪਦੇਸ਼ ਦਿੱਤਾ ਕਿ ਮੈਂ ਹੋਰ ਤੈਨੂੰ ਕੁਝ ਨਹੀਂ ਕਹਿਣਾ ਬੇਟੀ, ਸਿਰਫ਼ ਇਹ ਆਖਣਾ ਹੈ ਕਿ ਪਤੀ ਨਾਲ ਹੀ ਸਭ ਕੁਝ ਅੱਛਾ ਲੱਗਦਾ ਹੈ। ਘਰ ਆਏ ਵਡੇਰਿਆਂ ਦਾ ਆਦਰ ਕਰਨਾ ਹੈ ਤੇ ਸੱਸ ਦੀ ਦਿਲੋਂ ਸੇਵਾ ਕਰਨੀ। ਪਤੀ-ਸੇਵਾ ਇਸਤਰੀ ਲਈ ਮਹਾਨ ਸੇਵਾ ਹੈ :

*ਸੁਨ ਬੀਬੀ ਮੈ ਤੁਝੈ ਸੁਨਾਉ।*
*ਪਤਿ ਕੀ ਮਹਮਾ ਕਹਿ ਭਰ ਗਾਉ।*
*ਪਤੀ ਕੀ ਸੇਵਾ ਕਰਨੀ ਸਫਲੀ।*
*ਪਤਿ ਬਿਨ ਔਰ ਕਰੇ ਸਭ ਨਫਲੀ।*
*ਗੁਰੂ ਜਨ ਕੀ ਇਜ਼ਤ ਬਹੁ ਕਰਨੀ।*
*ਸਾਸਾ ਸੇਵ ਰਿਦੁ ਮਹਿ ਸੁ ਧਰਨੀ।*

ਮਾਂ ਨੇ ਵੀ ਧੀ ਵੀਰੋ ਨੂੰ ਪਾਸ ਬਿਠਲਾ ਕਿਹਾ ਕਿ ਬੇਟਾ ਜੇ ਇਹ ਤੈਨੂੰ ਯਾਦ ਰਿਹਾ ਕਿ ਤੂੰ ਗੁਰੂ ਹਰਿਗੋਬਿੰਦ ਜੀ ਦੀ ਬੱਚੀ ਤੇ ਗੁਰੂ ਅਰਜਨ ਦੇਵ ਜੀ ਦੀ ਪੋਤਰੀ ਹੈਂ ਤਾਂ ਕਦੇ ਮਾੜੀ ਸੰਗਤ ਨਹੀਂ ਬੈਠੇਂਗੀ। ਅੰਮ੍ਰਿਤ ਵੇਲੇ ਇਸ਼ਨਾਨ ਹਰ ਸੂਰਤ ਕਰ ਲੈਣਾ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਕੁਚੱਜੀ ਉਹ ਹੀ ਹੈ ਜੋ ਸੁੱਤਿਆਂ ਹੀ ਸੂਰਜ ਚਾੜ੍ਹ ਦਿੰਦੀ ਹੈ। ਗੱਲਾਂ ਨੂੰ ਬਹੁਤ ਅੱਗੇ ਨਾ ਲੈ ਜਾਣਾ, ਰਿੜਕਣਾ ਨਹੀਂ।

ਬਾਣੀ ਹੀ ਮੁਖ ਬੋਲਣਾ। ਘਰ ਦੇ ਜੋ ਵੀ ਕੰਮ ਹਨ ਬਗ਼ੈਰ ਆਖੇ ਕਰਨ ਨਾਲ ਬੜੀ ਸ਼ੋਭਾ ਹੁੰਦੀ ਹੈ। ਬਸ ਉਲ੍ਹਾਮਾ ਨਾ ਆਵੇ।

*ਸੁਨ ਪੁਤ੍ਰੀ ਪ੍ਰਾਨਨ ਤੇ ਪਿਆਰੀ। ਜਿਸ ਤੇ ਬੈਸ ਕਿਤੇ ਸੁਪਕਾਰੀ।*
*ਕੁਲ ਕੀ ਬਾਤ ਚਿਤ ਮੈ ਧਰਣੀ। ਖੋਟੀ ਸੰਗਤ ਨਹੀਂ ਸੁ ਕਰਨੀ।*
*ਪ੍ਰਾਤੈ ਉਠ ਕਰ ਮਜਨ ਕਰਯੋ। ਗੁਰੂ ਬਾਣੀ ਕੋ ਮੁਖ ਤੇ ਰੀਹੋਯੋ।*
*ਪੁਨਾ ਔਰ ਬਿਵਾਹਰ ਸੁ ਹੋਈ। ਭਲੇ ਸੰਭਾਲੋ ਨੀਕੋ ਸੋਈ।*
*ਮੋ ਵਿਗ ਉਪਾਲੰਭ ਨਹਿ ਆਵੈ। ਐਸੀ ਭਾਂਤ ਸਰਬ ਸੁਖ ਪਾਵੈ।*

ਦਮੋਦਰੀ ਜੀ ਨੇ ਇੰਨਾ ਹੋਰ ਕਹਿ ਕੇ 'ਪੁਤ੍ਰੀ ਸਦਾ ਧਰਮ ਮੇਂ ਰਹੀਉ' ਵਿਦਾਇਗੀ ਦਿੱਤੀ। ਭਾਈ ਸਾਧੂ ਜੀ ਨੇ ਅੱਗੇ ਵੱਧ ਗੁਰੂ ਜੀ ਦੇ ਚਰਨਾਂ ਨੂੰ ਹੱਥ ਲਗਾਇਆ ਤਾਂ ਮਹਾਰਾਜ ਨੇ ਘੁੱਟ ਕੇ ਜੱਫ਼ੀ ਵਿਚ ਲੈ ਲਿਆ। ਸਾਧੂ ਜਨ ਵਿਚ ਪ੍ਰੇਮ ਦਾ ਫੁਹਾਰਾ ਛੁੱਟ ਪਿਆ। ਸਾਧੂ ਜੀ ਨੇ ਉਸ ਪ੍ਰੇਮ ਨੂੰ ਕਵਿਤਾ ਵਿਚ ਢਾਲ ਸੁਣਾਇਆ। ਕਿਤਨੀ ਨਿਮਰਤਾ ਸੀ ਉਨ੍ਹਾਂ ਵਿਚ। ਇਸੇ ਨਿਮਰਤਾ ਨੂੰ ਹੀ ਕਿਤਨੇ ਫਲ ਲੱਗੇ।

ਜਿੱਥੇ ਅਨੰਦ ਕਾਰਜ ਹੋਇਆ ਸੀ ਉਸ ਥਾਂ ਦੀ ਮਹੱਤਤਾ ਦੱਸਦੇ ਗੁਰੂ ਜੀ ਨੇ ਕਿਹਾ ਕਿ ਇੱਥੇ ਮੇਲੇ ਲੱਗਣਗੇ। ਹਜ਼ਾਰਾਂ ਦੇਵਤਿਆਂ ਨੂੰ ਵੀ ਜੇ ਕੋਈ ਇਕੱਲਿਆਂ ਕਰ ਦਾਨ ਕਰੇਗਾ ਤਾਂ ਵੀ ਇਸ ਥਾਂ ਦੇ ਤੁਲ ਨਹੀਂ ਕਿਉਂਕਿ ਇੱਥੇ ਅਨੰਦ ਵਿਆਹ ਹੋਇਆ ਹੈ।

ਬੀਬੀ ਵੀਰੋ ਤੇ ਸਾਧੂ ਰਾਮ ਜੀ ਦੇ ਘਰ ਪੰਜ ਬੇਟੇ, ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਤੇ ਮੋਹਰੀ ਚੰਦ ਹੋਏ। ਇਹ ਪੰਜੇ ਹੀ ਸੂਰਮੇ ਸਨ। ਸੰਗੋ ਸ਼ਾਹ ਨੂੰ ਤਾਂ ਗੁਰੂ ਜੀ ਨੇ ਖ਼ਿਤਾਬ ਹੀ ਜੰਗ ਦਾ ਵੱਡਾ ਸੂਰਮਾ (ਸ਼ਾਹ ਸੰਗਰਾਮ) ਦਿੱਤਾ :

*ਜੀਤ ਮਲ ਹਠੀ ਹੈ।*
*ਗੁਲਾਬ ਚੰਦ ਗਾਜ਼ੀ ਹੈ।*

ਗੰਗਾ ਰਾਮ ਵਰਗਾ ਕੋਈ ਨਿਸ਼ਾਨੇਬਾਜ਼ ਨਹੀਂ; ਅਤੇ
ਮੋਹਰੀ ਹੌਂਸਲੇ ਦੀ ਮੂਰਤ ਹੈ।

ਸੰਗੋ ਸ਼ਾਹ ਤੇ ਜੀਤ ਮੱਲ ਭੰਗਾਣੀ ਦੇ ਯੁੱਧ ਵਿਚ ਲੜ ਕੇ ਸ਼ਹੀਦੀ ਪਾ ਗਏ। ਇਸ ਦਾ ਜ਼ਿਕਰ ਗੁਰੂ ਗੋਬਿੰਦ ਜੀ ਨੇ ਬਚਿੱਤ੍ਰ ਨਾਟਕ ਵਿਚ ਖ਼ੁਦ ਕੀਤਾ। ਭੱਟ ਵਹੀ ਵਿਚ ਵੀ ਉਲੇਖ ਹੈ :

*ਸੰਗੋ ਸ਼ਾਹ ਜੀਤ ਮਲ, ਬੇਟੇ ਸਾਧੂ ਰਾਮ ਕੇ, ਪੋਤੇ ਧਰਮ ਚੰਦ ਕੇ,*
*ਖੁਸਲਾ ਗੋਤਰੇ ਖਤਰੀ ਸੰਬਤ ਸਤਰਾਂ ਸੌ ਪੰਤਾਲੀ ਅਸੁਨ ਮਾਸ ਦੀ*
*ਅਠਾਰਾਂ ਸੀ, ਮੰਗਲਵਾਰ ਕੇ ਇਹੁ ਭਗਾਣੀ ਪਰਗਣਾ ਪਾਵਨਆ*
*ਕੇ ਮਲ੍ਹਾਨ ਤੀਜੇ ਪਹਰ ਨਜਾਬਤ ਖਾਂ ਆਦਿ ਕੋ ਮਾਰ*
*ਸ਼ਾਮੂ ਆਪ ਸ਼ਹਾਦਤਾਂ ਪਾਈਆਂ।*

ਬੀਬੀ ਵੀਰੋ ਨੇ ਆਪਣੇ ਬੱਚਿਆਂ ਨੂੰ ਉਹੀ ਸਿੱਖਿਆ ਦਿੱਤੀ ਜੋ ਉਨ੍ਹਾਂ ਨੂੰ ਪਿਤਾ ਹਰਿਗੋਬਿੰਦ ਜੀ ਕੋਲੋਂ ਮਿਲੀ ਸੀ। ਆਪਣਾ ਧੀ-ਧਰਮ ਨਿਭਾਇਆ। ਬੱਚਿਆਂ ਨੂੰ ਧਰਮ ਦ੍ਰਿੜ੍ਹ ਰੱਖਣ ਅਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਦੀ ਸਿੱਖਿਆ ਦਿੱਤੀ। ਤਾਂ ਹੀ ਉਹ ਬੱਚੇ ਸੂਰਮੇ ਹੋਏ ਅਤੇ ਸਨਮੁਖ ਰਹਿ ਸ਼ਹੀਦੀਆਂ ਪਾਈਆਂ। ਵੀਰੋ ਨੇ ਸੱਚ ਹੀ ਗੁਰੂ ਦੀ ਧੀ ਬਣ ਕੇ ਪਿਤਾ ਪਿਆਰ ਦੇ ਨਵੇਂ ਪੂਰਨੇ ਪਾਏ।

❑ ❑ ❑


www.sikhbookclub.com

# ਬੀਬੀ ਰਾਮੋ ਜੀ

ਜੇ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਰਾਮੋ ਜੀ ਤੇ ਗੁਰੂ ਹਰਿਗੋਬਿੰਦ ਜੀ ਦਾ ਰਿਸ਼ਤਾ ਜੀਜਾ-ਸਾਲੀ ਦਾ ਰਿਸ਼ਤਾ ਸੀ। ਚਾਹੇ ਇਹ ਰਿਸ਼ਤਾ ਬਹੁਤ ਹੀ ਨਾਜ਼ਕ ਹੈ। ਰਾਮੋ ਜੀ ਨੇ ਕਦੀ ਵੀ ਜੀਜੇ ਨਾਲ ਸਾਲੀ ਵਾਲਾ ਮਜ਼ਾਕ ਨਹੀਂ ਕੀਤਾ। ਹੋਰ ਸਾਲੀਆਂ ਵਾਂਗ ਜੁੱਤੀਆਂ ਛੁਪਾ ਕੇ ਕੋਈ ਮੰਗ ਨਹੀਂ ਕੀਤੀ, ਸਗੋਂ ਆਪਣੇ ਆਪ ਨੂੰ ਭਾਗਾਂ ਵਾਲਾ ਜਾਣ ਕੇ ਉਨ੍ਹਾਂ ਦੇ ਪੈਰੀਂ ਪੈ ਗਈ।

ਰਾਮੋ ਜੀ ਵਾਸਤੇ ਤਾਂ ਗੁਰੂ ਘਰ ਨਾਲ ਸੰਬੰਧ ਜੁੜਨਾ ਹੀ ਉਨ੍ਹਾਂ ਨੂੰ ਇਕ ਐਸੇ ਰਸ ਵਿਚ ਪਾਉਣਾ ਸੀ, ਜਿਸ ਦਾ ਵਰਨਣ ਕਰਨਾ ਕਠਿਨ ਹੈ।

ਰਾਮੋ ਜੀ ਦਮੋਦਰੀ ਦੀ ਛੋਟੀ ਭੈਣ ਸੀ। ਦਮੋਦਰੀ ਜੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਨਾਲ ਜਿਵੇਂ ਹੋਇਆ, ਉਸ ਬਾਰੇ ਸਾਡੇ ਇਤਿਹਾਸ ਵਿਚ ਲਿਖਿਆ ਹੈ :

ਦਿੱਲੀ ਦੀ ਸੰਗਤ ਨੇ ਜਦ ਗੁਰੂ ਅਰਜਨ ਜੀ ਨੂੰ ਲਿਖਿਆ :

*ਕਿ ਚੰਦੂ ਦੁਸ਼ਟ ਗੁਬੀਲੋ।*
*ਦਰ ਬਚਨਨ ਜਿਉ ਹਮ ਉਠ ਛੀਲੋ।*
*ਆਪ ਚੁਬਾਰਾ ਬਣਿਓ ਪਾਪੀ।*
*ਗੁਰ ਕਾ ਘਰ ਇਨ ਮੋਰੀ ਥਾਪੀ।*

ਅਤੇ :

*ਨਿੰਦਾ ਯਾ ਬਿਧਿ ਇਨ ਗੁਰ ਗਾਦੀ।*
*ਕਰੀ ਨਾ ਚਾਹੀਏ ਇਨ ਸਿਉ ਸਾਦੀ।*

ਤਾਂ ਗੁਰੂ ਜੀ ਨੇ ਚੰਦੂ ਦਾ ਭੇਜਿਆ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਫ਼ਰਮਾਇਆ : "ਮੈਨੂੰ ਤਾਂ ਕਿਸੇ ਨਿਰ-ਹੰਕਾਰੀ ਦੀ ਲੜਕੀ ਲੋੜੀਂਦੀ ਹੈ।" ਤਾਂ ਸੰਗਤ ਵਿਚ ਬੈਠੇ ਹੀ ਭਾਈ ਨਰਾਇਣ ਦਾਸ ਜੀ ਨੇ ਆਪਣੀ ਛੋਟੀ ਪੁੱਤਰੀ ਦਮੋਦਰੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਲਈ ਅਰਪਣ ਕੀਤਾ। ਨਾਰਾਇਣ ਦਾਸ ਜੀ ਭਾਈ ਪਾਰੋ ਦੀ ਕੁਲ ਵਿਚੋਂ ਸਨ, ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ਵਰ ਵੀ ਦਿੱਤਾ ਸੀ ਕਿ ਗੁਰੂ ਘਰ ਨਾਲ ਉਨ੍ਹਾਂ ਦੀ ਕੁਲ ਦਾ ਨਾਤਾ ਹੋਵੇਗਾ। ਸ਼ਾਇਦ ਉਸ ਵਾਕ ਦੀ ਸਫ਼ਲਤਾ ਦਾ ਸਮਾਂ ਹੀ ਆ ਗਿਆ ਸੀ।

ਜਦ ਭਾਈ ਨਾਰਾਇਣ ਦਾਸ ਜੀ ਨੇ ਰਾਮੋ ਜੀ ਤੇ ਉਸ ਦੇ ਪਤੀ ਸਾਈਂ ਦਾਸ ਜੀ ਨਾਲ ਗੱਲ ਕੀਤੀ ਤਾਂ ਦੋਵਾਂ ਜੀਆਂ, ਜੋ ਗੁਰੂ ਘਰ ਵਿਚ ਅਥਾਹ ਸ਼ਰਧਾ ਰੱਖਦੇ ਸਨ, ਨੇ ਸੁਣ ਕੇ ਬਹੁਤ ਖ਼ੁਸ਼ੀ ਮਨਾਈ ਤੇ ਕਿਹਾ : "ਪਿਤਾ ਜੀ! ਦੇਰ ਨਾ

ਕਰੋ। ਇਹ ਬਹੁਤ ਸ਼ੁਭ ਸੰਕਲਪ ਹੈ।"

ਕੁੜਮਾਈ ਦੀ ਮਰਯਾਦਾ ਵੀ ਅੰਮ੍ਰਿਤਸਰ ਹੋ ਗਈ ਅਤੇ ਨਾਰਾਇਣ ਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਗਾਈ ਦਾ ਤਿਲਕ ਵੀ ਦੇ ਦਿੱਤਾ। ਇਸ ਪਵਿੱਤਰ ਸੰਜੋਗ ਤੋਂ ਸਭ ਨੂੰ ਸੁੱਖ ਹੋਇਆ ਪਰ ਬੀਬੀ ਰਾਮੋ ਜੀ, ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਘਰ ਨਾਲ ਪ੍ਰੇਮ ਸੀ, ਉਹ ਆਪਣਾ ਜੀਵਨ ਸਫ਼ਲ ਹੁੰਦੇ ਦੇਖ ਰਹੇ ਸਨ। ਸ਼ਰਧਾ ਤੇ ਪਿਆਰ ਨਾਲ ਗੁਰੂ ਦੇ ਹੋ ਰਹੇ ਸਨ।

ਰਾਮੋ ਜੀ ਨਾਰਾਇਣ ਦਾਸ ਦੀ ਵੱਡੀ ਸਪੁੱਤਰੀ ਸੀ। ਨਾਰਾਇਣ ਦਾਸ ਗੁਰੂ ਦਾ ਸਿੱਖ ਸੀ। ਉਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਉੱਤੇ ਬੜੀ ਸ਼ਰਧਾ ਸੀ। ਨਾਰਾਇਣ ਦਾਸ ਦੀ ਦੂਜੀ ਪੁੱਤਰੀ ਦਮੋਦਰੀ ਸੀ। ਦੋਵੇਂ ਹੀ ਬੱਚੀਆਂ ਸੁਭਾਅ ਦੀਆਂ ਸ਼ੀਲਵੰਤੀਆਂ ਅਤੇ ਭਗਤੀ-ਭਾਵ ਨਾਲ ਭਰੀਆਂ ਹੋਈਆਂ ਸਨ। ਬਿਆਸਾ ਤੋਂ ਪਾਰ ਸੁਲਤਾਨਪੁਰ ਲਾਗੇ ਡਲੇ ਤੋਂ ਸਤਲੁਜ ਪਾਰ ਪੰਝੀ-ਤੀਹ ਮੀਲ ਦੂਰ ਡਰੋਲੀ ਨਾਮੇ ਪਿੰਡ ਇਕ ਭਲਾ ਪਰਿਵਾਰ ਵੱਸਦਾ ਸੀ। ਭਾਈ ਨਰਾਇਣ ਦਾਸ ਨੇ ਆਪਣੀ ਵੱਡੀ ਪੁੱਤਰੀ ਰਾਮੋ ਦਾ ਵਿਆਹ ਡਰੋਲੀ ਦੇ ਇਸ ਕੁਲ ਦੇ ਹੋਣਹਾਰ ਸਾਈਂ ਦਾਸ ਦਾ ਨੇਕ ਤੇ ਮਿਲਾਪੜਾ ਸੁਭਾਅ ਵੇਖ ਕੇ ਨਾਰਾਇਣ ਦਾਸ ਨੇ ਉਸ ਨੂੰ ਆਪਣੇ ਘਰ ਡੱਲੇ ਹੀ ਰੱਖ ਲਿਆ। ਡੱਲੇ ਵਿਚ ਗੁਰਸਿੱਖੀ ਦੀ ਬਹੁਤ ਚਰਚਾ ਸੀ। ਸਤਿਸੰਗ ਆਦਿ ਬਹੁਤ ਹੁੰਦਾ ਸੀ। ਕਈ ਮੰਜੀਆਂ ਵੀ ਗੁਰੂ ਸਾਹਿਬ ਵੱਲੋਂ ਗੁਰਸਿੱਖਾਂ ਨੂੰ ਇੱਥੇ ਸੌਂਪੀਆਂ ਹੋਈਆਂ ਸਨ। ਸਿੱਖੀ ਦਾ ਕਾਫ਼ੀ ਪ੍ਰਚਾਰ ਸੀ। ਇਸੇ ਪ੍ਰਭਾਵ ਸਦਕਾ ਬੀਬੀ ਰਾਮੋ ਤੇ ਸਾਈਂ ਦਾਸ ਗੁਰੂ ਘਰ ਵੱਲ ਖਿੱਚੇ ਚਲੇ ਗਏ। ਸਾਰਾ ਪਰਿਵਾਰ ਹੀ ਗੁਰੂ ਘਰ ਦਾ ਭਗਤ ਅਤੇ ਸੇਵਕ ਸੀ। ਜਦ ਸਾਈਂ ਦਾਸ ਗੁਰੂ ਹਰਿਗੋਬਿੰਦ ਜੀ ਦੇ ਸਾਂਢੂ ਬਣ ਗਏ ਤਾਂ ਆਪ ਜੀ ਦੀ ਸ਼ਰਧਾ ਹੋਰ ਵੀ ਵੱਧ ਗਈ। ਸਾਲੀ ਹੋਣ ਦੇ ਨਾਤੇ ਰਾਮੋ ਗੁਰੂ ਜੀ ਦਾ ਸਿਰਫ਼ ਸਤਿਕਾਰ ਹੀ ਨਹੀਂ ਸੀ ਕਰਦੀ, ਸਗੋਂ ਰਿਸ਼ਤਾ ਹੋਣ ਤੋਂ ਪਹਿਲਾਂ ਵੀ ਆਪ ਗੁਰੂ ਘਰ ਨਾਲ ਪਿਆਰ ਕਰਦੇ ਸਨ। ਗੁਰੂ ਹਰਿਗੋਬਿੰਦ ਜੀ ਵੀ ਜਦ ਇਧਰ ਆਉਂਦੇ, ਸਾਈਂ ਦਾਸ ਜੀ ਤੇ ਰਾਮੋ ਜੀ ਘਰ ਜ਼ਰੂਰ ਆਉਂਦੇ। ਚਿਰਕਾਲ ਤੱਕ ਉੱਥੇ ਰਹਿੰਦੇ। ਰਾਮੋ ਜੀ ਵੀ ਪ੍ਰੇਮ ਨਾਲ ਠਹਿਰਾਉਂਦੇ। ਦੋਵਾਂ ਜੀਆਂ ਸਿੱਖੀ ਧਾਰਨ ਗੁਰੂ ਅਰਜਨ ਦੇਵ ਜੀ ਕੋਲੋਂ ਹੀ ਕੀਤੀ ਸੀ। ਗੁਰੂ ਜੀ ਨੇ ਵੀ ਇੱਥੇ ਇਕ ਖੂਹ ਖੁਦਵਾਇਆ।

ਬੀਬੀ ਰਾਮੋ ਜੀ ਸਿੱਖ ਦੀ ਧੀ ਸੀ ਅਤੇ ਸਿੱਖ ਘਰ ਹੀ ਵਿਆਹੀ ਗਈ। ਹੁਣ ਭੈਣ ਦਾ ਸਾਕ ਵੀ ਉਸ ਘਰ ਹੋਇਆ, ਜੋ ਸਿੱਖੀ ਦਾ ਸੋਮਾ ਸੀ। ਉਨ੍ਹਾਂ ਦਾ ਜੀਵਨ ਰਸ ਨਾਲ ਭਰਿਆ ਗਿਆ। ਉਸ ਘਰ ਨਾਲ ਰਿਸ਼ਤਾ ਜੁੜਦੇ ਸਾਰ ਉਹ ਕੇਵਲ ਉਸੇ ਹੀ ਰੱਸ ਨੂੰ ਮਾਣਨ ਲੱਗੀ, ਹੋਰ ਸਾਰੇ ਰਸ ਫਿੱਕੇ ਪੈ ਗਏ।

ਕੁੜਮਾਈ ਦਾ ਕਾਰਜ ਹੋ ਗਿਆ। ਰਾਤ ਅਨੰਦ ਵਿਚ ਬੀਤੀ। ਅੰਮ੍ਰਿਤ ਵੇਲੇ ਜਦ ਦੀਵਾਨ ਲੱਗਾ, ਭੋਗ ਪੈਣ ਤੋਂ ਬਾਅਦ ਨਾਰਾਇਣ ਦਾਸ ਜੀ ਨੇ ਬੇਨਤੀ ਕੀਤੀ,

"ਵਿਆਹ ਦਾ ਕਾਰਜ ਵੀ ਜਲਦੀ ਹੋ ਜਾਵੇ"। ਗੁਰੂ ਜੀ ਨੇ ਹੱਸ ਕੇ ਕਿਹਾ, "ਨਾਰਾਇਣ ਦਾਸ! ਦੋ ਮਹੀਨੇ ਬੀਤ ਲੈਣ ਦਿਉ। ਮਾਘ ਵਿਚ ਅਸੀਂ ਡੱਲੇ ਆਵਾਂਗੇ ਤੇ ਵਿਆਹ-ਰੀਤੀ ਕਰਾਂਗੇ। ਤੁਸੀਂ ਹੁਣ ਆਪਣੇ ਘਰ ਜਾਵੋ ਤੇ ਜਾ ਕੇ ਤਿਆਰੀ ਕਰੋ।" ਨਾਰਾਇਣ ਦਾਸ ਨਾਲ ਸਭ ਵਾਪਸ ਆ ਗਏ।

ਚਾਰੇ ਪਾਸੇ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ ਤਾਂ ਰਾਮੋ ਜੀ ਦਾ ਉਤਸ਼ਾਹ ਤਾਂ ਦੇਖਣ ਵਾਲਾ ਸੀ। ਮਾਂ ਨਾਲ ਦਾਜ਼ ਦੀ ਤਿਆਰੀ ਵਿਚ ਆਪ ਅੱਗੇ ਹੋ ਹੱਥ ਵਟਾਉਂਦੀ। ਰਾਮੋ ਜੀ ਇਸ ਕਾਰਨ ਨਹੀਂ ਸਨ ਵਿਆਹ ਦੀਆਂ ਤਿਆਰੀਆਂ ਵਿਚ ਵੱਧ ਤੋਂ ਵੱਧ ਹਿੱਸਾ ਪਾ ਰਹੇ ਕਿ ਉਨ੍ਹਾਂ ਦੀ ਛੋਟੀ ਭੈਣ ਦਾ ਵਿਆਹ ਸੀ, ਸਗੋਂ ਇਸ ਕਾਰਨ ਵਧੀਕ ਹੁਲਾਸ ਦਿਖਾ ਰਹੇ ਸਨ ਕਿ ਉਨ੍ਹਾਂ ਦੀ ਭੈਣ ਨੇ ਗੁਰੂ ਘਰ ਜਾਣਾ ਸੀ। ਜੋ ਕੁਝ ਭੈਣ ਨੂੰ ਦੇਣਾ ਸੀ, ਉਹ ਗੁਰੂ-ਗ੍ਰਿਹਿ ਪ੍ਰਵਾਨ ਹੋਵੇਗਾ।

ਰਾਮੋ ਜੀ ਅੱਗੇ ਤਾਂ ਪਿਆਰੇ ਜੀਜਾ ਦੀ ਤਸਵੀਰ ਹੀ ਰਹਿੰਦੀ। ਉਨ੍ਹਾਂ ਨੂੰ ਦੇਖ ਕੇ ਹੀ ਉਹ ਹਰ ਚੀਜ਼ ਪਸੰਦ ਤੇ ਨਾ-ਪਸੰਦ ਕਰਦੀ। ਉਨ੍ਹਾਂ ਵਾਸਤੇ ਕਲੀਆਂ ਵਾਲਾ ਪਜਾਮਾ ਸੀਤਾ। ਸਾਈਂ ਦਾਸ ਜੀ ਦਾ ਵੀ ਇਹੀ ਹਾਲ ਸੀ, ਉਹ ਹਰ ਸ਼ੈਅ ਅਤਿ ਪਿਆਰ ਨਾਲ ਲਿਆਉਂਦੇ। ਰਾਮੋ ਜੀ ਸਾਰੀ ਤਿਆਰੀ ਮੋਹ ਵਿਚ ਨਹੀਂ, ਪ੍ਰੇਮ ਵਿਚ ਕਰ ਰਹੇ ਸਨ।

ਦੋ ਮਹੀਨੇ ਵਿਆਹ ਦੀਆਂ ਤਿਆਰੀਆਂ ਹੁੰਦੀਆਂ ਰਹੀਆਂ। ਜਿਸ ਰੰਗ ਵਿਚ ਰਾਮੋ ਜੀ ਦਾ ਪਰਿਵਾਰ ਡੁੱਬਾ ਹੋਇਆ ਸੀ, ਉਸ ਦਾ ਰਸ ਕੇਵਲ ਉਹੀ ਪਰਿਵਾਰ ਦਸ ਸਕਦਾ ਸੀ। ਸਾਰਾ ਪਿੰਡ ਹੀ ਪ੍ਰੇਮੀ ਸਿੱਖਾਂ ਨਾਲ ਭਰਿਆ ਹੋਇਆ ਸੀ। ਸਾਰੇ ਪ੍ਰੇਮ ਨਾਲ ਸਹਾਇਤਾ ਕਰਦੇ। ਸਭ ਸਮਝਦੇ ਸਨ, ਸਾਡੇ ਪਿੰਡ ਦੀ ਮਹਾਨ ਵਡਿਆਈ ਹੋਈ ਹੈ ਕਿ ਸ੍ਰੀ ਗੁਰੂ ਜੀ ਨੇ ਇਸ ਥਾਂ ਦੀ ਧੀ ਆਪਣੇ ਘਰ ਕਬੂਲੀ ਹੈ। ਸਾਰੇ ਪਿੰਡ ਦੀਆਂ ਤੀਵੀਆਂ ਵੱਧ ਤੋਂ ਵੱਧ ਚੋਲੀਆਂ, ਬਾਗ, ਫੁਲਕਾਰੀਆਂ ਤੇ ਚੋਪ ਕੱਢ-ਕੱਢ ਕੇ ਲਿਆਂਦੀਆਂ ਤੇ ਰਾਮੋ ਜੀ ਦੀ ਮਾਂ ਨੂੰ ਦਿੰਦੀਆਂ ਹੋਈਆਂ ਆਖਦੀਆਂ, "ਪ੍ਰੇਮ ਦੇਈਏ! ਜੇ ਇਹ ਲੀਰਾਂ ਆਪਣੀ ਸਪੁੱਤਰੀ ਦੇ ਦਾਜ ਲਈ ਕਬੂਲ ਲਵੇਂ ਤਾਂ ਸਾਡੇ ਵੀ ਧੰਨ ਭਾਗ ਹੋ ਜਾਣ। ਇਸ ਵਸੀਲੇ ਹੀ ਸਹੀ, ਜੋ ਇਹ ਨਿਕਾਰੀ ਸ਼ੈਅ ਸਤਿਗੁਰਾਂ ਦੇ ਦਰਬਾਰ ਅੱਪੜ ਪਏ ਅਤੇ ਗੰਗਾ ਜੀ ਵਰਗੀ ਧਰਮ-ਮੂਰਤ ਦੇ ਪਿਆਰੇ ਹੱਥ ਇਨ੍ਹਾਂ ਨੂੰ ਇਕ ਵੇਰ ਛੂਹ ਹੀ ਲੈਣ।"

ਪ੍ਰੇਮ ਦਈ ਕਿਸੇ ਨੂੰ ਨਾਂਹ ਨਹੀਂ ਸੀ ਕਰਦੀ। ਸਭ ਵਸਤੂਆਂ ਸਿਰ-ਅੱਖਾਂ ਉੱਤੇ ਧਰ ਕੇ ਕਬੂਲਦੀ ਤੇ ਕਹਿੰਦੀ, "ਮੇਰੇ ਧੰਨ ਭਾਗ, ਜਿਸ ਦੇ ਘਰ ਕੁਲ-ਤਾਰੂ ਪੁੱਤਰੀ ਆਈ ਹੈ।"

ਦੋ ਮਹੀਨੇ ਬੀਤਦਿਆਂ ਢਿੱਲ ਹੀ ਨਾ ਲੱਗੀ। ਗੁਰੂ ਜੀ ਸੰਗਤ ਤੇ ਸੰਬੰਧੀ ਨਾਲ ਲੈ ਡੱਲੇ ਪਹੁੰਚੇ। ਉੱਥੇ ਡੱਲੇ ਦੀ ਸੰਗਤ ਦੀ ਬੇਨਤੀ ਕਰਨ 'ਤੇ ਕਾਫ਼ੀ ਚਿਰ ਰਹੇ ਅਤੇ ਬਾਉਲੀ ਦੀ ਸਥਾਪਨਾ ਆਪਣੇ ਹੱਥੀਂ ਟੱਕ ਲਗਾ ਕੇ ਕੀਤੀ। ਸਿੱਖਾਂ

 www.sikhbookclub.com

ਨੇ ਸ਼ਰਧਾ ਨਾਲ ਸੇਵਾ ਕੀਤੀ।

ਭਾਈ ਸਾਲ੍ਹੋ ਜੀ ਉਸ ਵਕਤ ਤੱਕ ਉੱਥੇ ਹੀ ਰਹੇ, ਜਦੋਂ ਤੱਕ ਖੂਹ ਦਾ ਕਾਰਜ ਮੁਕੰਮਲ ਨਹੀਂ ਹੋਇਆ।

ਵਿਆਹ ਦਾ ਕਾਰਜ ਪੂਰਾ ਹੋ ਗਿਆ। ਰਾਮੋ ਜੀ ਤਾਂ ਸਾਰਾ ਕਾਰਜ ਦੇਖ ਨਿਹਾਲ ਹੋ ਰਹੀ ਸੀ। ਪਿੰਡ ਦੀਆਂ ਸਾਰੀਆਂ ਕੁੜੀਆਂ ਧੀਆਂ ਹੋਣ ਦੇ ਨਾਤੇ ਗੁਰੂ ਹਰਿਗੋਬਿੰਦ ਜੀ ਦੀਆਂ ਸਾਲੀਆਂ ਲੱਗੀਆਂ। ਸਾਲੀ ਜੀਜੇ ਦਾ ਮਜ਼ਾਕ ਤਾਂ ਚਲਦਾ ਰਹਿੰਦਾ ਸੀ। ਜੀਜਾ ਸਾਲੀ ਤਰ੍ਹਾਂ-ਤਰ੍ਹਾਂ ਦੇ ਵਿਅੰਗ ਬੋਲ ਇਕ ਦੂਜੇ ਨਾਲ ਮਜ਼ਾਕ ਕੀਤਾ ਕਰਦੇ ਸਨ। ਰਾਮੋ ਜੀ ਨੂੰ ਵੀ ਜਦ ਕੁੜੀਆਂ ਨੇ ਛੰਦ ਬੋਲ ਕੇ ਗੱਲ ਕਰਨ ਲਈ ਕਿਹਾ ਤਾਂ ਰਾਮੋ ਜੀ ਪ੍ਰੇਮ ਵਿਚ ਭਿੱਜੀ ਹੋਈ ਸੀ। ਉਸ ਕੋਲੋਂ ਪ੍ਰੇਮ ਰੋਕਿਆ ਨਾ ਗਿਆ। ਉਸ ਕਿਹਾ :

***ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ***<br>***ਪੰਗ ਅੰਗ ਉਰਝਾਇ ਸਿਰ ਤੇ ਸੁੰਞਿਆ।***<br>***ਹੈ ਕੋਊ ਐਸਾ ਮੀਤ ਜਿ ਤੋਰੈ ਬਿਖਮ ਗਾਂਠਿ।***

ਗੁਰੂ ਹਰਿਗੋਬਿੰਦ ਜੀ ਵੀ ਅੱਗੋਂ ਪ੍ਰੇਮ ਨਾਲ ਬੋਲੇ :

***ਨਾਨਕ ਇਕ ਸ੍ਰੀ ਧਰ ਨਾਥ,***<br>***ਜਿ ਟੂਟੇ ਲੇਇ ਸਾਂਠਿ।***

ਇਸ ਤਰ੍ਹਾਂ ਕਾਫ਼ੀ ਦੇਰ ਵਾਰਤਾਲਾਪ ਹੁੰਦਾ ਰਿਹਾ। ਸਾਰੀ ਸੰਗਤ ਉੱਤੇ ਬੜਾ ਪ੍ਰੇਮ-ਭਾਵ ਛਾਇਆ ਰਿਹਾ। ਗੁਰੂ ਅਰਜਨ ਦੇਵ ਜੀ ਨੇ ਜਦ ਵੇਖਿਆ ਤੇ ਕਿਹਾ :

***ਹਰਿ ਗੋਬਿੰਦ ਸੂਰਾ ਗੁਰੂ,***<br>***ਸਾਈਂ ਦਾਸ ਰਾਮੋ ਪੂਰੇ ਸਿੱਖ***<br>***ਡਲੇ ਦੀ ਸਿੱਖੀ ਧਨ।***

ਤਿੰਨ ਦਿਨ ਗੁਰੂ ਜੀ ਉੱਥੇ ਹੀ ਰਹੇ। ਨਾਰਾਇਣ ਦਾਸ ਜੀ ਨੇ ਬੜੀ ਸੇਵਾ ਕੀਤੀ। ਰਾਮੋ ਜੀ ਦੀ ਖ਼ੁਸ਼ੀ ਬਰਦਾਸ਼ਤੋਂ ਬਾਹਰ ਹੋਈ ਜਾਪਦੀ ਸੀ। ਬਰਾਤ ਵਾਪਸ ਜਾਣ ਲੱਗੀ ਤਾਂ ਗੁਰੂ ਜੀ ਨੇ ਕਿਹਾ, "ਨਾਰਾਇਣ ਦਾਸ! ਤੇਰਾ ਨਿੱਜ ਸਰੂਪ ਵਿਚ ਵਾਸਾ"।

ਰਾਮੋ ਜੀ ਤੇ ਸਾਈਂ ਦਾਸ ਵੀ ਹੱਥ ਜੋੜੀ ਖੜ੍ਹੇ ਸਨ। ਉਨ੍ਹਾਂ ਇਹ ਸ਼ਬਦ ਉਚਾਰੇ :

***ਹਮ ਪਾਥਰ, ਗੁਰੁ ਨਾਵ, ਬਿਖੁ ਭਵਜਲੁ ਤਾਰੀਐ ਰਾਮ॥***

(ਤੁਖਾਰੀ ਛੰਤ ਮਹਲਾ ੪, ਪੰਨਾ ੧੧੧੪)

ਇਸ ਤਰ੍ਹਾਂ ਸਾਰੀ ਸੰਗਤ ਨੂੰ ਧੀਰਜ ਦਾ ਉਪਦੇਸ਼ ਦੇ ਗੁਰੂ ਅਰਜਨ ਜੀ ਅੰਮ੍ਰਿਤਸਰ ਆ ਗਏ।

ਗੁਰੂ ਜੀ ਜਦ ਗੱਦੀ ਉੱਤੇ ਬਿਰਾਜਮਾਨ ਹੋ ਗਏ ਤਾਂ ਸਾਈਂ ਦਾਸ ਤੇ ਰਾਮੋ ਜੀ ਦਾ ਗੁਰੂ ਘਰ ਨਾਲ ਪਿਆਰ ਪਹਿਲਾਂ ਨਾਲੋਂ ਚੋਖਾ ਹੋ ਗਿਆ। ਗੁਰੂ ਅਰਜਨ


www.sikhbookclub.com

ਦੇਵ ਜੀ ਦੀ ਸ਼ਹੀਦੀ ਦੀ ਖ਼ਬਰ ਸੁਣ ਦੁਖੀ ਹੋਏ ਪਰ ਗੁਰੂ ਦਾ ਚੋਜ ਜਾਣ ਕੇ ਸੰਭਲ ਗਏ।

ਜਿਸ ਦਿਨ ਗੁਰ-ਗੱਦੀ ਵਾਸਤੇ ਤਿਲਕ ਹੋਣਾ ਸੀ, ਭਾਰੀ ਦੀਵਾਨ ਲੱਗਿਆ। ਸੰਗਤਾਂ ਦੂਰੋਂ-ਦੂਰੋਂ ਭੇਟਾ ਲੈ ਕੇ ਆਈਆਂ। ਰਾਮੋ ਜੀ ਵੀ ਸਾਈਂ ਦਾਸ ਜੀ ਨਾਲ ਭੇਟ ਲੈ ਕੇ ਹਾਜ਼ਰ ਹੋਈ। ਆਪਣੇ ਹੱਥੀਂ ਕੱਢਿਆ ਤੇ ਸੀਤਾ ਇਕ ਲਾਚੇ ਦਾ ਕਲੀਦਾਰ ਚੋਲਾ ਮਹਾਰਾਜ ਦੀ ਸੇਵਾ ਵਿਚ ਧਰਿਆ। ਗੁਰੂ ਜੀ ਵੀ ਰਾਮੋ ਦਾ ਬੜਾ ਆਦਰ ਕਰਦੇ ਸਨ। ਉਨ੍ਹਾਂ ਉਹ ਚੋਲਾ ਉਸੇ ਵਕਤ ਪਾ ਲਿਆ। ਰਾਮੋ ਜੀ ਦਾ ਦਿਲ ਤਾਂ ਬਾਗ਼ੋ-ਬਾਗ਼ ਹੋ ਉਠਿਆ।

ਰਾਮੋ ਜੀ ਤੇ ਸਾਈਂ ਦਾਸ ਗੁਰੂ ਘਰ ਦੀ ਸੇਵਾ ਵਿਚ ਹੀ ਲੀਨ ਰਹਿੰਦੇ। ਜਦ ਗੁਰੂ ਜੀ ਕਈ ਵਾਰ ਪੁੱਛਦੇ ਕਿ ਸਾਈਂ ਦਾਸ ਤੇ ਰਾਮੋ ਜੀ ਕਿੱਥੇ ਹਨ ਤਾਂ ਪਤਾ ਲੱਗਦਾ ਕਦੇ ਉਹ ਝਾੜੂ ਦੇ ਰਹੇ ਹਨ, ਕਦੇ ਪਾਠ ਤੇ ਕਦੇ ਕਿਸੇ ਦੁਖੀ ਸਿੱਖ ਦੀ ਸੇਵਾ ਕਰ ਰਹੇ ਹਨ। ਰਾਮੋ ਜੀ ਸੇਵਾ ਵਿਚ ਹੀ ਰੁੱਝੀ ਰਹਿੰਦੀ।

ਰਾਮੋ ਜੀ ਤੇ ਸਾਈਂ ਦਾਸ ਜੀ ਨੇ ਜਦ ਨਵਾਂ ਘਰ ਡਰੋਲੀ ਵਿਖੇ ਬਣਾਇਆ ਤਾਂ ਦੋਵੇਂ ਜੀਅ ਚਾਹੁੰਦੇ ਸਨ, ਗੁਰੂ ਜੀ ਉਨ੍ਹਾਂ ਘਰ ਚਰਨ ਪਾਉਣ। ਰਾਮੋ ਤੇ ਸਾਈਂ ਦਾਸ ਜੀ ਨੇ ਚਿੱਠੀ ਲਿਖ ਗੁਰੂ ਜੀ ਨੂੰ ਆਉਣ ਵਾਸਤੇ ਕਿਹਾ, ਪਰ ਸਾਈਂ ਦਾਸ ਜੀ ਨੇ ਅੱਜ ਤੱਕ ਗੁਰੂ ਜੀ ਕੋਲੋਂ ਕੁਝ ਨਹੀਂ ਸੀ ਮੰਗਿਆ। ਹੁਣ ਸੋਚਣ ਲੱਗ ਪਏ ਕਿ ਦਾਸ ਹੋ ਕੇ ਕਿਸ ਮੂੰਹ ਨਾਲ ਬੇਨਤੀ ਕਰਾਂ। ਰਾਮੋ ਜੀ ਨੇ ਅਰਦਾਸ ਕੀਤੀ। ਉਸੇ ਵਕਤ ਬਾਹਰੋਂ ਦਰਵਾਜ਼ਾ ਖੜਕਿਆ ਤੇ ਜਦ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਘੋੜੇ ਉੱਤੇ ਚੜ੍ਹੇ ਗੁਰੂ ਜੀ ਖੜ੍ਹੇ ਸਨ। ਰਾਮੋ ਜੀ ਤਾਂ ਜਿਵੇਂ ਖ਼ੁਸ਼ੀ ਵਿਚ ਫੁੱਲੇ ਨਹੀਂ ਸਨ ਸਮਾਂਦੇ। ਜੇ ਰਾਮੋ ਜੀ ਨੂੰ ਗੁਰੂ ਜੀ ਨਾਲ ਪਿਆਰ ਸੀ ਤੇ ਗੁਰੂ ਜੀ ਵੀ ਹਮੇਸ਼ਾ ਉਨ੍ਹਾਂ ਨੂੰ ਯਾਦ ਰੱਖਦੇ।

ਦਮੋਦਰੀ ਜੀ ਰਾਮੋ ਜੀ ਦੀ ਭਾਵੇਂ ਛੋਟੀ ਭੈਣ ਸੀ ਪਰ ਉਨ੍ਹਾਂ ਦਾ ਅਕਾਲ ਚਲਾਣਾ ਪਹਿਲਾਂ ਹੋਇਆ। ਦੋਵੇਂ ਭੈਣਾਂ ਦਾ ਪਿਆਰ ਇਤਨਾ ਸੀ ਕਿ ਰਾਮੋ ਜੀ ਦਮੋਦਰੀ ਦੇ ਜਾਣ ਦਾ ਦੁੱਖ ਨਾ ਝੱਲ ਸਕੀ। ਇਤਨਾ ਪਿਆਰ ਸੀ ਦਮੋਦਰੀ ਨਾਲ ਕਿ ਉਨ੍ਹਾਂ ਵੀ ਪ੍ਰਾਣ ਤਿਆਗ ਦਿੱਤੇ। ਭਾਵੇਂ ਮਿਥਿਹਾਸ ਵਿਚ ਗੰਗਾ ਜਮਨਾ ਦਾ ਪਿਆਰ ਹੈ, ਪਰ ਰਾਮੋ ਦਮੋਦਰੀ ਦਾ ਪਿਆਰ ਇਤਿਹਾਸਕ ਸੱਚਾਈ ਹੈ। ਇੱਥੇ ਇਹ ਮਿੱਥ ਵੀ ਟੁੱਟ ਜਾਣੀ ਚਾਹੀਦੀ ਹੈ ਕਿ ਦੋ ਭੈਣਾਂ ਦਾ ਪਿਆਰ ਹੋ ਨਹੀਂ ਸਕਦਾ। ਪਰ ਇਹ ਸੱਚ ਹੈ ਕਿ ਇਕ ਭੈਣ ਦੂਜੇ ਦਾ ਵਿਛੋੜਾ ਨਾ ਸਹਿ ਸਕੀ ਤੇ ਉਸ ਦਿਨ ਪ੍ਰਾਣ ਉਸ ਤਿਆਗ ਦਿੱਤੇ।

*ਬਿਰਹ ਭੈਨ ਕੇ ਸਹਯੋ ਨ ਜਾਇ*
*ਪ੍ਰੇਮ ਮਗਨ ਰਾਮੋ ਤਨ ਤਿਆਗ।*

ਸਾਈਂ ਦਾਸ ਜੀ ਵੀ ਵਿਛੋੜਾ ਨਾ ਝੱਲ ਸਕੇ। ਉਨ੍ਹਾਂ ਨੇ ਵੀ ਪ੍ਰਾਣ ਤਿਆਗ

 www.sikhbookclub.com

ਦਿੱਤੇ, ਬਿਲਕੁਲ ਇਸੇ ਤਰ੍ਹਾਂ ਜਿਵੇਂ ਸਰਪ ਆਪਣੀ ਕੁੰਜ ਉਤਾਰਦਾ ਹੈ। ਡੱਲਾ ਤੋਂ ਜਦ ਭਾਈ ਨਾਰਾਇਣ ਦਾਸ ਜੀ ਤੇ ਦਯਾ ਕੌਰ ਜੀ ਆਏ ਤਾਂ ਇਹ ਦੇਖ ਹੈਰਾਨ ਹੋਏ ਕਿ ਭਾਈ ਸਾਈਂ ਦਾਸ ਤੇ ਰਾਮੋ ਜੀ ਵੀ ਅਕਾਲ ਚਲਾਣਾ ਕਰ ਗਏ ਹਨ। ਬਿਰਹੋਂ ਦੀ ਐਸੀ ਚੋਟ ਖਾਧੀ ਕਿ ਉਹ ਵੀ ਅਕਾਲ ਚਲਾਣਾ ਕਰ ਗਏ।

*ਦਾਸ ਨਾਰਾਇਨ ਬੈਨ ਅਲਾਇ।*
*ਪੰਜਾਰੀ ਹਮ ਤੇ ਰਹਿਓ ਨ ਜਾਇ।*

ਗੁਰੂ ਜੀ ਨੇ ਆਪਣੀ ਹੱਥੀਂ ਸਾਰੀ ਰੀਤ ਨਿਭਾਈ। ਇਤਨਾ ਸੋਗਮਈ ਸਮਾਂ ਹੋ ਗਿਆ ਸੀ ਕਿ ਲੋਕਾਂ ਦੇ ਅੱਥਰੂ ਥੰਮ੍ਹਦੇ ਹੀ ਨਹੀਂ ਸਨ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਨ ਦਾ ਹੁਕਮ ਦਿੱਤਾ।

*ਭੋਗ ਸ੍ਰੀ ਗੁਰੂ ਗ੍ਰੰਥ ਕਾ ਪਾਓ*
*ਭੇਰ ਨਾ ਲਾਇ।*
*ਦਯਾ ਸਿਧ ਤਬ ਸੀਸ ਨਿਵਾਯੋ।*

(ਗੁਰਬਿਲਾਸ ਪਾ. ੬, ਅਧਿਆਇ ੧੯)

ਬਾਬਾ ਗੁਰਦਿੱਤਾ ਜੀ ਨੂੰ ਪੱਗ ਦਿੱਤੀ ਗਈ। ਅਨੰਦੁ ਸਾਹਿਬ ਜੀ ਦਾ ਪਾਠ ਕੀਤਾ ਗਿਆ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਗੁਰੂ ਜੀ ਨੇ ਸਭ ਨੂੰ ਧੀਰਜ ਦੇਂਦੇ ਜੋ ਬਚਨ ਕਹੇ ਉਹ ਗੁਰੂ ਜੀ ਦਾ ਧੀਰਜੀ ਸੁਭਾਅ ਤਾਂ ਦਰਸਾਂਦੇ ਹੀ ਹਨ ਪਰ ਸਾਡੇ ਜੀਵਾਂ ਲਈ ਵੀ ਰਾਹ ਦੱਸਦੇ ਹਨ ਕਿ ਦੁੱਖ ਆਇਆਂ ਸਹਿਜ ਦਾ ਪੱਲਾ ਨਹੀਂ ਛੱਡਣਾ। । ਮਹਾਰਾਜ ਦਾ ਕਹਿਣਾ ਸੀ :

*ਮਿਲਬੇ ਤੋਂ ਹਰਖਹਿ ਨ ਗਿਆਨੀ*
*ਬਿਛੁਰੇ ਸ਼ੋਕ ਨ ਦੁਖ ਕੇ ਜਾਨੀ॥*

ਪਰ ਪਿਆਰ ਤੇ ਸਨੇਹ ਸਾਈਂ ਦਾਸ ਨਾਲ ਇਤਨਾ ਸੀ ਕਿ ਨਾਲ ਹੀ ਫ਼ਰਮਾਇਆ :

*ਬਸਿਬੋ ਇਸ ਥਲ ਮੈ ਹਿਨ ਭਾਵੈ।*
*ਸਾਈ ਦਾਸ ਦ੍ਰਿਸਟਿ ਨ ਆਵੈ।*

ਅਗਲੇ ਦਿਨ ਹੀ ਡਰੋਲੀ ਤੋਂ ਕੂਚ ਕਰ ਕੇ ਮਰਾਝ ਗੁਰਸਿੱਖ ਵੱਲ ਚੱਲ ਪਏ। ਸਾਰੀ ਉਮਰ ਇਹ ਸਿੱਖ ਦੰਪਤੀ ਦੋਵੇਂ ਗੁਰੂ ਘਰ ਦੀ ਸੇਵਾ ਕਰਦੇ ਰਹੇ।

❑ ❑ ❑

# ਬੀਬੀ ਕੌਲਾਂ

ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨਾਂ ਦੀ ਚਾਅ ਹਰ ਇਕ ਜੀਅ ਨੂੰ ਹੁੰਦੀ ਸੀ ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ, ਜਾਤ ਦਾ ਹੋਵੇ ਜਾਂ ਕਿਸੇ ਵੀ ਅਵਸਥਾ ਵਿਚ ਹੋਵੇ। ਉਨ੍ਹਾਂ ਦੇ ਦਰਸ਼ਨ ਕਰ ਆਪਣੇ ਆਪ ਨੂੰ ਧੰਨ ਸਮਝਦੇ ਸਨ। ਧੰਨ ਸਨ ਉਹ ਸਿੱਖ ਤੇ ਉਹ ਅੱਖਾਂ ਵੀ ਧੰਨ, ਤੇ ਧੰਨ ਹੀ ਉਨ੍ਹਾਂ ਦਾ ਸਿੱਖੀ ਵਿਸ਼ਵਾਸ ਜਿਸ ਰਾਹੀਂ ਉਹ ਗੁਰੂ ਦੇ ਦਰਸ਼ਨ ਕਰਦੇ। ਐਸੀ ਹੀ ਇਕ ਬੀਬੀ ਸੀ ਕੌਲਾਂ ਜਿਸ ਦਾ ਸਾਰਾ ਸਮਾਜ ਦੁਸ਼ਮਣ ਬਣ ਗਿਆ। ਉਸ ਦਾ ਰੂਪ ਹੀ ਉਸ ਨੂੰ ਲੁੱਟ ਰਿਹਾ ਸੀ। ਜਨਮੋਂ ਭਾਵੇਂ ਮੁਸਲਮਾਨ ਸੀ ਪਰ ਜਦ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਆਈ ਤਾਂ ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਉਸ ਨੂੰ ਸਹੀ ਰਾਹ ਲੱਭਾ ਤੇ ਗੁਰੂ ਚਰਨਾਂ ਵਿਚ ਹੀ ਰਹਿਣ ਦਾ ਫ਼ੈਸਲਾ ਕੀਤਾ।

ਬੀਬੀ ਕੌਲਾਂ ਕਾਜ਼ੀ ਰੁਸਤਮ ਖ਼ਾਨ ਦੀ ਕਨੀਜ਼ ਸੀ। ਕੌਲਾਂ ਦੀ ਸੁੰਦਰਤਾ ਵੀ ਗ਼ਜ਼ਬ ਦੀ ਸੀ। ਚੰਦ ਵਰਗਾ ਚਿਹਰਾ ਸੋਹਣਾ ਸੀ, ਜਿਸ ਨੇ ਮੀਆਂ ਮੀਰ ਜੀ ਕੋਲੋਂ ਗੁਰੂ ਜੀ ਦੀ ਬਾਣੀ ਬੜੀ ਵਾਰ ਸੁਣੀ ਸੀ। ਬੀਬੀ ਮੀਆਂ ਮੀਰ ਜੀ ਦੀ ਸੰਗਤ ਕਰਕੇ ਸੂਫ਼ੀਆਨਾ ਖ਼ਿਆਲ ਵੀ ਰੱਖਦੀ ਸੀ ਤੇ ਧਰਮ ਵਿਚ ਕੱਟੜਪੁਣਾ ਨਹੀਂ ਸਹਾਰਦੀ ਸੀ। ਪਰ ਗ਼ੁਲਾਮ ਹੋਣ ਕਰਕੇ ਆਪਣੇ ਖ਼ਿਆਲਾਂ ਦਾ ਪ੍ਰਗਟਾਵਾ ਵੀ ਨਹੀਂ ਕਰ ਸਕਦੀ ਸੀ। ਕਾਜ਼ੀ ਨੇ ਇਸ ਨੂੰ ਮਾਰ ਪਿਟਾਈ ਰਾਹੀਂ ਵੀ ਤੇ ਹੋਰ ਕਸ਼ਟ ਦੇ ਕੇ ਵੀ ਉਸ ਦੇ ਖ਼ਿਆਲਾਂ ਤੋਂ ਮੁਕਤ ਕਰਨਾ ਚਾਹਿਆ ਸੀ। ਉਸੇ ਨਰਕ ਦੀ ਜ਼ਿੰਦਗੀ ਤੋਂ ਕੱਢਣ ਲਈ ਮੀਆਂ ਮੀਰ ਜੀ ਨੇ ਗੁਰੂ ਦੀ ਸੰਗਤ ਕਰਨ ਲਈ ਉਸ ਨੂੰ ਪ੍ਰੇਰਿਆ। ਮੀਆਂ ਮੀਰ ਜੀ ਦਾ ਚੇਲਾ ਅਬਦੁੱਲ ਸ਼ਾਹ ਸੰਨ 1626 ਨੂੰ ਬੀਬੀ ਕੌਲਾਂ ਨੂੰ ਗੁਰੂ ਜੀ ਪਾਸ ਲੈ ਕੇ ਆਇਆ। ਗੁਰੂ ਹਰਿਗੋਬਿੰਦ ਜੀ ਉਸ ਵਕਤ ਅੰਮ੍ਰਿਤਸਰ ਹੀ ਟਿਕੇ ਹੋਏ ਸਨ। ਰੋਜ਼ ਹੀ ਦੀਵਾਨ ਲੱਗਦੇ, ਕੀਰਤਨ ਹੁੰਦੇ ਰਹਿੰਦੇ। ਉਹ ਕੀਰਤਨ ਸੁਣ ਗੁਰੂ ਦੇ ਦੀਦਾਰ ਪਾ ਉਸ ਦਾ ਮਨ ਐਸਾ ਟਿਕਿਆ ਕਿ ਉਸ ਗੁਰੂ ਜੀ ਪਾਸ ਹੀ ਰਹਿਣ ਦੀ ਬੇਨਤੀ ਕਾਜ਼ੀ ਪਾਸ ਕੀਤੀ। ਕਾਜ਼ੀ ਸੁਣਦੇ ਹੀ ਲੋਹਾ ਲਾਖਾ ਹੋ ਗਿਆ ਪਰ ਨਿਥਾਵੇ ਦੀ ਥਾਂ ਤੇ ਨਿਆਸਰਿਆਂ ਦੇ ਆਸਰੇ ਗੁਰੂ ਪਾਤਸ਼ਾਹ ਨੇ, ਖ਼ੁਸ਼ੀ ਨਾਲ ਪਨਾਹ ਦਿੱਤੀ ਤੇ ਇਕ ਨਵੇਕਲਾ ਮਕਾਨ ਵੀ ਬਣਾ ਦਿੱਤਾ। ਮੁਗ਼ਲ ਰਾਜ ਹੋਣ ਕਰਕੇ ਲਾਹੌਰ ਵਿਚ ਮਜ਼ਹਬੀ ਤੂਫ਼ਾਨ ਉਠਣਾ ਸੁਭਾਵਿਕ ਸੀ ਤੇ ਇਸ ਕਰਮ ਕਾਰਨ ਸਿੱਖਾਂ ਵਿਚ ਚਰਚਾ ਦਾ ਮਜ਼ਮੂਨ ਬਣਨਾ ਕੋਈ ਹੈਰਾਨੀ ਦੀ ਗੱਲ ਨਹੀਂ ਸੀ। ਤਖ਼ਤ ਉਹ ਜਹਾਂਗੀਰ ਦੇ ਹੋਣ ਕਾਰਨ ਸਿੱਖ ਤਾਂ ਦਖ਼ਲ ਨਾ ਦੇ ਸਕੇ ਪਰ ਧਮਕੀਆਂ ਕਈ ਵਾਰ ਭੇਜੀਆਂ। ਕਾਜ਼ੀ ਰੁਸਤਮ ਖ਼ਾਂ ਆਪ ਵੀ

ਗੁਰੂ ਜੀ ਕੋਲ ਆਇਆ ਪਰ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਸਮਝਾਇਆ ਕਿ ਉਹ ਹੁਣ ਗੁਰੂ ਸ਼ਰਨ ਹੈ। ਤੈਨੂੰ ਭੜਕਾਹਟ ਨਹੀਂ ਪੈਦਾ ਕਰਨੀ ਚਾਹੀਦੀ।

ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਬੀਬੀ ਕੌਲਾਂ ਦੇ ਆਉਣ ਨਾਲ ਕਈਆਂ ਦੀਆਂ ਜ਼ਬਾਨਾਂ ਵੀ ਖੁੱਲ੍ਹੀਆਂ। ਹਰ ਕੋਈ ਆਪਣੀ ਸਮਝ ਅਨੁਸਾਰ ਗੱਲ ਕਹੀ ਜਾਂਦਾ ਸੀ। ਬਾਬਾ ਬੁੱਢਾ ਜੀ ਹੀ ਸਨ ਜੋ ਗੁਰੂ ਮਹਾਰਾਜ ਨੂੰ ਕੁਝ ਕਹਿ ਸਕਦੇ ਸਨ। ਬੀਬੀ ਕੌਲਾਂ ਜਦ ਅੰਮ੍ਰਿਤਸਰ ਆ ਵੱਸੀ ਤਾਂ ਕਈ ਸਿੱਖ ਇਹ ਮਹਿਸੂਸ ਕਰਦੇ ਸਨ ਕਿ ਉਸ ਦੇ ਉੱਥੇ ਆਉਣ ਨਾਲ ਬਿਖੇੜੇ ਵਧਣਗੇ। ਗੁਰੂ ਮਹਾਰਾਜ ਨੂੰ ਬਾਬਾ ਬੁੱਢਾ ਜੀ ਨੇ ਕਿਹਾ ਕਿ ਕੌਲਾਂ ਨੂੰ ਤਿਆਗ ਦਿਓ ਤੇ ਲਾਂਭੇ ਛੱਡ ਆਓ :

*ਕੌਲਾਂ ਤਯਾਗ ਕਰੋ ਹੇ ਸੁਆਮੀ।*
*ਮਿਟੈ ਨਿੰਦ ਇਹ ਪੂਰਨ ਕਾਮੀ।*

ਗੁਰੂ ਹਰਿਗੋਬਿੰਦ ਜੀ ਨੇ ਗੱਲ ਮੰਨ ਲਈ। ਕੌਲਾਂ ਨੂੰ ਵੀ ਗੁਰੂ ਜੀ ਨੇ ਸਮਝਾਇਆ ਕਿ ਜਦ ਸਭ ਕਹਿਣ ਲੱਗ ਪੈਣ ਤਾਂ ਸੁਣਨਾ ਜ਼ਰੂਰੀ ਹੋ ਜਾਂਦਾ ਹੈ :

*ਜਸ ਜੀਵਨ ਹੈ ਜਗਤ ਮੈ*
*ਅਪਜਸ ਮ੍ਰਿਤ ਨਿਹਾਰ।*

ਕੌਲਾਂ ਨੂੰ ਗੁਰੂ ਜੀ ਨੇ ਕਰਤਾਰਪੁਰ ਭੇਜ ਦਿੱਤਾ। ਬਾਕੀ ਦਾ ਜੀਵਨ ਕੌਲਾਂ ਨੇ ਉੱਥੇ ਹੀ ਬਿਤਾਇਆ। ਅਸਲ ਗੱਲ ਤੇ ਸਭ ਭੁੱਲ ਗਏ। ਇਸਤਰੀ ਦਾ ਸੁੰਦਰ ਹੋਣਾ ਇਹ ਆਮ ਗੱਲ ਹੈ। ਇਹ ਕੇਵਲ ਮਰਦ ਦੀ ਨਜ਼ਰ-ਮਾਤਰ ਹੈ। ਗੁਰੂ ਹਰਿਗੋਬਿੰਦ ਜੀ ਤੇ ਆਚਰਨ ਦੀ ਮੂਰਤ ਸਨ। ਜਹਾਂਗੀਰ ਵਰਗਿਆਂ 'ਤੇ ਵੀ ਆਪ ਜੀ ਦੇ ਆਚਰਨ ਦੀ ਧਾਂਕ ਪਈ ਹੋਈ ਸੀ। ਇਕ ਵਾਰੀ ਨੂਰ ਜਹਾਨ ਜਦ ਸਾਰੇ ਹਾਰ-ਸ਼ਿੰਗਾਰ ਵਿਚ ਗੁਰੂ ਜੀ ਸਾਹਮਣੇ ਆਈ ਤਾਂ ਗੁਰੂ ਜੀ ਨੇ ਕੇਵਲ ਨੂਰ ਜਹਾਨ ਦੇ ਪੈਰਾਂ ਦੀ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਕਿਹਾ "ਜੇ ਇਸੇ ਤਰ੍ਹਾਂ ਸਹਿਜ ਸ਼ਿੰਗਾਰ ਕਰ ਲਵੇਂ ਬੇਟੀ ਤਾਂ ਖ਼ੁਦਾ ਨੂੰ ਪਾ ਲਵੇਂ :

*ਐਸੋ ਸਾਚ ਸ਼ਿੰਗਾਰ ਕਰ ਪੁਤ੍ਰੀ,*
*ਪਾਇ ਖ਼ੁਦਾਇ।"*

ਐਸੇ ਉੱਚੇ ਆਚਰਨ ਵਾਲੇ ਸਨ ਗੁਰੂ ਜੀ। ਪਰ ਸੱਚਾਈ ਇਹ ਹੈ ਕਿ ਸਿੱਖੀ ਦਾ ਪ੍ਰਭਾਵ ਚਾਰੇ ਪਾਸੇ ਬੜਾ ਫੈਲ ਚੁੱਕਾ ਸੀ। ਹਰ ਕੋਈ ਗੁਰੂ ਜੀ ਦੇ ਦਰਸ਼ਨ ਮਾਣ ਕੇ ਨਿਹਾਲ ਹੋਣਾ ਲੋੜਦਾ ਸੀ। ਜਿਸ ਵੀ ਗੁਰੂ ਦੀ ਬਾਣੀ ਸੁਣੀ, ਉਨ੍ਹਾਂ ਦੇ ਬਚਨ ਸੁਣੇ, ਉਹ ਗੁਰੂ ਚਰਨਾਂ ਵਿਚ ਹੀ ਆਪਣਾ ਸਥਾਨ ਪਾਉਣਾ ਚਾਹੁੰਦਾ ਸੀ। ਆਵਾਗਵਣ ਦੇ ਚੱਕਰਾਂ ਤੋਂ ਮੁਕਤ ਹੋਣਾ ਚਾਹੁੰਦਾ ਸੀ। ਬੀਬੀ ਕੌਲਾਂ ਨੂੰ ਜਦ ਸੱਚੇ ਗਿਆਨ ਦੀ ਰੌਸ਼ਨੀ ਹੋਈ ਤਾਂ ਉਹ ਕਿਸ ਤਰ੍ਹਾਂ ਦੂਰ ਰਹਿ ਸਕਦੀ ਸੀ। ਉਹ ਭੁੱਲ ਗਈ ਕਿ ਉਹ ਮੁਸਲਮਾਨ ਹੈ ਜਿਸ ਧਰਮ ਵਿਚ ਔਰਤ ਨੂੰ ਤਾਂ ਕੇਵਲ ਪਰਦੇ ਵਿਚ ਰਹਿਣ ਦਿੱਤਾ ਜਾਂਦਾ ਹੈ। ਜਦ ਪਰਦੇ ਤੋਂ ਨਿਕਲ ਖੁੱਲ੍ਹੇ ਗੁਰੂ ਦੇ ਦਰਬਾਰ ਵਿਚ ਆਈ, ਉਸ ਵਕਤ ਚਾਰੇ ਪਾਸੇ ਰੌਲਾ ਪੈਣਾ ਲਾਜ਼ਮੀ ਹੀ ਸੀ। ਕੌਲਾਂ ਬਾਰੇ


www.sikhbookclub.com

ਅਲੱਗ-ਅਲੱਗ ਵਿਚਾਰ ਵੀ ਆਖੇ ਗਏ ਹਨ। ਕੁਝ ਹਿੰਦੂ ਤੇ ਕੁਝ ਮੁਸਲਮਾਨ ਵੀ ਆਖਦੇ ਹਨ। ਪਰ ਗੁਰੂ ਦੇ ਸ਼ਰਨ ਵਿਚ ਜਦ ਉਹ ਆਈ, ਧਰਮ ਦੀ ਲੀਕ ਨਾ ਰਹੀ ਕੇਵਲ ਗੁਰੂ ਦੀ ਸਿੱਖ ਬਣੀ।

ਕੌਲਾਂ ਦਾ ਜੀਵਨ ਹੀ ਕੌਲ ਵਰਗਾ ਸੀ ਤੇ ਉਸ ਦਾ ਨਾਂ ਕੌਲਾਂ ਪੱਕ ਗਿਆ। ਗੁਰੂ ਮਹਾਰਾਜ ਨੇ ਵੀ ਉਸ ਨੂੰ ਬੜਾ ਮਾਣ ਦਿੱਤਾ। ਉਸ ਦੇ ਨਾਂ ਹੇਠਾਂ ਇਕ ਕੌਲ-ਸਰ ਦਾ ਨਿਰਮਾਣ ਕੀਤਾ। ਕੌਲਾਂ ਨੇ ਆਪਣਾ ਸਾਰਾ ਜੀਵਨ ਗੁਰੂ ਦੀ ਸੇਵਾ ਵਿਚ ਹੀ ਬਿਤਾ ਦਿੱਤਾ।

ਗੁਰੂ ਜੀ ਨੇ ਕੌਲਾਂ ਨੂੰ ਕਹਿ ਦਿੱਤਾ ਸੀ ਕਿ ਉਹ ਕਰਤਾਰਪੁਰ (ਜਲੰਧਰ) ਚਲੀ ਜਾਵੇ ਅਤੇ ਉਸ ਦੇ ਅੰਤਿਮ ਸਮੇਂ ਤੋਂ ਅੱਠ ਪਹਿਰ ਪਹਿਲੇ ਹੀ ਪੁੱਜ ਜਾਣਗੇ। ਕੌਲਾਂ ਦਾ ਅੰਤਿਮ ਸਮਾਂ ਨੇੜੇ ਜਾਣ ਆਪ ਜੀ ਕਰਤਾਰਪੁਰ ਵੱਲ ਚੱਲੇ। ਰਾਹ ਵਿਚ ਕੁਝ ਚਿਰ ਗੋਇੰਦਵਾਲ ਸਾਹਿਬ ਟਿਕੇ। ਕੌਲਾਂ ਨੇ ਜਦ ਸੁਣਿਆ ਕਿ ਗੁਰੂ ਜੀ ਕਰਤਾਰਪੁਰ ਪੁੱਜ ਗਏ ਹਨ ਤਾਂ :

***"ਭੂਲੀ ਨਿਜ ਸਰੀਰ ਸੁਧ ਸਭ ਹੀ"***

ਦਰਸ਼ਨ ਪਾ ਕੇ ਕਹਿਣ ਲੱਗੀ। ਤੁਸੀਂ ਮੇਰੀ ਲਾਜ ਰੱਖ ਲਈ ਹੈ। ਚਰਨ ਧੂੜ ਮੱਥੇ ਲਗਾਈ। ਗੁਰੂ ਜੀ ਨੇ ਕਿਹਾ : ਅਜੇ ਤੇਰੇ ਅਕਾਲ ਚਲਾਣੇ ਵਿਚ ਸਮਾਂ ਹੈ। ਚਾਰ ਘੜੀ ਦਿਨ ਰਹਿ ਜਾਵੇ ਤਾਂ ਤੇਰਾ ਅੰਤਿਮ ਸਮਾਂ ਹੈ, ਉਸ ਸਮੇਂ ਤੇਰੇ ਪਾਸ ਹੀ ਹੋਵਾਂਗਾ। ਗੁਰੂ ਜੀ ਰਹਿਰਾਸਿ ਸਾਹਿਬ ਦਾ ਪਾਠ ਕਰਕੇ ਆਪਣੇ ਨਿਜ-ਧਾਮ ਬਿਰਾਜ ਗਏ।

ਕੌਲਾਂ ਦਾ ਜਦ ਅੰਤਿਮ ਸਮਾਂ ਨੇੜੇ ਆਇਆ ਤਾਂ ਗੁਰੂ ਜੀ ਕੌਲਾਂ ਪਾਸ ਆਏ। ਉਹ ਗਦ-ਗਦ ਹੋਈ ਤੇ ਸ਼ਰਧਾ ਵਿਚ ਭਿੱਜੀ ਹੋਈ ਨੇ ਇਹ ਪੁੱਛ ਹੀ ਲਿਆ ਕਿ ਮੈਂ ਕੀ ਪੁੰਨ ਕੀਤੇ ਹਨ ਕਿ ਇਤਨੀ ਮਿਹਰ ਹੋ ਰਹੀ ਹੈ ਕਿ ਤੁਸੀਂ ਅੰਤਿਮ ਸਮੇਂ ਵੀ ਮੇਰੇ ਕੋਲ ਹੋ। ਜਦ ਵਾਰ-ਵਾਰ ਉਸ ਨੇ ਪੁੱਛਿਆ ਤਾਂ ਗੁਰੂ ਜੀ ਨੇ ਉਸ ਦੇ ਪਿਛਲੇ ਜਨਮ ਬਾਰੇ ਦੱਸਿਆ ਕਿ ਪਿਛਲੇ ਜਨਮ ਤੂੰ ਉਰਵਿਸ਼ੀ ਸੀ। ਇੰਦਰ ਸਭਾ ਵਿਚ ਨ੍ਰਿਤ ਕਰਕੇ ਸਭ ਦਾ ਮਨ ਮੋਹ ਰਹੀ ਸੀ। ਪਰ ਕਲਪ ਮੁਨੀ ਦੀ ਐਸੀ ਤੜਫ ਉਠੀ ਕਿ ਉਹ ਚਾਹੁੰਦਾ ਸੀ ਕਿ ਤੂੰ ਉਸ ਵੱਲ ਉਚੇਚਾ ਧਿਆਨ ਦੇਵੇਂ ਪਰ ਤੂੰ ਰੱਤਾ ਭਰ ਧਿਆਨ ਨਾ ਦਿੱਤਾ ਤੇ ਉਸ ਨੂੰ ਸਰਾਪ ਦਿੱਤਾ ਕਿ ਧਰਤੀ 'ਤੇ ਜਾ ਕੇ ਮਲੇਛਾਂ ਦੇ ਦੁੱਖ ਝੱਲ। ਪਰ ਤੂੰ ਹੱਥ ਜੋੜ ਕੇ ਨਿਮਰਤਾ ਨਾਲ ਕਿਹਾ ਕਿ ਮੇਰਾ ਉਧਾਰ ਕਦ ਹੋਵੇਗਾ ਤਾਂ ਕਲਪ ਮੁਨੀ ਕਹਿਣ ਲੱਗਾ ਕਿ ਗੁਰੂ ਨਾਨਕ ਜੀ ਦੇ ਛੇਵੇਂ ਜਾਮੇ ਉਨ੍ਹਾਂ ਦੇ ਦਰਸ਼ਨ ਪਾ ਫਿਰ ਸਵਰਗ ਨਸੀਬ ਹੋਵੇਗਾ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਹੁਣ ਤੂੰ ਸਵਰਗ ਵਿਚ ਹੀ ਜਾ ਰਹੀ ਹੈਂ। ਇਤਨਾ ਸੁਣਦੇ ਸਾਰ ਕੌਲਾਂ ਨੇ ਹੱਥ ਜੋੜ ਕਿਹਾ :

"ਮਹਾਰਾਜ ਹੁਣ ਨਾਂਹ ਮੈਨੂੰ ਸਵਰਗ ਭੇਜਣਾ ਜਿੱਥੇ ਨਿੱਕੀ ਤੁੱਛ ਗੱਲ 'ਤੇ

ਸਰਾਪ ਦਿੱਤੇ ਜਾਂਦੇ ਹਨ। ਮੈਨੂੰ ਤਾਂ ਉਸ ਥਾਂ ਭੇਜੋ ਜਿੱਥੇ ਆਪ ਜੀ ਦੇ ਦਾਸਾਂ ਦੀ ਸੇਵਾ ਕਰਨ ਦਾ ਮੌਕਾ ਮਿਲੇ।" ਗੁਰੂ ਚਰਨਾਂ ਵਿਚ ਆ ਕੌਲਾਂ ਕਿਤਨੇ ਉੱਚੇ ਬਚਨ ਕਹਿਣ ਲੱਗ ਪਈ ਸੀ :

*ਜਹਾਂ ਸੁਰਗ ਮੈਂ ਭੂਮਿ ਗਿਰਾਵੈ।*
*ਤੁਛ ਬਾਤ ਤੇ ਸ੍ਰਾਪਸੁ ਪਾਵੈ।*
*ਤਹਾਂ ਨ ਜਾਵੌ ਮੈਂ ਅਬ ਸੁਆਮੀ।*
*ਤੁਮਰੀ ਸੇਵਾ ਕਰੋ ਮੁਦਾਮੀ (ਹਮੇਸ਼ਾ)।*
*ਮੋ ਕੋ ਇਹ ਬਰ ਦੀਜੈ ਨਾਥਾ।*
*ਦਾਸਨਿ ਪਦ ਦੇ ਕਰੌ ਸਨਾਥਾ।*
*ਜਹਾਂ ਜਹਾਂ ਤੁਮਰੇ ਹੈ ਦਾਸ।*
*ਤਹਾਂ ਹਮਰਾ ਕਰੋ ਨਿਵਾਸ।*

ਗੁਰੂ ਜੀ ਨੇ ਕਿਹਾ ਇਸੇ ਤਰ੍ਹਾਂ ਹੀ ਹੋਵੇਗਾ। ਕੌਲਾਂ ਨੇ ਗੁਰੂ ਦੇ ਚਰਨਾਂ ਵਿਚ ਹੀ ਪ੍ਰਾਣ ਤਿਆਗ ਦਿੱਤੇ। ਧੰਨ ਹਨ ਗੁਰੂ ਹਰਿਗੋਬਿੰਦ ਜੀ ਜਿਨ੍ਹਾਂ ਇਹ ਵਿਚਾਰਿਆ ਕਿ ਕੌਲਾਂ ਦਾ ਨਿੱਜ ਜਨਮ ਮੁਸਲਮਾਨ ਹੈ ਜੋ ਮ੍ਰਿਤ ਕ੍ਰਿਆ ਸਾਰੀ ਇਸਲਾਮੀ ਸ਼ਰਤ ਨਾਲ ਕਰਨੀ ਚਾਹੀਦੀ ਹੈ। ਕੌਲਾਂ ਨੂੰ ਬਾਗ਼ ਵਿਚ ਦਫ਼ਨਾਇਆ। ਕੈਸਾ ਹੈ ਇਹ ਜੋਧਾ ਜੋ ਦੂਸਰੇ ਧਰਮਾਂ ਦਾ ਇੰਨਾ ਸਤਿਕਾਰ ਕਰਦਾ ਹੈ। ਦੂਜੇ ਧਰਮ ਦਾ ਪੂਰਾ ਸਤਿਕਾਰ ਕਰਨਾ ਸਿਰਫ਼ ਗੁਰੂ ਹੀ ਜਾਣਦੇ ਸਨ :

*ਨਿਜ ਮਨ ਮੇ ਗੁਰ ਕੀਨ ਬਿਚਾਰੀ।*
*ਮੁਸਲਮਾਨ ਕੀ ਨਾਰ ਹਕਾਰੀ।*
*ਮ੍ਰਿਤ ਕਿਰਯਾ ਸਭ ਸ਼ਰਾ ਸੁ ਕਈ।*
*ਕੌਲਾਂ ਦਫਨ ਕੀ ਆਗਯਾ ਲਈ।*
*ਗੋਰ ਕਰੀ ਤਿੰਹ ਮਧ ਦਬਾਈ।*
*ਬਾਗ ਬੀਚ ਗੁਰ ਭਬੀ ਸੁ ਆਈ।*

ਕੌਲਾਂ ਗੁਰੂ ਸ਼ਰਧਾ ਦੀ ਪ੍ਰਤੀਕ ਬਣੀ ਅੱਜ ਤੱਕ ਅਗਵਾਈ ਬਖ਼ਸ਼ ਰਹੀ ਹੈ।

❑ ❑ ❑

# ਮਾਤਾ ਸੁਲੱਖਣੀ

ਜਿਸ ਔਰਤ ਦੇ ਘਰ ਕੋਈ ਔਲਾਦ ਨਾ ਹੋਵੇ ਉਹ ਪੀਰਾਂ, ਫ਼ਕੀਰਾਂ, ਦਰਗਾਹਾਂ ਦੀਆਂ ਮਨਤਾਂ ਮਨਾਉਣ ਲਈ ਉਠ ਖੜੋਂਦੀ ਹੈ। ਇਕ ਐਸੀ ਹੀ ਮਾਈ ਦੇਸਾਂ ਜੋ ਸਭ ਥਾਂ ਟੱਕਰਾਂ ਮਾਰ ਆਈ ਪਰ ਇਕੋ ਹੀ ਜਵਾਬ ਮਿਲੇ ਕਿ ਤੇਰੇ ਲੇਖਾਂ ਵਿਚ ਨਹੀਂ ਮਾਈ। ਪਰ ਮਨ ਵਿਚ ਵਿਸ਼ਵਾਸ, ਦਿਲ ਵਿਚ ਤੜਫ ਹੋਵੇ ਤਾਂ ਸੱਚਾ ਮਾਰਗ ਮਿਲ ਹੀ ਜਾਂਦਾ ਹੈ। ਇਹ ਮਾਈ ਦੇਸਾਂ ਹੀ ਬਰਕਤ ਪਾ ਸੁਲੱਖਣੀ ਕਹਿਲਾਈ, ਕੁਲੱਖਣੀ ਨਾ ਰਹੀ। ਮਾਈ ਦੇਸਾਂ ਨੂੰ ਭਾਈ ਗੁਰਦਾਸ ਜੀ ਨੇ ਕਿਹਾ, "ਘਬਰਾ ਨਾਂਹ, ਮੀਰੀ ਪੀਰੀ ਦੇ ਮਾਲਕ ਪਾਸ ਜਾਹ ਉਹ ਪਰਉਪਕਾਰੀ ਹਨ, ਮਿਹਰਾਂ ਦਾ ਮੀਂਹ ਵਰਸਾ ਦੇਣਗੇ। ਇਤਨੀ ਜਾ ਕੇ ਬੇਨਤੀ ਕਰ ਕਿ ਉੱਥੇ ਵੀ ਲਿਖਣ ਵਾਲੇ ਤੁਸੀਂ ਸਾਉ ਤੇ ਇੱਥੇ ਵੀ ਤੁਸੀਂ ਹੋ :

*ਪੁਰ ਦਰਗਾਹ ਕਲਮ ਤੁਮ ਹਾਥਾ।*
*ਸੋ ਤੁਮ ਈਹਾ ਪਰਵਾਹੁ ਲਾਥਾ।*

ਉਹ ਮਾਈ ਦੇਸਾਂ ਜੀ ਨੂੰ ਜਦ ਸੱਚੇ ਮਾਰਗ ਦਾ ਗਿਆਨ ਹੋ ਗਿਆ, ਲੇਖਾ ਲਿਖਣ ਤੇ ਮੇਟਣ ਵਾਲੇ ਦਾ ਪਤਾ ਲੱਗ ਗਿਆ, ਉਹ ਗੁਰੂ ਹਰਿਗੋਬਿੰਦ ਜੀ ਦਾ ਰਾਹ ਰੋਕ ਖੜ੍ਹੀ ਹੋ ਗਈ।

ਮਾਈ ਦੇਸਾਂ ਚੰਬੇ ਦੀ ਰਹਿਣ ਵਾਲੀ ਸੀ। ਚੰਬਾ ਸ਼ਹਿਰ ਅੰਮ੍ਰਿਤਸਰ ਤੋਂ ਚਾਰ ਮੀਲ ਦੀ ਵਾਟ 'ਤੇ ਤਰਨ ਤਾਰਨ ਸੜਕ 'ਤੇ ਸਥਿਤ ਹੈ। ਘਰੋਂ ਸੌਖੀ ਸੀ ਪਰ ਸੰਤਾਨ ਕੋਈ ਨਹੀਂ ਸੀ। ਮਾਈ ਉਦਾਸ ਰਹਿੰਦੀ। ਗੁਰੂ ਹਰਿਗੋਬਿੰਦ ਜੀ ਬਾਰੇ ਸਭ ਕੋਲੋਂ ਸੁਣ ਵੀ ਬੈਠੀ ਸੀ। ਜਦ ਇਕ ਵਾਰ ਗੁਰੂ ਹਰਿਗੋਬਿੰਦ ਜੀ ਘੋੜੇ 'ਤੇ ਸਵਾਰ ਹੋ ਸ਼ਿਕਾਰ ਲਈ ਜਾ ਰਹੇ ਸਨ ਤਾਂ ਉਹ ਰਾਹ ਰੋਕ ਕਲਮ ਦਵਾਤ ਲੈ ਖੜ੍ਹੀ ਹੋ ਗਈ ਤੇ ਆਖਣ ਲੱਗੀ :

*ਸੋਹਣੀਏ ਦਾਹੜੀਏ ਚਿਟੀਏ ਪੱਗੇ।*
*ਅਰਜ ਕਰੇਨੀ ਹਾਂ, ਗੁਰੂ ਹਰਿਗੋਬਿੰਦ ਅੱਗੇ।*

ਇਹ ਸੁਣ ਗੁਰੂ ਪਾਤਸ਼ਾਹ ਨੇ ਕਿਹਾ : 'ਮਾਈ! ਤੁਮਰੇ ਸੁਤ ਨਹਿ ਲੇਖੇ' ਮਾਈ ਬੜੀ ਹਿੰਮਤ ਵਾਲੀ ਸੀ ਤੇ ਝੱਟ ਕਲਮ ਦਵਾਤ ਅੱਗੇ ਕਰਕੇ ਆਖਣ ਲੱਗੀ, ਇੱਥੇ ਵੀ ਲਿਖਣ ਵਾਲੇ ਤੁਸੀਂ ਸੋ, ਉੱਥੇ ਵੀ ਤੁਸੀਂ ਸੋ। ਜੇ ਉੱਥੇ ਨਹੀਂ ਲਿਖਿਆ ਤੇ ਹੁਣ ਲਿਖ ਦੇਵੋ।

*"ਲਿਖੋ ਅਲੇਖਾ"*

ਮਾਈ ਨੇ ਫਿਰ ਫ਼ਰਿਆਦ ਕੀਤੀ। ਗੁਰੂ ਹਰਿਗੋਬਿੰਦ ਜੀ ਮਾਈ ਦੀ ਹਿੰਮਤ ਦੇਖ ਖੁਸ਼ ਹੋਏ। ਉੱਥੇ ਹੀ ਇਕ ਠੀਕਰੀ ਉੱਤੇ ਘੋੜੇ ਉੱਤੇ ਚੜ੍ਹੇ ਹੋਏ ਹੀ ੧ ਪਾਉਣ

ਲੱਗੇ ਤਾਂ ਘੋੜੇ ਨੇ ਅੱਡੀ ਹਿਲਾ ਦਿੱਤੀ। ੧ ਦੀ ਥਾਂ ੭ ਬਣ ਗਿਆ।

ਸੁਲੱਖਣੀ ਦੇ ਘਰ ਸੱਤ ਪੁੱਤਰ ਹੋਏ। ਬਰਕਤਾਂ ਪਾ ਕੇ ਜਿਨ੍ਹਾਂ ਅਗਲੀਆਂ ਜੰਗਾਂ ਵਿਚ ਗੁਰੂ ਹਰਿਗੋਬਿੰਦ ਜੀ ਦੀ ਰੱਜ ਕੇ ਸੇਵਾ ਕੀਤੀ :

***ਕਾਗਦ ਕਲਮ ਲਈ ਗੁਰ ਹਾਥ***
***ਲਗੇ ਲਿਖ ਏਕ ਹੈ (ਘੋੜੇ ਨੇ) ਪਾਵ ਉਠਾਵੈ।***
***ਏਕੇ (੧) ਤੇ ਸਪਤ (੭) ਭਏ।***
***ਤਬ ਹੀ ਗੁਰ ਐਸ ਕਹਯੋ।***
***ਸੁਤ ਸਾਤ ਲਹਾਵੈ।***

ਉਹ ਮਾਈ ਦੇਸਾਂ ਗੁਰੂ ਹਰਿਗੋਬਿੰਦ ਜੀ ਦੀ ਰਹਿਮਤ ਸਦਕਾ ਹੁਣ ਭਾਗਾਂ ਵਾਲੀ ਹੋ ਗਈ। ਉਹ ਸਰਾਪ-ਮੁਕਤ ਹੋ ਗਈ ਕਿਉਂਕਿ ਉਸ ਘਰ ਔਲਾਦ ਨਾ ਹੋਣ ਕਰਕੇ ਆਪਣੇ ਆਪ ਨੂੰ ਸਰਾਪੀ ਹੋਈ ਸਮਝਦੀ ਸੀ ਪਰ ਹੁਣ ਮਾਈ ਦੇਸਾਂ ਤੋਂ ਗੁਰੂ ਦੀ ਮਿਹਰ ਨਾਲ 'ਸੁਲੱਖਣੀ' ਬਣੀ। ਉਸ ਮਾਈ ਦੇ ਹੌਸਲੇ ਤੇ ਸ਼ਰਧਾ ਕਾਰਨ ਹੀ ਉਸ ਘਰ ਸੱਤ ਪੁੱਤਰ ਹੋਏ।

ਇਹ ਕੋਈ ਅਨੋਖੀ ਘਟਨਾ ਨਹੀਂ। ਜੇ ਗੁਰੂ ਚਰਨ ਪੈਣ ਬੰਜਰ ਭੂਮੀ ਹਰੀ ਹੋ ਜਾਂਦੀ ਹੈ। ਸੁੱਕੇ ਹਰੇ ਖਿਨ ਮਹਿ ਹੋ ਜਾਂਦੇ ਹਨ। ਜੁਲਾਹੇ ਦੀ ਕਿੱਲੀ ਕੇਵਲ ਠੁੱਢਾ ਲੱਗਣ ਨਾਲ ਜੇ ਹਰੀ ਭਰੀ ਹੋ ਬਿਰਖ ਬਣ ਫਲ ਦੇਣ ਲਗ ਪੈਂਦੀ ਹੈ ਤਾਂ ਇਹ ਕੋਈ ਅਸਚਰਜ ਨਹੀਂ ਕਿ ਗੁਰੂ ਮਿਹਰ ਸਦਕਾ ਕੁਖ ਹਰੀ ਹੋ ਜਾਏ। ਵੱਡਾ ਵਾਧਾ ਹੈ ਇਹ ਮਾਈ ਸੁਲੱਖਣੀ ਦਾ ਕਿ ਬਰਕਤਾਂ ਪਾ ਕੇ ਭੁੱਲੀ ਨਹੀਂ। ਸੱਤਾਂ ਨੂੰ ਗੁਰੂ ਦਰਬਾਰ ਲੈ ਹਾਜ਼ਰ ਹੋਈ ਤੇ ਗੁਰੂ ਸੇਵਾ ਲਈ ਅਰਪਣ ਕੀਤੇ। ਜੰਗਾਂ ਵਿਚ ਇਨ੍ਹਾਂ ਸਪੂਤਾਂ ਨੇ ਜੌਹਰ ਦਿਖਲਾਏ।

❑ ❑ ❑

# ਮਾਈ ਭਾਗਭਰੀ

ਕਹਿੰਦੇ ਹਨ ਕਿ ਬਨਵਾਸ ਦੀ ਯਾਤਰਾ ਕਰਦੇ ਦੌਰਾਨ ਜੋ ਵੀ ਰਾਮ ਦੇ ਰਾਹ ਵਿਚ ਆਇਆ ਉਹ ਤਰ ਗਿਆ। ਅਹਿੱਲਿਆਂ ਵਰਗੀਆਂ ਪੱਥਰ ਹੋਈਆਂ ਜੀਵਤ ਹੋ ਉਠੀਆਂ। ਕੁਝ ਐਸਾ ਹੀ ਪ੍ਰਭਾਵ ਮਿਲੇਗਾ ਗੁਰੂ ਹਰਿਗੋਬਿੰਦ ਜੀ ਦੀ ਕਸ਼ਮੀਰ ਦੀ ਫੇਰੀ 'ਤੇ। ਚਪਰਹਾਰ ਪਿੰਡ ਡੇਰਾ ਮਾਰ ਜਲ ਦਾ ਚਸ਼ਮਾ ਵਗਾ ਜਨਮਾਂ ਦੀ ਪਿਆਸ ਮਿਟਾਈ। ਫਿਰ ਬੈਰਾਗੀਆਂ ਨੂੰ ਦੁੱਖ ਵੰਡਣ ਵੱਲ ਲਗਾਇਆ। ਬ੍ਰਾਹਮਣ ਨੂੰ ਹੰਕਾਰ ਦੀ ਟੀਸੀ ਤੋਂ ਉਤਾਰਿਆ। ਸਮਾਣੀ ਪਿੰਡ ਦੇ ਮੁੱਲਾਂ ਨਾਂ ਦੇ ਬੰਦੇ ਨੂੰ ਨਾਮ ਭਾਵ ਵਿਚ ਆਂਦਾ। ਕੱਟੂ ਸ਼ਾਹ ਨੂੰ ਰਿੱਧੀਆਂ ਸਿੱਧੀਆਂ ਤੋਂ ਕੱਢ ਅੰਦਰ ਦੀ ਫੇਰ ਬਖ਼ਸ਼ੀ। ਪਰ ਸਭ ਤੋਂ ਨਿਰਾਲੀ ਸਿੱਕ ਸੀ ਸ੍ਰੀਨਗਰ ਦੀ ਮਾਈ ਭਾਗ ਭਰੀ ਦੀ ਕਿ ਮੈਂ ਅੰਮ੍ਰਿਤਸਰ ਆ ਨਹੀਂ ਸਕਦੀ। ਬਿਰਧ ਸਰੀਰ ਹੈ, ਤੁਸੀਂ ਹੀ ਕਿਰਪਾ ਕਰੋ ਮਹਾਰਾਜ ਜੀ।

> ***"ਨਹਿ ਤਾਂ ਮੈਂ ਅੰਮ੍ਰਿਤਸਰ ਆਵਹਿ।***
> ***ਸ਼ਕਤੀਹੀਨ ਕਿਸ ਰਾਮ ਨੇ ਸਵਾਮੀ।***
> ***ਸਭ ਘਰ ਬਿਆਪਕ ਅੰਤਰਜਾਮੀ।"***

ਇਸ ਵਿਸ਼ਵਾਸ ਵਿਚ ਹੱਥੀਂ ਚੋਲਾ ਤਿਆਰ ਕਰਕੇ ਬੈਠ ਗਈ ਕਿ ਆਪੂੰ ਆਉਣਗੇ ਤਾਂ ਪਹਿਨਾ ਪ੍ਰਾਣ ਤਿਆਗਾਂਗੀ।

ਕਸ਼ਮੀਰ ਵਿਚ ਭਾਈ ਮਾਧੋ ਸੋਢੀ ਨੇ ਗੁਰਸਿੱਖੀ ਦੀ ਚਾਲ ਚਲਾਈ ਹੋਈ ਸੀ। ਇਸੇ ਕਸ਼ਮੀਰ ਸ਼ਹਿਰ ਵਿਚ ਹੀ ਭਾਗਭਰੀ ਨਾਂ ਦੀ ਮਾਈ ਸੀ ਜੋ ਸ਼ਰਧਾ ਦੀਆਂ ਹੱਦਾਂ ਟੱਪ ਗਈ ਸੀ। ਮੌਤ ਨੂੰ ਵੀ ਉਡੀਕ ਵਿਚ ਲਗਾ ਦਿੱਤਾ ਸੀ ਕਿ ਇਤਨੀ ਦੇਰ ਠਹਿਰੀ ਰਵੀਂ ਜਦ ਤੱਕ ਗੁਰੂ ਦਰਸ਼ਨਾਂ ਨੂੰ ਨਾ ਪਾ ਲਵਾਂ। ਜੇ ਫ਼ਰੀਦ ਜੀ ਨੇ ਕੇਵਲ ਦੋ ਨੈਣਾਂ ਦੀ ਸਲਾਮਤੀ ਮੰਗੀ ਸੀ ਕਿ ਅਲਾਹ ਦਰਸ਼ਨ ਪਾਵਾਂ ਤਾਂ ਇਸ ਮਾਈ ਭਾਗ ਭਰੀ ਨੇ ਮੌਤ ਨੂੰ ਵੀ ਉਡੀਕਣ 'ਤੇ ਲਗਾ ਦਿੱਤਾ ਸੀ। ਬੇਟਾ ਸੇਵਾਦਾਸ ਵੀ ਭਾਵੇਂ ਗੁਰੂ ਵਿਚ ਵਿਸ਼ਵਾਸ ਵਾਲਾ ਸੀ ਪਰ ਜਦ ਕਦੇ ਉਹ ਕਹਿਣ ਕਿ ਗੁਰੂ ਇਧਰ ਕਿਵੇਂ ਆਉਣਗੇ ਤਾਂ ਕਹਿੰਦੀ "ਮਿਲਹਿ ਆਵੈ ਮੁਹਿ ਬਿਸਵਾਸ।'

ਜਦ ਭਾਈ ਮਾਧੋ ਜੀ ਦਾ ਉਪਦੇਸ਼ ਸੁਣ ਮਾਈ ਭਾਗਭਰੀ ਨੇ ਇਕ ਵਾਰੀ ਕਿਹਾ : ਸਾਨੂੰ ਵੀ ਕਦੇ ਗੁਰਾਂ ਦੇ ਦਰਸ਼ਨ ਹੋਣਗੇ। ਮਾਧੋ ਜੀ ਨੇ ਕਿਹਾ : ਗੁਰੂ ਅਰਜਨ ਦੇਵ ਤਾਂ ਸ਼ਹੀਦੀਆਂ ਪਾ ਗਏ ਹਨ। ਹੁਣ ਗੁਰੂ ਹਰਿਗੋਬਿੰਦ ਜੀ ਉਨ੍ਹਾਂ ਦੀ ਥਾਂ ਹਨ। ਸਿਮਰਨ ਕਰਦੇ ਰਹੋ, ਸਿਮਰਨ ਨੂੰ ਦਰਸ਼ਨਾਂ ਦਾ ਫਲ ਅਵੱਸ਼ ਲੱਗੇਗਾ। ਇਤਨਾ ਸੁਣਨਾ ਹੀ ਸੀ ਕਿ ਮਾਈ ਭਾਗਭਰੀ ਦਾ ਵਿਸ਼ਵਾਸ ਹੋਰ ਦ੍ਰਿੜ੍ਹ ਹੋ ਗਿਆ। ਘਰ ਵਿਚ ਹੀ ਗੁਰੂ ਮਰਯਾਦਾ ਹੁੰਦੀ, ਕੀਰਤਨ ਹੁੰਦਾ। ਆਏ ਗਏ ਲਈ ਲੰਗਰ

ਤਿਆਰ ਹੁੰਦਾ । ਜਿਉਂ-ਜਿਉਂ ਮਾਈ ਨੂੰ ਬਾਣੀ ਕੀਰਤਨ, ਸਤਿਸੰਗ ਆਦਿ ਦਾ ਅਨੰਦ ਆਉਂਦਾ ਤਿਉਂ-ਤਿਉਂ ਗੁਰੂ ਦਰਸ਼ਨਾਂ ਦੀ ਤਾਂਘ ਵਧਣ ਲੱਗੀ।

ਪਹਿਲਾਂ ਤਾਂ ਮਾਧੋ ਜੀ ਦੇ ਬਚਨ ਬੀਬੀ ਨੂੰ ਢਾਰਸ ਦੇਂਦੇ ਰਹਿੰਦੇ ਸਨ ਪਰ ਜਦ ਭਾਈ ਸਾਹਿਬ ਅਕਾਲ ਚਲਾਣਾ ਕਰ ਗਏ ਤਾਂ ਮਾਈ ਭਾਗਭਰੀ ਦੀ ਬ੍ਰਿਹਾ ਦੀ ਪੀੜਾ ਵਧੀ। ਧਿਆਨ ਲਾਂਭੇ ਨਾ ਜਾਵੇ ਇਸ ਲਈ ਸੂਤ ਕਤ ਕੇ ਇਕ ਜਾਮਾ ਤਿਆਰ ਕੀਤਾ ਤੇ ਉਸ ਨੂੰ ਸਿਲਵਾ ਕੇ ਪਾਸ ਰੱਖ ਲਿਆ ਤੇ ਚਿਤਵਨ ਲੱਗੀ ਕਿ ਹੱਥ ਤਾਂ ਸਫ਼ਲ ਜਾਣਾਂਗੀ ਜੇ ਆਪੂੰ ਗੁਰੂ ਜੀ ਆਉਣ ਇਸ ਜਾਮੇ ਨੂੰ ਸਜਾਉਣ।

*ਮੇਰੇ ਹਾਥ ਸਫਲ ਤਬ ਹੋਈ।*
*ਕਬ ਗੁਰੂ ਓਢੈ ਮਮਦੁੱਖ ਖੋਈ।*

ਮਾਈ ਨੂੰ ਹੋਰ ਕੁਝ ਚੰਗਾ ਨਹੀਂ ਸੀ ਲਗਦਾ। ਚਿੱਤ ਦਰਸ਼ਨਾਂ ਲਈ ਬਿਲਲਾਂਦਾ ਰਹਿੰਦਾ ਸੀ। ਮਾਈ ਦਾ ਅੰਤਿਮ ਸਮਾਂ ਵੀ ਆ ਗਿਆ। ਇੰਦਰ ਨੇ ਕਿਹਾ ਕਿ ਮਾਈ ਤੇਰੇ ਲਈ ਸਵਰਗ ਦੇ ਦੁਆਰ ਖੁੱਲ੍ਹੇ ਹਨ, ਪਰ ਪ੍ਰੇਮ ਭਿੱਜੀ ਮਾਈ ਨੇ ਕਿਹਾ :

*ਤਹਿ ਨਾਹਿ ਜਾਊਂ।*
*ਗੁਰ ਕੇ ਧਾਮ ਨਿਵਾਸ ਸੁ ਪਾਊਂ।*

ਆਖਦੇ ਹਨ ਮਾਈ ਦੀ ਸ਼ਰਧਾ ਭਗਤੀ ਦੇਖ ਕੁਬੇਰ ਜੋ ਧਨ ਦੌਲਤ ਦਾ ਦੇਵਤਾ ਹੈ, ਉਸ ਨੇ ਵੀ ਕਿਹਾ ਜੇ ਸੁਰਗਾਂ ਵਿਚ ਨਹੀਂ ਜਾਣ ਦਾ ਮਨ ਤਾਂ ਉਸ ਪਾਸ ਚਲ ਉੱਥੇ ਹਰ ਵੇਲੇ ਤੇਰੀ ਸੇਵਾ ਹੁੰਦੀ ਰਵ੍ਹੇਗੀ। ਪਰ ਮਾਈ ਕਿਸੇ ਵੀ ਲੋਭ ਲਾਲਚ ਵਿਚ ਨਾ ਫਸੀ ਉਸ ਇਤਨਾ ਹੀ ਕਿਹਾ : ਮੈਨੂੰ ਤਾਂ ਹੁਣ ਕੇਵਲ ਗੁਰੂ ਮਿਲਣ ਦੀ ਆਸ ਹੈ, ਮੈਂ ਤੇ ਕੇਵਲ ਹੁਣ ਗੁਰੂ ਦੇ ਦਰਸ਼ਨ ਹੀ ਕਰਨੇ ਹਨ। ਮੈਨੂੰ ਨਾ ਦੇਵਪੁਰੀ ਤੇ ਨਾ ਹੀ ਬ੍ਰਹਮਪੁਰੀ ਦੀ ਇੱਛਾ ਹੈ। ਇਕ ਨਹੀਂ ਹਜ਼ਾਰਾਂ ਹੀ ਸਵਰਗ ਹੋਣ ਤਾਂ ਵੀ ਗੁਰੂ ਦਾ ਦਰਸ਼ਨ ਚਾਹਵਾਂਗੀ। ਉਤਨੀ ਦੇਰ ਤੱਕ ਮੈਂ ਪ੍ਰਾਣ ਨਹੀਂ ਤਿਆਗਣੇ ਜਦ ਤੱਕ ਗੁਰੂ ਪਲੰਘ 'ਤੇ ਬੈਠ ਕੇ ਮੇਰੇ ਹੱਥਾਂ ਦਾ ਬਣਾਇਆ ਜਾਮਾ ਨਹੀਂ ਪਹਿਨਦੇ।

*ਕੋਟ ਬੈਕੁੰਠ ਦ੍ਰਿਸ਼ਟ ਜਹ ਮਾਹੀ।*
*ਅਸ ਧਾਮ ਗੁਰੂ ਛੋਡੋਂ ਨਾਹੀ।*
*ਜਬ ਗੁਰ ਆਵੇ ਜਾਮਾ ਧਾਰ।*
*ਬੈਠ ਪਲੰਘ ਮਮ ਦੇਹ ਦੀਦਾਰ।*

ਮਾਈ ਦੀ ਲਗਨ ਨੇ ਗੁਰੂ ਜੀ ਨੂੰ ਖਿੱਚ ਪਾਈ। ਕਸ਼ਮੀਰ ਤੋਂ ਕੋਹਾਂ ਦੂਰ ਬੈਠੇ ਗੁਰੂ ਹਰਿਗੋਬਿੰਦ ਜੀ ਨੇ ਕਸ਼ਮੀਰ ਜਾਣ ਦਾ ਨਿਰਣਾ ਲਿਆ। ਕੁਝ ਕੁ ਸੂਰਮਿਆਂ ਨਾਲ ਸੱਤਾਂ ਦਿਨਾਂ ਵਿਚ ਹੀ ਗੁਰੂ ਜੀ ਕਸ਼ਮੀਰ ਪੁੱਜ ਗਏ। ਜਿੱਥੇ ਗੁਰੂ ਹਰਿਗੋਬਿੰਦ ਜੀ ਕਾਠੀ ਬਾਜ਼ਾਰ ਪੁੱਜੇ ਉੱਥੇ ਗੁਰਦੁਆਰਾ ਛੱਟੀ ਪਾਤਸ਼ਾਹੀ ਉਸਰਿਆ ਹੈ।

ਗੁਰੂ ਜੀ ਨੇ ਆਵਾਜ਼ ਮਾਰ ਚੋਲਾ ਮੰਗਿਆ ਤੇ ਮਾਈ ਦੇ ਸਾਹਮਣੇ ਪਹਿਨਿਆ। ਮਾਈ ਭਾਗ ਭਰੀ ਦੀ ਸੱਚਮੁੱਚ ਸੁਧਕੀ ਸੁਧ ਸੀ ਵਾਲੀ ਦਸ਼ਾ ਬਣ ਗਈ। ਮੂੰਹੋਂ

ਕੋਈ ਸ਼ਬਦ ਨਾ ਨਿਕਲੇ।

ਅੱਖਾਂ ਭਰ ਗੁਰੂ ਜੀ ਵੱਲ ਦੇਖਦੀ ਹੀ ਰਹੀ ਤੇ ਐਸਾ ਵਿਸਮਾਦ ਤਾਂ ਹੀ ਹੋਇਆ ਕਿ ਵਿਚੇ ਹੀ ਸਮਾ ਗਈ ਅਤੇ ਪ੍ਰਾਣ ਚੁਕਾ ਲਏ। ਅਕਾਲ ਚਲਾਣਾ ਕਰ ਗਈ। ਸੱਚਮੁੱਚ ਮਾਈ ਭਾਗਾਂ ਵਾਲੀ ਹੋ ਗਈ, ਕੌਣ ਹੈ ਇਤਨੇ ਭਾਗਾਂ ਵਾਲਾ। ਵਾਰੀ ਜਾਈਏ ਉਸ ਪ੍ਰੇਮ ਤੋਂ ਜਿਸ ਦਰਸ਼ਨਾਂ ਦੀ ਤਾਂਘ ਉਸ ਮਾਈ ਨੂੰ ਲੱਗੀ :

***ਬਡਭਾਗ ਮਾਈ ਸਮ ਕਹਿ ਨੇ ਭਯੋ।***
***ਗੁਰੂ ਦਰਸਨ ਤਿਆਗ ਬਹੁਰ ਧਾਮ ਕੋ ਚਲੀ।***

ਉਸ ਦੇ ਚਲਾਣੇ ਉਪਰੰਤ ਮਹਾਰਾਜ ਨੇ ਆਪੂੰ ਮਾਰੂ ਡਖਨੇ ਦੀ ਵਾਰ ਪੜ੍ਹੀ ਤੇ ਹੱਥੀਂ ਚਿਖਾ ਨੂੰ ਅੱਗ ਲਗਾਈ। ਕਸ਼ਮੀਰ ਵਿਚ ਪਿੱਛੋਂ ਗੁਰੂ ਹਰਿਗੋਬਿੰਦ ਜੀ ਤਿੰਨ ਮਹੀਨੇ ਰਹੇ ਅਤੇ ਸਿੱਖੀ ਦੀ ਜੜ੍ਹ ਮਜ਼ਬੂਤ ਕੀਤੀ।

❑ ❑ ❑

# ਮਾਈ ਜੱਸੀ

ਆਗਰੇ ਵਿਚ ਮਾਈ ਜੱਸੀ ਨਾਂ ਦੀ ਇਕ ਔਰਤ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦੇ ਕੇ ਸੱਚਾ ਮਾਰਗ ਭਗਤੀ ਦਾ ਦੱਸਿਆ ਸੀ, ਰਹਿੰਦੀ ਸੀ। ਉੱਥੇ ਹੀ ਉਹ ਧਰਮਸ਼ਾਲਾ ਦੀ ਦੇਖਭਾਲ ਕਰਦੀ। ਜੁੜੀਆਂ ਸੰਗਤਾਂ ਨੂੰ ਨਾਮ ਨਾਲ ਜੋੜਦੀ। ਗੁਰੂ ਨਾਨਕ ਦੇਵ ਜੀ ਜਦ ਉਸ ਕੋਲ ਪਹੁੰਚੇ ਉਹ ਰਾਮ ਦੀ ਮੂਰਤੀ ਬਣਾ ਕੇ ਪੂਜਾ ਵਿਚ ਮਸਤ ਸੀ ਪਰ ਮਾਈ ਜੱਸੀ ਦੇ ਮਨ ਵਿਚ ਇਕ ਅਜੀਬ ਤਰ੍ਹਾਂ ਦੀ ਭਟਕਣ ਸੀ। ਭਾਵੇਂ ਉਸ ਦੀ ਭਗਤੀ ਦੀ ਚਰਚਾ ਚਾਰੇ ਪਾਸੇ ਹੁੰਦੀ ਸੀ ਕਿ ਉਹ ਕਿੰਨੀ ਲਿਵ ਨਾਲ ਭਗਤੀ ਕਰਦੀ ਹੈ, ਪਰ ਜੱਸੀ ਆਪਣੇ ਦਿਲ ਦਾ ਹਾਲ ਜਾਣਦੀ ਸੀ ਕਿ ਉਹ ਨਹੀਂ ਠਹਿਰਦਾ। ਗੁਰੂ ਨਾਨਕ ਦੇਵ ਜੀ ਉਸ ਦੇ ਘਰ ਪੁੱਜੇ ਅਤੇ

*ਇਆਨੜੀਏ ਮਾਨੜਾ ਕਾਇ ਕਰੇਇ॥*
*ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣਹਿ॥*
*ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥*

ਦਾ ਸ਼ਬਦ ਉਚਾਰਿਆ।

ਸ਼ਬਦ ਉਚਾਰਦੇ ਹੀ ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਵਾਹਿਗੁਰੂ ਤੇਰੇ ਅੰਦਰ ਹੈ, ਤੇਰੇ ਨੇੜੇ ਹੀ ਹੈ। ਇਹ ਗੱਲ ਭੁੱਲਣੀ ਨਹੀਂ। ਯਾਦ ਰੱਖਣਾ ਮਨ ਦਾ ਇਕ ਕਰਮ ਵਾਂਗੂੰ ਕੰਮ ਹੈ। ਜੇ ਮਨ ਸੰਸਾਰਕ ਫੁਰਨਿਆਂ ਵਿਚ ਜਾਵੇ ਤਾਂ ਰਸਨਾ ਨਾਲ ਜਪੋ। ਰਸਨਾ ਫਿਰ ਮਨ ਨੂੰ ਉਸ ਪਾਸੇ ਮੋੜ ਲਿਆਵੇਗੀ। ਇਸ ਤਰ੍ਹਾਂ ਸੋਧ ਮਿਲ ਜਾਵੇਗੀ। ਨਿਸਚੇ ਦੇ ਘਰ ਪੁੱਜ ਜਾਵਾਂਗੇ। ਉਹ ਹੈ, ਦਾ ਨਿਸਚਾ ਹੋ ਜਾਵੇਗਾ ਤੇ ਹੈ ਪਕਾਉਣੀ ਜ਼ਰੂਰੀ ਹੈ। ਦੁੱਖ ਸਾਰਾ ਵਿਸਰਨ ਵਿਚ ਹੈ। ਜਦ ਚੇਤਾ ਆ ਗਿਆ ਤਾਂ ਸੁੱਖ ਤੇ ਸ਼ਾਂਤੀ ਲੱਗੀ। ਇਹ ਬਚਨ ਤੇ ਫਿਰ 'ਆਖਾ ਜੀਵਾ ਵਿਸਰੈ ਮਰਿ ਜਾਉ' ਦਾ ਸ਼ਬਦ ਸੁਣ ਕੇ ਸੁੱਖ ਦਾ ਰੂਪ ਹੋ ਗਈ। ਉੱਥੇ ਹੀ ਗੁਰੂ ਨਾਨਕ ਜੀ ਨੇ ਸਾਧ ਸੰਗਤ ਦੀ ਨੀਂਹ ਰੱਖੀ।

ਪਰ ਸਮੇਂ ਦਾ ਪ੍ਰਭਾਵ ਫਿਰ ਐਸਾ ਪਿਆ ਕਿ ਆਗਰੇ ਦੀ ਸੰਗਤ ਇਕੋ ਵਾਰ ਫਿਰ ਭਟਕੀ। ਕੁਝ ਬੈਸਨੋ ਹੋ ਗਏ। ਕੁਝ ਗ੍ਰਹਿਸਤ ਤਿਆਗ ਕੇ ਸ਼ਿਵ ਦੀ ਪੂਜਾ ਵਿਚ ਸੰਨਿਆਸੀਆਂ ਦੀ ਟਹਿਲ ਵਿਚ ਲੱਗੇ ਹੋਏ ਸਨ। ਕੁਝ ਕੰਨ ਪੜਵਾ ਘਰ ਛੱਡ ਬੈਠੇ। ਫਿਰ ਵੀ ਗ੍ਰਹਿਸਤ ਵਿਚ ਉਦਾਸੀ ਤੇ ਸੁਖਾਲੇ ਰਾਹ ਦੱਸੀ ਜਾ ਰਹੀ ਸੀ। ਬਿਰਧ ਹੋ ਗਈ ਪਰ ਲਿਵ ਨਾ ਛੁਟਦੀ। ਹੁਣ ਗੱਦੀ 'ਤੇ ਗੁਰੂ ਨਾਨਕ ਦੇਵ ਜੀ ਦੀ ਥਾਂ ਗੁਰੂ ਹਰਿਗੋਬਿੰਦ ਜੀ ਸਨ। ਸਭ ਸੰਗਤਾਂ ਨੇ ਉਨ੍ਹਾਂ ਦੇ ਹੀ ਦਰਸ਼ਨ ਕਰਨ ਦੀ ਸੋਚੀ ਤੇ ਮਾਈ ਜੱਸੀ ਦੁਆਰਾ ਉਨ੍ਹਾਂ ਨੂੰ ਸਹੀ ਰਾਹ ਲੱਭ ਪਿਆ।

ਜੱਸੀ ਦੀ ਪ੍ਰੇਰਨਾ ਸਦਕਾ ਸੰਗਤ ਗੁਰੂ ਹਰਿਗੋਬਿੰਦ ਜੀ ਕੋਲ ਆਈ। ਗੁਰੂ ਜੀ ਨੇ ਸੰਗਤ ਨੂੰ ਦੱਸਿਆ ਕਿ ਐਸਾ ਕਰਮ ਕਰੋ ਜੋ ਤੁਹਾਡੇ ਨਾਲ ਪ੍ਰਲੋਕ ਵੀ ਜਾਵੇ। ਉਨ੍ਹਾਂ ਚੀਜ਼ਾਂ ਨੂੰ ਜੀਵਨ ਦਾ ਅੰਗ ਬਣਾ ਲਵੋ। ਭਾਵੇਂ ਘਰ ਦੀ ਇਸਤਰੀ ਅਰਧੰਗੀ ਹੁੰਦੀ ਹੈ ਪਰ ਉਹ ਦੁੱਖ-ਸੁੱਖ ਤਾਂ ਵਟਾਵੇਗੀ ਪਰ ਪ੍ਰਲੋਕ ਵਿਚ ਜਿਹੜੀਆਂ ਚਾਰ ਚੀਜ਼ਾਂ ਤੁਸੀਂ ਨਾਲ ਲੈ ਜਾਓਗੇ ਉਹ ਹਨ : ਮੈਤ੍ਰੀ, ਮੁਦਤਾ, ਕਰੁਣਾ, ਉਪੇਖਯਾ।

ਇਨ੍ਹਾਂ ਦੇ ਨਾਲ ਰੱਖਣ ਨਾਲ ਕਦੇ ਕੋਈ ਕਸ਼ਟ ਨਹੀਂ ਪਹੁੰਚਦਾ। ਇਨ੍ਹਾਂ ਚੌਹਾਂ ਚੀਜ਼ਾਂ ਨੂੰ ਵਰਤਦੇ ਅਸੀਂ ਗ੍ਰਹਿਸਤ ਦੇ ਧੰਦੇ ਕਰਦੇ ਹੋਏ ਸਹਿਜੇ ਹੀ ਸਚਖੰਡ ਦੇ ਅਧਿਕਾਰੀ ਹੋ ਜਾਵਾਂਗੇ। ਸੱਚ ਹੈ :

*ਪੂਰਾ ਸਤਿਗੁਰੁ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ" ॥*

ਮੈਤ੍ਰੀ ਉਹ ਹੈ ਜਿਸ ਨਾਲ ਅਜਿਹਾ ਵਰਤਾਉ ਕਰੀਏ ਜਿਸ ਤਰ੍ਹਾਂ ਆਪਣੀ ਦੇਹ ਨਾਲ ਰੱਖੀਦਾ ਹੈ। ਅਗਰ ਆਪਣੇ ਤੋਂ ਵੱਧ ਕੋਈ ਇੱਜ਼ਤਮਾਣ ਵਾਲਾ ਹੋਵੇ ਉਸ ਦੀ ਵੀ ਬੜੀ ਸੇਵਾ ਕਰੀਏ ਤਾਂ ਇਸ ਦਾ ਨਾਮ ਮੁਦਤਾ ਹੈ।

ਅਗਰ ਆਪਣੇ ਤੋਂ ਘੱਟ ਧਨ ਸਮਝ ਵਾਲੇ ਨਾਲ ਵੀ ਇਕੋ ਜਿਹਾ ਵਿਵਹਾਰ ਕਰੀਏ ਤਾਂ ਇਸ ਦਾ ਨਾਂ 'ਕਰੁਣਾ' ਹੈ।

ਜੋ ਮਨੁੱਖ ਆਪਣੇ ਜੀਵਨ ਵਿਚ ਬੁਰੇ ਕੰਮ ਹੀ ਕਰ ਰਿਹਾ ਹੈ, ਉਸ ਨੂੰ ਸਮਝਾਇਆ ਜਾਵੇ, ਉਸ ਨੂੰ ਉਪਰਾਮ ਕਹਿੰਦੇ ਹਨ।

ਇਹ ਚਾਰ ਚੀਜ਼ਾਂ ਮਨੁੱਖ ਨੂੰ ਮੁਕਤੀ ਦੇਣ ਵਾਲੀਆਂ ਹਨ। ਇਨ੍ਹਾਂ ਦੇ ਵਰਤਣ ਨਾਲ ਤੁਹਾਨੂੰ ਕੋਈ ਘਰ ਦਾ ਕੰਮ ਜਾਂ ਕਠਿਨ ਸਾਧਨ ਨਹੀਂ ਕਰਨਾ ਪਵੇਗਾ। ਤਾਂਹੀ ਇਸ ਨੂੰ ਘਰ ਦੀ ਇਸਤਰੀ ਨਾਲ ਦਰਜਾ ਦਿੱਤਾ ਹੈ। ਮਨੁੱਖ ਦੀਆਂ ਚਾਰ ਇਸਤਰੀਆਂ ਆਖ ਗੱਲ ਸਮਝਾਈ। ਸੰਗਤ ਬੜੀ ਪ੍ਰਸੰਨ ਹੋਈ। ਉਨ੍ਹਾਂ ਆਖਿਆ ਆਪ ਜੀ ਨੇ ਤੇ ਸੱਚਮੁੱਚ "ਨਦਰੀ ਨਦਰਿ ਨਿਹਾਲ" ਕਰਕੇ ਗੁਰਮੁਖੀਂ ਰਾਹ ਪਾ ਦਿੱਤਾ ਹੈ। ਹੁਣ ਪੱਕਾ ਭਰੋਸਾ ਇਨ੍ਹਾਂ ਚਾਰ ਨੂੰ ਅੰਗ ਸੰਗ ਕਰ ਗ੍ਰਹਿਸਤ ਦੇ ਧੰਦੇ ਕਰਦੀ ਵੀ ਉਪਰਾਮ ਰਹਿੰਦੀ। ਮਾਈ ਜੱਸੀ ਦੀ ਕੈਸੀ ਪ੍ਰੇਰਨਾ ਹੋਈ ਕਿ ਉਸ ਆਗਰੇ ਦੀ ਸੰਗਤ ਨੂੰ ਸਹੀ ਰਾਹ ਪਾ ਦਿੱਤਾ। ਜਦ ਗੁਰੂ ਹਰਿਗੋਬਿੰਦ ਜੀ ਆਗਰੇ ਪਧਾਰੇ ਤਾਂ ਸੰਗਤਾਂ ਦਰਸ਼ਨ ਕਰ ਨਿਹਾਲ ਹੋਈਆਂ। ਇੱਥੋਂ ਤੱਕ ਕੋਟ ਮਾਈ ਥਾਨ ਆਪੂੰ ਘੋੜੇ ਚੜ੍ਹੇ ਦਰਸ਼ਨ ਦੇਣ ਆਏ। ਘਰ ਘਰ ਧਰਮਸਾਲ ਬਣੀ।

❑ ❑ ❑

# ਸੂਰਮੇ ਸਿੱਖ



www.sikhbookclub.com

# ਭਾਈ ਬਿਧੀ ਚੰਦ ਜੀ

ਭਾਈ ਬਿਧੀ ਚੰਦ ਜੀ ਦਾ ਜਨਮ ਪਿੰਡ ਸੁਰ ਸਿੰਘ, ਭਾਈ ਵੱਸਣ ਦੇ ਘਰ ਹੋਇਆ ਸੀ। ਮਹਾਨ ਕੋਸ਼ ਅਨੁਸਾਰ ਉਹ ਭਾਈ ਭਿੱਖੀ ਦੇ ਪੋਤੇ ਸਨ ਤੇ ਪਹਿਲਾ ਨਾਮ ਬਿਧੀਆ ਸੀ। ਵੱਡੇ ਕਦ ਦੇ ਸਨ ਤੇ ਦਲੇਰੀ ਵਿਚ ਉਨ੍ਹਾਂ ਦੇ ਤੁਲ ਕੋਈ ਵਿਰਲਾ ਹੀ ਸੀ। ਆਪ ਜੀ ਦੇ ਨਾਨਕੇ ਸਰਹਾਲੀ ਸਨ ਤੇ ਉੱਥੇ ਹੀ ਮਾੜੀ ਸੰਗਤ ਕਾਰਨ ਚੋਰੀ ਕਰਨ ਦੀ ਬਾਣ ਪੈ ਗਈ।

ਇਕ ਵਾਰੀ ਸੁਲਤਾਨਪੁਰ ਤੋਂ ਬਿਧੀ ਚੰਦ ਜੀ ਨੇ ਬੜੀ ਕੀਮਤ ਵਾਲੀਆਂ ਮਹੀਆਂ ਚੁਰਾਈਆਂ ਤੇ ਜਦ ਪਕੜੇ ਜਾਣ ਦੇ ਡਰ ਤੋਂ ਭੱਜ ਭਾਈ ਅਦਲੀ ਜੀ ਦੀ ਪਨਾਹ ਵਿਚ ਆਏ ਤਾਂ ਉਨ੍ਹਾਂ ਪਕੜੇ ਜਾਣ ਤੋਂ ਬਚਾ ਲਿਆ। ਬਿਧੀ ਚੰਦ ਬੜੇ ਪ੍ਰਸੰਨ ਹੋਏ ਤੇ ਆਪਣਾ ਚੇਲਾ ਬਣਾ ਲੈਣ ਲਈ ਕਿਹਾ। ਉਨ੍ਹਾਂ ਦੱਸਿਆ ਮੈਂ ਤਾਂ ਨਿਮਾਣਾ ਜਿਹਾ ਗੁਰੂ ਦਾ ਸਿੱਖ ਹਾਂ। ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਜਾਈਏ ਤਾਂ ਤੇਰੇ ਮਨ ਨੂੰ ਸ਼ਾਂਤੀ ਅਵੱਸ਼ ਹੋਵੇਗੀ। ਭਾਈ ਅਦਲੀ ਜੀ ਨੇ ਕਿਹਾ ਇਹ ਗੁਰੂ ਦਾ ਪ੍ਰਤਾਪ ਹੈ ਜਿਸ ਕਰਕੇ ਤੂੰ ਬੱਚ ਗਿਆ ਹੈਂ। ਹੁਣ ਤੂੰ ਚੋਰੀ ਛੱਡ ਕੇ ਗੁਰੂ ਦੀ ਸਿੱਖਿਆ ਅਪਣਾ ;

*ਕਹਿ ਬਿਧੀਆ ਚੋਰੀ ਤਜ ਦੀਜੈ।*
*ਗੁਰੂ ਅਰਜਨ ਕੀ ਸਿਖਿਆ ਲੀਜੈ।*

ਅਦਲੀ ਜੀ ਬਿਧੀ ਚੰਦ ਨੂੰ ਮਾੜੀ ਸੰਗਤ ਤੋਂ ਵਰਜ ਕੇ ਗੁਰੂ ਦੀ ਸ਼ਰਨ ਵਿਚ ਲਿਆਏ ਤਾਂ ਮਹਾਰਾਜ ਨੇ ਆਪਣਾ ਸਰੂਪ ਪਛਾਣਨ ਦਾ ਉਪਦੇਸ਼ ਦਿੱਤਾ। ਤਾਂ ਭਾਈ ਜੀ ਨੇ ਕਿਹਾ : ਕਿਵੇਂ ਪਛਾਣੀਏ ? ਉਸ ਵਕਤ ਗੁਰੂ ਜੀ ਨੇ ਫ਼ਰਮਾਇਆ :

*ਤੁਸੀਂ ਸਰੀਰ ਤਾਂ ਨਹੀਂ*
*ਇਹ ਸਰੀਰ ਤਾਂ ਇੱਥੇ ਰਹਿ ਜਾਣਗੇ।*

ਸਰੀਰ ਨੂੰ ਬਸਤ੍ਰ ਕਰ ਜਾਣਨਾ ਤਾਂ ਉਧਾਰ ਹੋਵੇਗਾ। ਕਥਾ ਕੀਰਤਨ ਨੇਮ ਨਾਲ ਸੁਣਨੀ। ਤੁਹਾਨੂੰ ਸਰੂਪ ਦਾ ਗਿਆਨ ਹੋਵੇਗਾ।

ਉਨ੍ਹਾਂ ਦੀ ਬੁੱਧ ਐਸੀ ਚਮਕੀ ਕਿ 'ਬੁਧਿ ਮਿਲ ਵੀਚਾਰ' ਵਾਲੇ ਕਹਿ ਕੇ ਜਾਣੇ ਗਏ। ਭਾਈ ਬਿਧੀ ਚੰਦ ਦਾ ਹਰ ਕਰਮ ਜਿੱਥੇ ਜੁਰਅਤ ਦੀਆਂ ਹੱਦਾਂ ਟੱਪਦਾ ਸੀ ਉੱਥੇ ਉਨ੍ਹਾਂ ਦਾ ਗੁਰਬਾਣੀ ਪ੍ਰੇਮ ਦੇਖਣ ਵਾਲਾ ਸੀ। ਜਦ ਵੀ ਉਹ ਕਿਸੇ ਕੰਮ ਨੂੰ ਕਰਦੇ, ਗੁਰੂ ਦਾ ਨਾਮ ਲੈਂਦੇ। ਟੁਰਦੇ, ਫਿਰਦੇ ਗੁਰੂ ਨੂੰ ਧਿਆਂਦੇ ਤੇ ਰਾਹ ਵਿਚ ਗੁਰਬਾਣੀ ਹੀ ਪੜ੍ਹੀ ਜਾਂਦੇ।

*ਚਲਤ ਪੰਥ ਗੁਰਬਾਣੀ ਗਾਵੈ।*

ਭਾਈ ਬਿਧੀ ਚੰਦ ਜੀ ਨੇ ਜਦ ਦੇਖਿਆ ਕਿ (ਗੁਰੂ) ਗ੍ਰੰਥ ਸਾਹਿਬ ਦੀਆਂ ਬੀੜਾਂ

ਨਾ ਮਿਲਣ ਕਾਰਨ ਪਾਠ ਦੀਆਂ ਬੜੀਆਂ ਖੇਚਲਾਂ ਸਿੱਖਾਂ ਨੂੰ ਉਠਾਣੀਆਂ ਪੈਂਦੀਆਂ ਹਨ ਤਾਂ ਗੁਰੂ ਜੀ ਦੀ ਆਗਿਆ ਉਤਾਰੇ ਲਈ ਮੰਗੀ ਤਾਂ ਕਿ ਥਾਂ-ਥਾਂ ਪਹੁੰਚਾਈਆਂ ਜਾ ਸਕਣ :

*"ਪਾਠ ਕਰਤ ਬਿਧੀਆ ਰਿਦੈ ਉਪਜੀ ਏ ਮਨ ਮਾਹਿ*
*ਉਤਾਰ ਕਰਾਵੋ ਗ੍ਰੰਥ ਗੁਰ ਸ੍ਰੀ ਆਇਸ ਪਾਹਿ"*

ਗੁਰੂ ਹਰਿਗੋਬਿੰਦ ਜੀ ਦੀ ਆਗਿਆ ਲੈ ਸੈਂਚੀਆਂ ਦੇ ਉਤਾਰੇ ਕਰਵਾਉਣ ਲਈ ਕਿਹਾ। ਆਪ ਜੀ ਨੇ ਆਪਣੀ ਨਿਗਰਾਨੀ ਹੇਠ ਸੈਂਚੀਆਂ ਲਿਖਾ ਵੰਡੀਆਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ ਕਿ ਜਦ ਭਾਈ ਬੰਨੋ ਜੀ ਨੇ (ਗੁਰੂ) ਗ੍ਰੰਥ ਸਾਹਿਬ ਦਾ ਉਤਾਰਾ ਕਰ ਲਿਆ ਤਾਂ ਆਪ ਜੀ ਨੇ ਕਿਹਾ : ਹੁਣ ਆਗਿਆ ਦਿਉ ਤੇ ਹੋਰ ਉਤਾਰੇ ਵੀ ਕਰੀਏ। ਗੁਰੂ ਮਹਾਰਾਜ ਜੀ ਸੁਣਦੇ ਰਹੇ ਅਤੇ ਕਿਹਾ ਕਿ ਜਿਵੇਂ ਤੁਹਾਡੀ ਇੱਛਾ ਹੈ ਕਰੋ। ਭਾਈ ਜੀ ਨੇ ਤੁਰੰਤ ਕਾਗਜ਼ ਮੰਗਵਾ ਕੇ ਸੈਂਚੀਆਂ ਰਚਣੀਆਂ ਆਰੰਭ ਕਰ ਦਿੱਤੀਆਂ :

*ਤਦ ਛਿਨ ਕਾਗਦ ਲੀਏ ਮੰਗਾਇ।*
*ਰਚ ਸੈਂਚੀਆਂ ਮਨ ਮੈ ਸੁਖਿ ਪਾਇ।*

ਕਈ ਲਿਖਾਰੀ ਲਿਖਣ 'ਤੇ ਲਗਾ ਦਿੱਤੇ। ਦਿਨਾਂ ਵਿਚ ਹੀ ਕਈ ਬੀੜਾਂ ਤਿਆਰ ਹੋ ਗਈਆਂ।

ਇਕ ਵਾਰੀ ਬਿਧੀ ਚੰਦ ਸਰਹਾਲੀ ਸਨ ਤਾਂ ਇਕ ਗ਼ਰੀਬ ਨੇ ਦੁਹਾਈ ਦਿੱਤੀ ਕਿ ਉਸ ਨੇ ਕੰਨਿਆ ਵਿਆਹੁਣੀ ਹੈ ਪਰ ਕਾਰਜ ਲਈ ਰਕਮ ਪਾਸ ਨਹੀਂ। ਭਾਈ ਜੀ ਨੇ ਕਿਹਾ ਕਿ ਇੰਤਜ਼ਾਮ ਕਰ ਦੇਵਾਂਗੇ। ਉੱਥੇ ਨੂਰ ਜਹਾਨ ਦੀ ਸਵਾਰੀ ਲੰਘ ਰਹੀ ਸੀ। ਨੂਰ ਜਹਾਨ ਦੇ ਸੁਰੱਖਿਆ ਤੰਬੂਆਂ ਵਿਚ ਜਾ ਕੇ ਉਤਨੀ ਰਕਮ ਲੈ ਆਏ ਜਿਤਨੀ ਕੰਨਿਆ ਦੇ ਵਿਆਹ ਲਈ ਚਾਹੀਦੀ ਸੀ। ਭਾਵੇਂ ਉੱਥੇ ਬੜੇ ਕੀਮਤੀ ਗਹਿਣੇ, ਜ਼ੇਵਰਾਤ ਪਏ ਸਨ :

*ਸੰਦੂਕ ਮਾਹਿ ਧਨ ਅਧਕ ਨਿਹਾਰਾ*
*ਭੂਖਨ ਜਰਤ ਵਾਰ ਨਾ ਪਾਰਾ।*
*ਬਸਤ ਪਾਂਚ ਸੈ ਕੀ ਲਈ*
*ਜਿਤਨੀ ਇੱਛ ਤਹਿ ਜਾਨ।*
*ਆਇ ਠੌਹ ਤਿੰਹ ਧਨ ਦੀਓ*
*ਦਿਜ ਨਾਰੀ ਸੁਖ ਜਾਨ।*

ਜਦ ਦਿਨ ਚੜ੍ਹੇ ਤਾਲੇ ਟੁੱਟੇ ਤੇ ਸਾਮਾਨ ਖਿਲਰਿਆ ਤੱਕਿਆ ਤਾਂ ਸ਼ਾਹੀ ਫ਼ੌਜਾਂ ਨੇ ਇਲਾਕੇ ਵਿਚ ਕੁਹਰਾਮ ਮਚਾ ਦਿੱਤਾ। ਨਿਰਦੋਸ਼ੇ ਮਾਰੇ ਜਾਣ ਲੱਗੇ। ਜਦ ਭਾਈ ਜੀ ਨੂੰ ਪਤਾ ਲੱਗਾ ਤਾਂ ਜਹਾਂਗੀਰ ਪਾਸ ਆਪ ਜਾ ਹਾਜ਼ਰ ਹੋਏ ਅਤੇ ਕਿਹਾ ਕਿ ਉਹ ਗੁਰੂ ਹਰਿਗੋਬਿੰਦ ਦੇ ਸਿੱਖ ਹਨ। ਇਹ ਚੋਰੀ ਮੈਂ ਪਰਉਪਕਾਰ ਲਈ ਕੀਤੀ ਹੈ। ਮੈਨੂੰ ਹੋਰ ਤੇਰੇ ਧਨ ਦੌਲਤ ਨਾਲ ਵਾਸਤਾ ਨਹੀਂ ਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਵਿਚ ਕੁਝ ਚਿੰਤਾ ਉਪਜੀ ਪਰ ਗੁਰੂ ਹਰਿਗੋਬਿੰਦ ਸਾਹਿਬ ਦੇ ਉਤਸ਼ਾਹ ਨੇ ਸਿੱਖਾਂ ਵਿਚ ਨਵੀਂ ਜੁਰਅਤ ਭਰੀ। ਹਰਿਗੋਬਿੰਦ ਸਾਹਿਬ ਜੀ ਨੇ ਜਦ ਜਵਾਨੀਆਂ ਮੰਗੀਆਂ ਤਾਂ ਜੋਧਿਆਂ ਦੀ ਗਿਣਤੀ ਕਰਨੀ ਔਖੀ ਹੁੰਦੀ ਸੀ। ਗੁਰੂ ਜੀ ਨੇ ਉਨ੍ਹਾਂ ਸਭਨਾਂ ਨੂੰ ਵੱਖ-ਵੱਖ ਜਥੇਦਾਰਾਂ ਹੇਠ ਪੰਜ ਜਥਿਆਂ ਵਿਚ ਵੰਡ ਦਿੱਤਾ। ਪੰਜ ਜਥਿਆਂ ਵਿਚ ਇਕ ਜਥੇ ਦੀ ਜਥੇਦਾਰੀ ਬਿਧੀ ਚੰਦ ਜੀ ਕੋਲ ਸੀ, ਜਿਨ੍ਹਾਂ ਦਾ ਕੰਮ ਗੁਰੀਲਾ ਜੰਗ ਕਰਨਾ ਸੀ। ਦੂਜੇ, ਜਥੇਦਾਰ ਭਾਈ ਲੰਗਾਹ, ਤੀਜੇ ਭਾਈ ਪਿਰਾਣਾ, ਚੌਥੇ ਭਾਈ ਪਿਰਾਗਾ, ਪੰਜਵੇਂ ਭਾਈ ਜੇਠਾ ਜੀ ਕੋਲ ਸੀ (ਜਿਨ੍ਹਾਂ ਦਾ ਜ਼ਿਕਰ ਅਗਲੇ ਪੰਨਿਆਂ 'ਤੇ ਹੈ)।

ਭਾਈ ਬਿਧੀ ਚੰਦ ਜੀ ਦੇ ਜਥੇ ਨੇ ਨਵੇਂ-ਨਵੇਂ ਢੰਗ ਅਪਣਾਏ। ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਵੇਲੇ ਵੀ ਸਿੱਖਾਂ ਵਿਚ ਉਤਸ਼ਾਹ ਬਣਾਈ ਰੱਖਿਆ। ਗੁਰੂ ਜੀ ਦੀ ਰਿਹਾਈ ਤੋਂ ਬਾਅਦ ਭਾਈ ਬਿਧੀ ਚੰਦ ਜੀ ਨੇ ਅੰਗ ਰੱਖਿਅਕ ਦਾ ਕੰਮ ਸੰਭਾਲਿਆ। ਉਸ ਸਮੇਂ ਸਾਵਧਾਨੀ ਦੀ ਲੋੜ ਸੀ ਤੇ ਭਾਈ ਜੀ ਨੇ ਸਦਾ ਸਦ ਜਾਗਤ ਰਹਿ ਕੇ ਗੁਰੂ ਦੇ ਅੰਗ ਪਾਲਕ ਦਾ ਕਾਰਜ ਕੀਤਾ।

ਕਾਬਲ ਦੀ ਸੰਗਤ ਵੱਲੋਂ ਭਾਈ ਗੁਰਬਖਸ਼ ਰਾਇ ਤੇ ਭਾਈ ਤਾਰਾ ਚੰਦ ਨੇ ਭੇਟਾਂ ਰੱਖੀਆਂ ਪਰ ਜਦ ਗੁਰੂ ਜੀ ਨੇ ਹੋਰ ਸੁਖ-ਸਾਂਦ ਪੁੱਛੀ ਤਾਂ ਉਸ ਕਿਹਾ ਕਿ ਉਹ ਦੋ ਬੜੇ ਵਧੀਆ ਤੇ ਫੁਰਤੀਲੇ ਘੋੜੇ ਦਿਲਬਾਗ਼ ਤੇ ਗੁਲਬਾਗ਼ ਨਾਵਾਂ ਵਾਲੇ ਜੜਾਊ ਕਾਠੀਆਂ ਨਾਲ ਸੱਜੇ ਹੋਏ ਲਿਆ ਰਹੇ ਸਨ ਕਿ ਲਾਹੌਰ ਦੇ ਨਵਾਬ ਨੇ ਇਹ ਕਹਿ ਕੇ ਖੋਹ ਲਏ ਕਿ ਐਸੇ ਘੋੜੇ ਸ਼ਾਹ ਜਹਾਨ ਲਈ ਹੀ ਜਚਦੇ ਹਨ। ਅਸੀਂ ਪਹਿਲਾਂ ਸ੍ਰੀ ਅੰਮ੍ਰਿਤਸਰ, ਫਿਰ ਬਾਵਲੀ ਸਾਹਿਬ ਗਏ ਤੇ ਹੁਣ ਆਪ ਪਾਸ ਆਏ ਹਾਂ। ਮਹਾਰਾਜ ਨੇ ਧੀਰਜ ਦਿੱਤਾ ਤੇ ਕਿਹਾ, ਤੁਹਾਡੀ ਭੇਟ ਗੁਰੂ ਪਾਸ ਪੁੱਜ ਗਈ ਹੈ, ਤੁਸੀਂ ਤਸੱਲੀ ਨਾਲ ਵਾਪਸ ਜਾਓ। ਗੁਰੂ ਜੀ ਦੇ ਹੁਕਮ 'ਤੇ ਬਿਧੀ ਚੰਦ ਜੀ ਲਾਹੌਰ ਵੱਲ ਚੱਲ ਪਏ। ਲਾਹੌਰ ਆ ਕੇ ਕਿਸੇ ਤਰ੍ਹਾਂ ਇਕ ਘਾਹੀ ਬਣ ਕੇ ਘੋੜਾ ਸ਼ਾਹੀ ਕਿਲ੍ਹੇ ਦੀ ਦੀਵਾਰ ਫਾਂਧ ਗੁਰੂ ਪਾਸ ਲੈ ਆਏ। ਗੁਰੂ ਜੀ ਨੇ ਜਦ ਕੁਝ ਮੰਗਣ ਲਈ ਕਿਹਾ ਤਾਂ ਭਾਈ ਜੀ ਨੇ ਕਿਹਾ ਜੇ ਤਰੁੱਠੇ ਹੋ ਤਾਂ :

*ਸਤਿਗੁਰ ਦਾ ਅੰਗ*
*ਸਾਧ ਦਾ ਸੰਗ*
*ਨਾਮ ਦਾ ਰੰਗ*
*ਨਿਸਚਾ ਅਭੰਗ, ਬਖਸ਼ੋ।*

ਦੂਜਾ ਘੋੜਾ ਨਜੂਮੀ ਬਣ ਲਾਹੌਰੋਂ ਲੈ ਆਏ ਤਾਂ ਛੇਵੇਂ ਪਾਤਸ਼ਾਹ ਨੇ ਛਾਤੀ ਨਾਲ ਲਗਾ ਕੇ ਫ਼ਰਮਾਇਆ ਸੀ :

*ਬਿਧੀ ਚੰਦ ਛੀਨਾ*
*ਗੁਰੂ ਕਾ ਸੀਨਾ*

*ਪ੍ਰੇਮ ਭਗਤ ਦੀਨਾ*
*ਕਦੇ ਕਮੀ ਨਾਹ*

ਗੁਰੂ ਜੀ ਨੇ ਇਸ ਸਫ਼ਲਤਾ 'ਤੇ ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਾਇਆ ਤੇ ਸੰਗਤਾਂ ਨੇ ਛਕ ਕੇ ਅਨੰਦ ਪ੍ਰਾਪਤ ਕੀਤਾ।

ਬੀਬੀ ਵੀਰੋ ਦੀ ਸ਼ਾਦੀ ਵੇਲੇ ਭਾਈ ਬਿਧੀ ਚੰਦ ਜੀ ਨੇ ਹੀ ਯੁੱਧ ਦੀ ਕਮਾਨ ਸੰਭਾਲੀ ਸੀ। ਇਕ ਵਾਰੀ ਗੁਰੂ ਹਰਿਗੋਬਿੰਦ ਜੀ ਨੂੰ ਚਿੱਟੀ ਦਸਤਾਰ, ਚਿੱਟਾ ਬਾਜ਼, ਚਿੱਟੇ ਬਸਤ੍ਰ ਤੇ ਚਿੱਟੇ ਘੋੜੇ 'ਤੇ ਚੜ੍ਹਿਆ ਦੇਖ ਦੋ ਕਲਾਕਾਰਾਂ ਨੂੰ ਪ੍ਰੇਰ ਕੇ ਚਿਤ੍ਰ ਵੀ ਉਨ੍ਹਾਂ ਨੇ ਹੀ ਬਣਾਇਆ ਸੀ।

ਕੀਰਤਪੁਰ ਵਿਚ ਬੁੱਢਣਸ਼ਾਹ ਦਾ ਚੇਲਾ ਸੁੰਦਰ ਸ਼ਾਹ, ਦਿਉ ਨਗਰ ਤੋਂ ਕੀਰਤਪੁਰ ਆਇਆ। ਜਦ ਉਸ ਬੁੱਢਣਸ਼ਾਹ ਨੇ ਗੁਰੂ ਹਰਿਗੋਬਿੰਦ ਜੀ ਦਾ ਪ੍ਰਚਾਰ, ਰਹਿਣੀ-ਬਹਿਣੀ ਤੇ ਸਿੱਖਾਂ ਦਾ ਜੀਵਨ ਡਿੱਠਾ ਤਾਂ ਸਿੱਖੀ ਪ੍ਰਚਾਰ ਲਈ ਉਸ ਨੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਉਹ ਇਹ ਵੀ ਦੇਖ ਹੈਰਾਨ ਹੋਇਆ ਕਿ ਗੁਰੂ ਜੀ ਨੇ ਆਪ ਖਰਚ ਕਰਕੇ ਬੁੱਢਣਸ਼ਾਹ ਦੀ ਕਬਰ ਬਣਾਈ ਸੀ। ਭਾਈ ਬਿਧੀ ਚੰਦ ਜੀ ਨਾਲ ਉਸ ਦਾ ਬਹੁਤ ਪਿਆਰ ਪੈ ਗਿਆ ਤੇ ਦੋਵੇਂ ਹੀ ਘੰਟਿਆਂ ਬੱਧੀ ਗਿਆਨ ਦੀਆਂ ਗੱਲਾਂ ਕਰਦੇ ਰਹਿੰਦੇ। ਉਨ੍ਹਾਂ ਦੋਵਾਂ ਦਾ ਇਤਨਾ ਗੂੜ੍ਹ ਸੰਬੰਧ ਹੋ ਗਿਆ ਕਿ ਦੋਵਾਂ ਨੇ ਪ੍ਰਣ ਕੀਤਾ ਕਿ ਸਰੀਰ ਦੋਵੇਂ ਇਕੱਠਿਆਂ ਹੀ ਛੱਡਾਂਗੇ।

ਭਾਈ ਬਿਧੀ ਚੰਦ ਜੀ ਨੂੰ ਦੇਖ ਸਾਰੇ ਕਹਿਣ ਲੱਗੇ ਕਿ ਗੁਰੂ ਹਰਿਗੋਬਿੰਦ ਜੀ ਕੈਸੇ ਕਾਮਲ ਹਨ ਕਿ ਉਨ੍ਹਾਂ ਦੀ ਛੂਹ ਨਾਲ ਜੰਗ ਵਿਚ ਹਰ ਸਿੱਖ ਯੋਧਾ ਬਣ ਗਿਆ ਹੈ ਤੇ ਗਿਆਨ ਵਿਚ ਵੀ ਸਿਖਰਾਂ ਨੂੰ ਛੋਹਣ ਲੱਗਦਾ ਹੈ। ਦੁਨੀਆਂ ਨੇ ਬਿਧੀ ਚੰਦ ਦੀ ਵਚਨ ਪਾਲਣ ਦੀ ਇੰਤਹਾ ਉਸ ਵਕਤ ਦੇਖੀ ਜਦ ਉਨ੍ਹਾਂ ਜਾਣਿਆ ਕਿ ਅੰਤਮ ਸਮਾਂ ਆ ਗਿਆ ਹੈ ਤੇ ਸੁੰਦਰਸ਼ਾਹ ਨੂੰ ਬਚਨ ਦਿੱਤਾ ਸੀ ਕਿ ਦੋਵੇਂ ਇਕੱਠੇ ਸਚਖੰਡ ਨੂੰ ਚੱਲਾਂਗੇ। ਇਹ ਬਚਨ ਚੇਤੇ ਕਰਦੇ ਭਾਈ ਬਿਧੀ ਚੰਦ ਸੁੰਦਰਸ਼ਾਹ ਕੋਲ ਦੱਖਣ ਵਿਚ ਪੁੱਜੇ ਤੇ ਇਕੋ ਸਮੇਂ ਇਕੋ ਥਾਂ 15 ਅਗਸਤ, 1638 ਭਾਦੋਂ ਸੁਦੀ 3, ਸੰਮਤ 1695 ਨੂੰ ਸਰੀਰ ਛੱਡ ਦਿੱਤੇ। ਉੱਥੇ ਇਕੋ ਹੀ ਥਾਂ ਭਾਈ ਜੀ ਦੀ ਸਮਾਧ ਤੇ ਸੁੰਦਰਸ਼ਾਹ ਦੀ ਕਬਰ ਹੈ। ਗੁਰੂ ਦਾ ਸਿੱਖ ਜੀਵਨ ਵਿਚ ਵੀ ਮੇਲ ਰੱਖਦਾ ਹੈ ਤੇ ਮਰ ਕੇ ਵੀ ਸਾਂਝ ਦ੍ਰਿੜ੍ਹਾਂਦਾ ਹੈ।

ਐਸਾ ਸਰੂਪ ਪਛਾਣਿਆ ਭਾਈ ਬਿਧੀ ਚੰਦ ਜੀ ਨੇ ਕਿ ਉਹ ਸਿੱਖੀ ਦਾ ਸਹੀ ਸਰੂਪ ਹੋਏ। ਗਿਆਨ, ਭਗਤੀ, ਸ਼ਕਤੀ, ਵੈਰਾਗ, ਪਿਆਰ ਤੇ ਖ਼ਿਮਾ ਦਾ ਸੁਮੇਲ ਸਨ ਭਾਈ ਸਾਹਿਬ। ਭਾਈ ਬਿਧੀ ਚੰਦ ਜੀ ਨੇ ਸਾਰਾ ਜੀਵਨ ਗੁਰੂ ਚਰਨਾਂ ਵਿਚ ਹੀ ਬਤੀਤ ਕੀਤਾ। ਗੁਰੂ ਹਰਿਗੋਬਿੰਦ ਜੀ ਦਾ ਉਨ੍ਹਾਂ ਨੂੰ ਸੀਨਾ ਕਹਿਣਾ, ਉਨ੍ਹਾਂ ਨਾਲ ਅਤਿ ਦਾ ਪਿਆਰ ਹੀ ਦ੍ਰਿੜ੍ਹਾਉਂਦਾ ਹੈ।

❑ ❑ ❑

# ਭਾਈ ਪਰਾਗਾ ਜੀ

ਕੁਝ ਦਰਵੇਸ਼ ਜਾਮਾ ਬਦਲ ਬਦਲ ਕੇ ਸੰਸਾਰ 'ਤੇ ਆਉਂਦੇ ਹਨ ਤੇ ਦੁਨੀਆਂ ਨੂੰ ਸੱਚ ਦਾ ਮਾਰਗ ਦੱਸਦੇ ਹਨ, ਪਰ ਕੁਝ ਐਸੇ ਹੁੰਦੇ ਹਨ ਜੋ ਖ਼ੂਨ ਦੁਆਰਾ ਆਪਣਾ ਫ਼ਰਜ਼ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਨ। ਸੇਵਾ, ਸਿਮਰਨ ਉਨ੍ਹਾਂ ਦੇ ਘਰਾਂ ਵਿਚ ਪੀੜ੍ਹੀ ਦਰ ਪੀੜ੍ਹੀ ਚਲੀ ਰਹਿੰਦੀ ਹੈ। ਗੁਰੂ ਦਾ ਦਰ ਉਹ ਛੱਡਦੇ ਨਹੀਂ ਸਗੋਂ ਹੋਰਨਾਂ ਨੂੰ ਵੀ ਉਸੇ ਰਾਹ 'ਤੇ ਚੱਲਣ ਲਈ ਪ੍ਰੇਰਦੇ ਹਨ। ਕਈ ਤਸੀਹੇ ਝੱਲੇ, ਬੰਦ ਬੰਦ ਕਟਵਾਏ ਪਰ ਗੁਰੂ ਦੇ ਚਰਨਾਂ ਨੂੰ ਨਹੀਂ ਛੱਡਿਆ। ਦਾਦਾ, ਪੁੱਤਰ, ਪੋਤਰਾ ਸਭ ਗੁਰੂ ਦੇ ਸੇਵਕ ਬਣੇ ਰਹੇ। ਭਾਈ ਪਰਾਗਾ ਜੀ ਹੀ ਸਨ ਜੋ ਗੁਰੂ ਘਰ ਨਾਲ ਆਪ ਵੀ ਜੁੜੇ, ਪੁੱਤਰ ਨੂੰ ਵੀ ਇਹੀ ਸਿੱਖਿਆ ਦਿੱਤੀ। ਪੁੱਤਰ ਮਤੀਦਾਸ ਜੀ ਨੇ ਐਸੀ ਸਿੱਖੀ ਨਿਭਾਈ ਕਿ ਜਿਸ ਦੀ ਮਿਸਾਲ ਹੋਰ ਕਿਧਰੇ ਮਿਲਣੀ ਮੁਸ਼ਕਲ ਹੈ। ਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ ਬੰਦੀ ਵਿਚ ਪਾਏ ਗਏ, ਕੈਦ ਰਹੇ ਤੇ ਆਰੇ ਨਾਲ ਚੀਰੇ ਜਾਣ ਦਾ ਉਚੇਚਾ ਹੁਕਮ ਬਾਦਸ਼ਾਹ ਨੇ ਸੁਣਾਇਆ ਸੀ। ਆਪ ਜੀ ਨੇ ਤਨ ਚਿਰਵਾ ਲਿਆ ਪਰ ਰਤਾ ਭਰ ਨਾ ਡੋਲੇ। ਕਮਾਲ ਇਹ ਸੀ ਭਾਈ ਮਤੀਦਾਸ ਦਾ ਕਿ ਦੋਵੇਂ ਤਨ ਚਿਰੇ ਤੇ ਦੋਵੇਂ ਹੀ ਜਪੁ ਜੀ ਸਾਹਿਬ ਪੜ੍ਹ ਰਹੇ ਸਨ। ਇਹ ਜੁਰੱਅਤ ਉਨ੍ਹਾਂ ਆਪਣੇ ਪਿਤਾ ਜੀ ਕੋਲੋਂ ਹੀ ਲਈ ਸੀ। ਸਭ ਪਰਿਵਾਰ ਨੇ ਬੜੀ ਸਿੱਖੀ ਨਿਭਾਈ। ਭਤੀਜਾ ਗੁਰਬਖ਼ਸ਼ ਸਿੰਘ ਵੀ ਦਸਮੇਸ਼ ਪਿਤਾ ਜੀ ਦੀ ਹਜ਼ੂਰੀ ਵਿਚ ਰਹੇ।

ਭਾਈ ਪਰਾਗਾ ਜੀ ਸਦਾ ਨਿਮਰਤਾ ਵਿਚ ਟਿੱਕ ਰਜ਼ਾ ਵਿਚ ਰਹੇ। ਭਾਈ ਪਰਾਗਾ ਜੀ ਜ਼ਿਲ੍ਹਾ ਜੇਹਲਮ ਦੇ ਕੜਿਆਲ ਪਿੰਡ ਦੇ ਵਸਨੀਕ ਸਨ। ਆਪ ਜੀ ਦੇ ਪਿਤਾ ਛਿਬਰ ਬ੍ਰਾਹਮਣ ਸਨ ਜੋ ਮਹਾਤਮਾ ਗੌਤਮ ਦੇ ਪੁੱਤਰ ਸਨ। ਉਨ੍ਹਾਂ ਨੇ ਗੁਰਸਿੱਖੀ ਧਾਰਨ ਕਰਕੇ ਆਪਣਾ ਜੀਵਨ ਹੋਰਨਾਂ ਲਈ ਨਮੂਨਾ ਬਣਾਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਧਰਮ ਜੰਗਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਚੜ੍ਹਦੀ ਕਲਾ ਪ੍ਰਾਪਤ ਕੀਤੀ। ਭਾਈ ਗੁਰਦਾਸ ਜੀ ਨੇ ਭਾਈ ਪਰਾਗਾ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਦੇ ਸਿੱਖਾਂ ਦੀ ਸੂਚੀ ਵਿਚ ਕੀਤਾ ਹੈ :

*"ਪੁਰਖ ਪਿਰਾਗਾ ਸ਼ਬਦ ਆਧਾਰਾ।"*

ਗੁਰੂ ਹਰਿਗੋਬਿੰਦ ਜੀ ਨੇ ਯੁੱਧ ਵਿਚ ਹੋਈ ਸਫ਼ਲਤਾ ਪਿੱਛੋਂ ਭਾਈ ਪਰਾਗਾ ਨੂੰ ਬੜਾ ਆਦਰ ਦਿੱਤਾ :

*ਜੈਤ ਸੋ ਪਰਾਗਾ ਧੀਰ*
*ਪੈੜਾ ਜੰਗ ਆਯੋ ਹੈ।*

ਪੰਜਵੇਂ ਪਾਤਸ਼ਾਹ ਨੇ ਉਨ੍ਹਾਂ ਨੂੰ ਉਪਦੇਸ਼ ਦੇਂਦੇ ਕਿਹਾ ਸੀ ਕਿ ਇੰਦਰੀਆਂ ਸੰਕੋਚ ਕੇ ਸਵਾਸ-ਸਵਾਸ ਵਾਹਿਗੁਰੂ ਦਾ ਜਾਪ ਕਰਨਾ। ਉਹ ਇਤਨੇ ਬੇਬਾਕ ਹੋ ਗਏ ਸਨ ਕਿ ਜਦ ਪੰਡਤਾਂ ਕਿਹਾ ਕਿ ਤੁਸੀਂ ਕਰਮ ਧਰਮ ਛੱਡ ਦਿੱਤਾ ਹੈ ਤਾਂ ਭਾਈ ਪਰਾਗਾ ਜੀ ਨੇ ਕਿਹਾ : "ਤੁਸੀਂ ਤਾਂ ਕਹਿੰਦੇ ਹੋ ਕਿ ਜਿਸ ਘਰ ਸੂਤਕ ਜਾਂ ਮ੍ਰਿਤਕ ਹੋਵੇ ਉੱਥੇ ਕਰਮ ਕੀਤੇ ਕੰਮ ਨਹੀਂ ਆਉਂਦੇ। ਸਾਡਾ ਅਗਿਆਨ ਪਿਤਾ ਮਰ ਗਿਆ ਹੈ ਅਤੇ ਗਿਆਨ ਪੁੱਤਰ ਜਨਮਿਆ ਹੈ। ਇਸ ਲਈ ਕਰਮ ਨਹੀਂ ਕਰਦੇ। ਭੱਟ ਵਹੀ ਮੁਲਤਾਨੀ ਸਿੰਧੀ ਵਿਚ ਭਾਈ ਮਤੀਦਾਸ ਜੀ ਦੀ ਬੰਸ ਬਾਰੇ ਇਸ ਤਰ੍ਹਾਂ ਲਿਖਿਆ ਹੈ :

***ਗੈਲੇ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਨੰਦ ਕੇ,***
***ਪੋਤੇ ਲਖੀ ਦਾਸਕੇ, ਪੜਪੋਤੇ ਪਿਰਾਗਾ ਕੇ,***
***ਬੰਸ ਗੌਤਮ ਕਾ, ਸਾਰਸੁਤੀ ਭਾਗਵਤ ਗੋਤਰੇ ਛਿੱਬਰ***
***ਬ੍ਰਾਹਮਣ ਮਾਰੇ ਗਏ।***

ਇਸ ਆਤਮ ਗਿਆਨੀ 'ਤੇ ਧਰਮਵੀਰ ਮਹਾਤਮਾ ਦੇ ਚਾਰ ਪੁੱਤਰ ਹੋਏ। ਭਾਈ ਸਤੀਦਾਸ, ਭਾਈ ਮਤੀਦਾਸ, ਭਾਈ ਜਤੀਦਾਸ ਅਤੇ ਭਾਈ ਸਖੀਦਾਸ।

ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰ ਵਿੱਦਿਆ ਵੀ ਭਾਈ ਪਰਾਗਾ ਜੀ ਕੋਲੋਂ ਹੀ ਲਈ ਸੀ। ਐਸੇ ਸਨ ਗੁਰੂ ਦੇ ਅਨਿਨ ਸਿੱਖ ਜਿਨ੍ਹਾਂ ਸਤਿਗੁਰੂ ਦੇ ਚਰਨੀਂ ਲੱਗ ਆਪਾ ਗਵਾ ਲਿਆ। ਗੁਰੂ ਨੂੰ ਸਭ ਕੁਝ ਜਾਣ ਕੇ ਸ਼ਬਦ ਦਾ ਅਭਿਆਸ ਕੀਤਾ। ਵਕਤ ਆਉਣ 'ਤੇ ਜਾਨ ਤੱਕ ਵਾਰ ਦਿੱਤੀ।

❑ ❑ ❑

# ਭਾਈ ਪਰਾਨਾ ਜੀ ਤੇ ਭਾਈ ਪਿਆਰਾ ਜੀ

ਗੁਰੂ ਹਰਿਗੋਬਿੰਦ ਜੀ ਦਾ ਇਹ ਹੁਕਮ ਚਾਰਾਂ ਦਿਸ਼ਾਵਾਂ ਵਿਚ ਪੁੱਜ ਗਿਆ ਸੀ ਕਿ ਮੈਨੂੰ ਚੰਗਾ ਸ਼ਸਤਰ ਤੇ ਉਭਰਦੀ ਜਵਾਨੀ ਦੀ ਲੋੜ ਹੈ। ਪਵਿੱਤਰ ਹਿਰਦੇ ਤੇ ਸਵੱਛ ਦਿਮਾਗ਼ ਦੀ ਲੋੜ ਹੈ। 'ਪਹਿਲਾਂ ਮਰਨ ਕਬੂਲ' ਨੂੰ ਹਿਰਦੇ ਵਿਚ ਵਸਾਉਣ ਦੀ ਜੁਰੱਅਤ ਦੀ ਲੋੜ ਹੈ। ਮੌਤ ਦਾ ਡਰ ਲਾਹੁਣ ਵਾਲਿਆਂ ਦੀ ਜਮਾਤ ਬਣਾਉਣੀ ਹੈ। ਇਤਨਾ ਸੁਨੇਹਾ ਪੁੱਜਣਾ ਸੀ ਕਿ ਲੋਕਾਂ ਵਹੀਰਾਂ ਘੱਤ ਦਿੱਤੀਆਂ। ਗਿਣਤੀ ਵਧ ਜਾਣ ਕਾਰਨ ਗੁਰੂ ਜੀ ਨੇ ਉਸ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ। ਹਰ ਜਥੇ ਦਾ ਇਕ ਜਥੇਦਾਰ ਨਿਯਤ ਕੀਤਾ, ਜੋ ਮਰਯਾਦਾ ਸਹਿਤ ਟ੍ਰੇਨਿੰਗ ਦਿੰਦਾ। ਜਥੇ ਵੀ ਸੁਭਾਉ ਤੇ ਕਰਮ ਅਨੁਸਾਰ ਬਣਾਏ ਗਏ। ਇਕ ਜਥਾ ਅਜਿਹੇ ਲੋਕਾਂ ਦਾ ਸੀ ਜੋ ਅਗਾਂਹ ਵਧ ਕੇ ਲੜਦਾ। ਉਨ੍ਹਾਂ ਦਾ ਜਥੇਦਾਰ ਭਾਈ ਲੰਗਾਹ ਸੀ। ਦੂਸਰਾ ਜਥਾ ਗੁਰੀਲਾ ਤਰਜ਼ ਦਾ ਸੀ ਤੇ ਇਸ ਨੂੰ ਲੁਕਵੀਂ ਲੜਾਈ ਕਰਨ ਲਈ ਤਿਆਰ ਕੀਤਾ ਜਾ ਰਿਹਾ ਸੀ। ਉਸ ਦੇ ਜਥੇਦਾਰ ਭਾਈ ਬਿਧੀ ਚੰਦ ਜੀ ਸਨ। ਭਾਈ ਜੇਠਾ ਜੀ ਨੂੰ ਰਸਾਲੇ ਦਾ ਜਥੇਦਾਰ ਥਾਪਿਆ ਗਿਆ।

ਜੰਗ ਵਿਚ ਸਭ ਤੋਂ ਵੱਧ ਲੋੜ ਇਲਾਕੇ ਦੀ ਵਾਕਫ਼ੀ ਦੀ ਹੁੰਦੀ ਹੈ। ਭਾਈ ਪਰਾਨਾ ਜੀ ਪੰਜਾਬ ਦੇ ਪਿੰਡ ਪਿੰਡ ਤੋਂ ਜਾਣੂ ਸਨ। ਸੋ ਇਨ੍ਹਾਂ ਨੂੰ ਇਕ ਵੱਖ ਜਥੇ ਦਾ ਇੰਚਾਰਜ ਲਗਾਇਆ। ਭਾਈ ਪਿਆਰਾ ਨੂੰ ਰਸਦ ਪਾਣੀ, ਬਾਰੂਦ, ਹਥਿਆਰਾਂ ਦਾ ਇੰਚਾਰਜ ਬਣਾਇਆ।

ਪਰਾਨਾ ਜੀ ਤੇ ਭਾਈ ਪਿਆਰਾ ਜੀ ਯੁੱਧ ਦੇ ਸਮੇਂ ਇਕ ਜ਼ਰੂਰੀ ਅੰਗ ਸਨ। ਗੁਰੂ ਹਰਿਗੋਬਿੰਦ ਜੀ ਇਨ੍ਹਾਂ ਦੀ ਉਚੇਚੀ ਸਲਾਹ ਲੈਂਦੇ।

ਭਾਈ ਪਿਆਨਾ ਜੀ ਜਦੋਂ ਸ਼ਹੀਦ ਹੋਏ ਤਾਂ ਗੁਰੂ ਹਰਿਗੋਬਿੰਦ ਜੀ ਉਨ੍ਹਾਂ ਪਾਸ ਗਏ ਤੇ ਪਿਰਾਨਾ ਵੱਲ ਦ੍ਰਿਸ਼ਟੀ ਭਰ ਕਿਹਾ ਕਿ ਐਸਾ ਵੀਰ ਹੋਰ ਕੋਈ ਨਹੀਂ।

***ਭਾਈ ਪਿਰਾਨਾ ਸੁ ਬੀਰ ਸੁਹਾਏ।***

❑ ❑ ❑

# ਚੌਧਰੀ ਲੰਗਾਹ

ਪੰਜਾਬ ਦੇ ਬਹੁਤੇ ਪਿੰਡ ਗੁਰੂ ਦੇ ਵਸਾਏ ਹੋਏ ਸਨ, ਪੰਜਾਬ ਤਾਂ ਜੀਉਂਦਾ ਹੀ ਗੁਰਾਂ ਦੇ ਨਾਂ 'ਤੇ ਹੈ। ਗੁਰੂ ਦੇ ਸਿੱਖ ਵੀ ਗੁਰੂ ਜੀ ਦਾ ਬੜਾ ਆਦਰ, ਸਤਿਕਾਰ ਕਰਦੇ। ਗੁਰੂ ਜੀ ਦੀ ਆਗਿਆ ਹਰ ਵਕਤ ਮੰਨਣ ਨੂੰ ਤਿਆਰ ਰਹਿੰਦੇ। ਹਰ ਪਿੰਡ ਵਿਚ ਕੋਈ ਨਾ ਕੋਈ ਗੁਰੂ ਦਾ ਅਨਿਨ ਸਿੱਖ ਮਿਲ ਹੀ ਜਾਂਦਾ ਸੀ। ਪੰਜਾਬ ਗੁਰੂ ਦੀ ਵਡਿਆਈ ਭਾਈ ਗੁਰਦਾਸ ਜੀ ਨੇ ਲਿਖੀ ਹੈ। ਮੁਹਸਨ ਫ਼ਾਨੀ ਇਸ ਦੀ ਗਵਾਹੀ ਭਰਦਾ ਹੈ। ਝਬਾਲ ਪਿੰਡ ਵੀ ਐਸਾ ਸੀ ਜੋ ਅੰਮ੍ਰਿਤਸਰ ਤੋਂ ਅੱਠ ਕੋਹ ਦੱਖਣ ਵੱਲ ਹੈ ਜਿਸ ਵਿਚ ਗੁਰੂ ਦੇ ਸ਼ਰਧਾਲੂਆਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ। ਏਸੇ ਝਬਾਲ ਸ਼ਹਿਰ ਦੇ ਵਸਨੀਕ ਚੌਧਰੀ ਲੰਗਾਹ ਸਨ।

ਚੌਧਰੀ ਲੰਗਾਹ ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿੱਖ ਬਣੇ। ਚੌਧਰੀ ਲੰਗਾਹ ਪੱਟੀ ਦੇ ਪਰਗਨੇ ਦਾ ਚੌਧਰੀ ਢਿੱਲੋਂ ਜੱਟ ਸੀ ਜੋ ਅਬੁੱਲਪੁਰ ਦਾ ਪੁੱਤਰ ਸੀ। ਚੌਧਰੀ ਲੰਗਾਹ ਦੇ ਤਿੰਨ ਪੁੱਤਰ ਸਕੰਦਰ, ਜਸਮਤ ਤੇ ਮੁਬਾਰਕ ਸਨ ਤੇ ਇਕ ਬੇਟੀ ਓਮਰੀ ਸੀ।

ਚੌਧਰੀ ਲੰਗਾਹ ਦਾ ਗੁਰੂ ਅਰਜਨ ਦੇਵ ਜੀ ਨਾਲ ਅਥਾਹ ਪਿਆਰ ਹੋਣ ਕਾਰਨ ਰੋਜ਼ ਦਰਸ਼ਨਾਂ ਨੂੰ ਜਾਂਦੇ। ਪਿੰਡੋਂ ਦਹੀਂ ਗੁਰੂ ਅਰਜਨ ਜੀ ਲਈ ਉਚੇਚੇ ਗੋਇੰਦਵਾਲ ਲੈ ਕੇ ਜਾਂਦੇ ਤੇ ਰੋਜ਼ ਵਾਪਸ ਮੁੜ ਕੇ ਅੰਨ ਮੂੰਹ ਲਗਾਂਦੇ। ਐਸੀ ਸ਼ਰਧਾ ਤੇ ਪਿਆਰ ਸੀ। ਇਕ ਦਿਨ ਗੁਰੂ ਅਰਜਨ ਜੀ ਬਗੈਰ ਦੱਸੇ ਹੀ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਜਦ ਚੌਧਰੀ ਲੰਗਾਹ ਅੰਮ੍ਰਿਤਸਰ ਪੁੱਜੇ ਤਾਂ ਗੁਰੂ ਜੀ ਤਰਨ ਤਾਰਨ ਜਾ ਚੁੱਕੇ ਸਨ। ਉਹ ਅੰਮ੍ਰਿਤਸਰ ਤੋਂ ਤਰਨ ਤਾਰਨ ਵਾਪਸ ਟੁਰ ਪਏ। ਗੁਰੂ ਜੀ ਨੇ ਭਾਈ ਲੰਗਾਹ ਦੀ ਘਾਲ ਉੱਤੇ ਖ਼ੁਸ਼ ਹੋ ਕੇ ਕਿਹਾ ਕਿ ਅਸੀਂ ਆਪੂੰ ਆ ਦਰਸ਼ਨ ਦੇ ਦਿਆ ਕਰਾਂਗੇ ਤੁਸਾਂ ਹੁਣ ਇਤਨੀ ਖੇਚਲ ਨਹੀਂ ਕਰਨੀ। ਉਸ ਨੇ ਸਤਿਗੁਰੂ ਜੀ ਦੇ ਮਾਲ ਡੰਗਰ ਲਈ ਆਪਣੀ ਬੀੜ ਦਾ ਇਕ ਹਿੱਸਾ ਅੱਡ ਕਰ ਦਿੱਤਾ। ਉੱਥੇ ਹੀ ਬਾਬਾ ਬੁੱਢਾ ਜੀ ਰਹਿਣ ਲੱਗ ਪਏ।

ਇਕ ਵਾਰ ਚੌਧਰੀ ਲੰਗਾਹ ਸਖ਼ਤ ਬੀਮਾਰ ਹੋ ਗਿਆ। ਗੁਰੂ ਜੀ ਆਪੂੰ ਪੁੱਜੇ ਤੇ ਮਿਹਰ ਭਰੀ ਨਜ਼ਰ ਮਾਰੀ ਤੇ ਉਹ ਅਰੋਗ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵੀ ਭਾਈ ਲੰਗਾਹ ਦਾ ਪਿਆਰ ਗੁਰੂ ਘਰ ਨਾਲ ਬਣਿਆ ਰਿਹਾ। ਗੁਰੂ ਹਰਿਗੋਬਿੰਦ ਜੀ ਜਦ ਬੀਬੀ ਨਾਨਕੀ ਨੂੰ ਪ੍ਣਾ ਕੇ ਵਾਪਸ ਸ੍ਰੀ ਅੰਮ੍ਰਿਤਸਰ ਆ ਰਹੇ ਸਨ ਤਾਂ ਪਤਾ ਲੱਗਾ ਕਿ ਭਾਈ ਲੰਗਾਹ ਲਾਹੌਰ ਤੋਂ ਆਏ ਹਨ। ਆਪ ਜੀ ਨੇ ਉਸੇ ਸਮੇਂ ਡੋਲੇ ਨੂੰ ਰੋਕਣ ਦਾ ਹੁਕਮ ਦਿੱਤਾ। ਭਾਈ ਲੰਗਾਹ ਦਾ ਇਤਨਾ ਸਤਿਕਾਰ ਇਸ ਲਈ ਸੀ ਕਿਉਂਕਿ ਉਨ੍ਹਾਂ ਗੁਰੂ ਅਰਜਨ ਦੇਵ ਜੀ

ਦਾ ਸ਼ਹੀਦ ਹੋਣ ਸਮੇਂ ਵੀ ਸਾਥ ਨਹੀਂ ਸੀ ਛੱਡਿਆ। ਭਾਈ ਲੰਗਾਹ ਨੇ ਚਰਨ ਛੂਹ ਦੱਸਿਆ ਕਿ ਲਾਹੌਰ ਬਉਲੀ ਸਾਹਿਬ ਦੋਖੀਆਂ ਨੇ ਢਾਹ ਦਿੱਤੀ ਹੈ ਅਤੇ ਉਹਦੇ ਉੱਤੇ ਮਕਾਨ ਉਸਾਰ ਦਿੱਤੇ ਹਨ।

***ਲੋਪ ਬਾਵਲੀ ਗੁਰ ਕੀ ਕੀਨੀ।***
***ਢਾਹਿ ਭਾਰ ਹਡ ਪੂਰਨ ਦੀਨੀ।***

ਲੰਗਾਹ ਜੀ ਨੇ ਇਹ ਵੀ ਦੱਸਿਆ ਕਿ ਕਾਜ਼ੀ ਨੇ ਬੜਾ ਉਪੱਦਰ ਚੁੱਕਿਆ ਹੋਇਆ ਹੈ। ਮਹਾਰਾਜ ਨੇ ਉਸ ਸਮੇਂ ਕਿਹਾ ਕਿ ਆਉਣ ਵਾਲੇ ਸਮੇਂ ਸੁਖਾਲੇ ਹੋਣਗੇ। ਜਦ ਗੁਰੂ ਹਰਿਗੋਬਿੰਦ ਜੀ ਹਾਫਿਜ਼ਾਬਾਦ ਤੋਂ ਮੰਦਰਾਂ ਤੇ ਭਾਈ-ਕੇ-ਮਟਵੀ ਪੁੱਜੇ ਤਾਂ ਭਾਈ-ਕੇ-ਮਟਵੀਂ ਭਾਈ ਲੰਗਾਹ ਇਹ ਖ਼ਬਰ ਲੈ ਕੇ ਆਇਆ ਕਿ ਫਿਰ ਕੁਝ ਲੋਕੀਂ ਜਹਾਂਗੀਰ ਦੇ ਕੰਨ ਭਰ ਰਹੇ ਹਨ। ਕਾਜ਼ੀ ਰੁਸਤਮ ਖ਼ਾਨ ਤੇ ਕਾਜ਼ੀ ਨੂਰ ਉਲਾ ਮੁਹਰੀ ਹਨ। ਵਜ਼ੀਰ ਖ਼ਾਨ ਦੀ ਹੋਂਦ ਉਨ੍ਹਾਂ ਦੀ ਦਾਲ ਗਲਣ ਨਹੀਂ ਦਿੰਦੀ ਪਰ ਜਵਾਬੀ ਟਾਕਰਾ ਕਰਨਾ ਜ਼ਰੂਰੀ ਹੈ। ਪਰ ਗੁਰੂ ਮਹਾਰਾਜ ਨੇ ਇਹ ਆਖ ਕੇ ਭਾਈ ਲੰਗਾਹ ਦੀ ਤਸੱਲੀ ਕਰਾਈ ਕਿ ਹੁਣ ਜਹਾਂਗੀਰ ਕਿਸੇ ਦੀ ਨਹੀਂ ਸੁਣੇਗਾ ਤੇ ਨਾ ਹੀ ਕਿਸੇ ਦੀ ਜੁਰੱਅਤ ਹੈ ਹਮਲਾ ਕਰਨ ਦੀ। ਉੱਥੇ ਹੀ ਇਹ ਖ਼ਬਰ ਵੀ ਪੁੱਜੀ ਕਿ ਜਹਾਂਗੀਰ ਨੇ ਕਾਜ਼ੀ-ਨੂਰ-ਉਲਾ ਨੂੰ ਹਟਾ ਦਿੱਤਾ ਹੈ। ਉਥੋਂ ਗੁਰੂ ਹਰਿਗੋਬਿੰਦ ਜੀ ਨਨਕਾਣਾ ਸਾਹਿਬ ਪੁੱਜੇ। ਰਾਇ ਬੁਲਾਰ ਦੀ ਸੰਤਾਨ ਦਰਸ਼ਨਾਂ ਨੂੰ ਆਈ। ਆਪ ਜੀ ਨੇ ਜਨਮ ਅਸਥਾਨ ਬਣਾਉਣ ਲਈ ਟੱਕ ਵੀ ਲਗਾਇਆ। ਫੇਰ ਪੱਧਰੀ ਤੇ ਲਾਹੌਰ ਤੋਂ ਹੁੰਦੇ ਹੋਏ ਅੰਮ੍ਰਿਤਸਰ ਪੁੱਜੇ।

ਪਹਿਲੀ ਜੰਗ ਦੇ ਦੌਰਾਨ ਜਦ ਸ਼ਾਹੀ ਫ਼ੌਜਾਂ ਅੱਗੇ ਹੀ ਅੱਗੇ ਵਧ ਰਹੀਆਂ ਸਨ ਤੇ ਬੀਬੀ ਵੀਰੋ ਜੀ ਦੀ ਜੰਞ ਵੀ ਅੰਮ੍ਰਿਤਸਰ ਵੱਲ ਚੱਲ ਪਈ ਸੀ। ਐਸੇ ਸਮੇਂ ਵਿਚ ਜਦ ਯੁੱਧ ਦੌਰਾਨ ਕਿਲ੍ਹੇ ਦੀ ਇਕ ਦੀਵਾਰ ਗਿਰਾਉਣ ਵਿਚ ਕਾਮਯਾਬ ਹੋ ਗਏ ਤਾਂ ਦੀਵਾਰ ਡਿੱਗਦੀ ਦੇਖ ਗੁਰੂ ਜੀ ਨੇ ਪ੍ਰੋਹਤ ਸਿੰਘ, ਬਾਬਕ ਰਬਾਬੀ, ਜਮਾਲ ਖ਼ਾਨ ਤੇ ਭਾਈ ਭਾਗ ਨੂੰ ਹੁਕਮ ਦਿੱਤਾ ਕਿ ਗੁਰੂ ਮਹਲ ਜਾਣ ਤੇ ਉੱਥੇ ਉਨ੍ਹਾਂ ਨੂੰ ਆਖਣ ਕਿ ਉਹ ਝਬਾਲ ਨੂੰ ਚੱਲ ਪੈਣ। ਝਬਾਲ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਜੋ ਸੁਰੱਖਿਅਤ ਸਥਾਨ ਨਜ਼ਰ ਵਿਚ ਆਇਆ ਸੀ ਉਹ ਭਾਈ ਲੰਗਾਹ ਦੀ ਹਵੇਲੀ ਹੀ ਸੀ। ਜੰਞ ਵੱਲ ਵੀ ਪੈਗ਼ਾਮ ਭੇਜ ਦਿੱਤਾ ਕਿ 'ਵੱਲੋ' ਪਿੰਡ ਜਾ ਕੇ ਕਹਿ ਆਉਣ ਕਿ ਜੰਞ ਸਿੱਧੀ ਝਬਾਲ ਹੀ ਪੁੱਜੇ। ਰਾਤ ਪੈ ਜਾਣ ਕਰਕੇ ਜੰਗ ਰੁਕ ਗਈ ਸੀ। ਸਿੱਖਾਂ ਨੇ ਰਾਤ ਭਰ ਵਿਚ ਦੀਵਾਰ ਦੀ ਉਸਾਰੀ ਕੀਤੀ ਅਤੇ ਅਗਲੇ ਦਿਨ ਪ੍ਰੋਗਰਾਮ ਬਣਾਉਣ ਲੱਗੇ। ਜੰਗ ਦੀ ਖ਼ਬਰ ਇਲਾਕੇ ਵਿਚ ਫੈਲ ਗਈ ਤੇ ਕੱਥੇਵਾਲ ਦੇ ਸਭ ਜਵਾਨ ਜੋ ਹੱਥ ਵਿਚ ਆਇਆ ਲੈ ਅੰਮ੍ਰਿਤਸਰ ਵੱਲ ਚੱਲ ਪਏ। ਉਧਰ ਮੁਖ਼ਲਿਸ ਖ਼ਾਨ ਦੀ ਮਦਦ ਉੱਤੇ ਲਾਹੌਰ ਤੋਂ ਕਲੰਦਰ ਖ਼ਾਨ ਦੁਰਾਨੀ ਤੇ ਬਹਾਦਰ ਖ਼ਾਨ ਪੁੱਜ ਗਏ। ਮੁਖ਼ਲਿਸ ਖ਼ਾਨ ਆਪ ਛੇਤੀ ਲੜਾਈ ਤੋਂ ਪੱਲਾ ਛੁਡਾਉਣਾ ਚਾਹੁੰਦਾ ਸੀ। ਪਰ ਗੁਰੂ ਹਰਿਗੋਬਿੰਦ ਜੀ ਨੂੰ ਈਨ ਮੰਨਵਾ ਕੇ ਛੱਡਣਾ ਚਾਹੁੰਦਾ

ਸੀ ਪਰ ਗੁਰੂ ਹਰਿਗੋਬਿੰਦ ਜੀ ਸਾਹਮਣੇ ਉਸ ਦੀ ਇਕ ਨਾ ਚੱਲੀ। ਜੰਗ ਜਿੱਤਣ ਉਪਰੰਤ ਤੁਰੰਤ ਗੁਰੂ ਜੀ ਝਬਾਲ ਪੁੱਜੇ ਕਿਉਂਕਿ ਜੰਞ ਝਬਾਲ ਪੁੱਜ ਗਈ ਸੀ ਤੇ ਦੂਜੇ ਦਿਨ ਸਵੇਰੇ ਬੀਬੀ ਵੀਰੋ ਦਾ ਅਨੰਦ ਕਾਰਜ ਹੋਣਾ ਸੀ।

ਸਵਾ ਪਹਿਰ ਰਹਿੰਦੀ ਰਾਤ ਨੂੰ ਸਤਿਗੁਰੂ ਜੀ ਝਬਾਲ ਅੱਪੜੇ।

ਅੰਮ੍ਰਿਤ ਵੇਲੇ ਬੀਬੀ ਵੀਰੋ ਦਾ ਅਨੰਦ ਕਾਰਜ ਕੀਤਾ। ਸਵੇਰ ਚੜ੍ਹਦਿਆਂ ਹੀ ਡੋਲੀ ਤੋਰ ਦਿੱਤੀ। ਆਪ ਜੀ ਵੀ ਸਣੇ ਪਰਿਵਾਰ ਗੋਇੰਦਵਾਲ ਵੱਲ ਚਲੇ ਗਏ। ਅੱਜ ਵੀ ਉਸ ਦਿਨ ਵਾਂਗ ਚੌਹਾਂ ਲਾਵਾਂ ਦਾ ਪਾਠ ਕਰਕੇ ਝਬਾਲ ਵਿਖੇ ਇਸ ਕਾਰਜ ਦੀ ਯਾਦਗਾਰ ਮਨਾਈ ਜਾਂਦੀ ਹੈ। ਸਿੱਖ ਇਤਿਹਾਸ ਦਾ ਇਹ ਪਹਿਲਾ ਅਨੰਦ ਕਾਰਜ ਕਿਹਾ ਜਾ ਸਕਦਾ ਹੈ। ਇਹ ਅਨੰਦ ਕਾਰਜ ਚੌਧਰੀ ਲੰਗਾਹ ਨੇ ਆਪਣੇ ਮਹੱਲਾਂ ਵਿਚ ਕਰਵਾਇਆ ਸੀ। ਉੱਥੇ ਅੱਜਕੱਲ੍ਹ ਗੁਰਦੁਆਰਾ ਹੈ।

ਚੌਧਰੀ ਲੰਗਾਹ ਨਾਲ ਬਾਅਦ ਵਿਚ ਕੀ ਬੀਤੀ, ਇਸ ਬਾਰੇ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਛੇਤੀ ਹੀ ਚੌਧਰੀ ਅਕਾਲ ਚਲਾਣਾ ਕਰ ਗਏ ਪਰ ਉਸ ਮਰਦ ਨੇ ਸਿੱਖੀ ਨਿਭਾ ਦੱਸੀ। ਇਸੇ ਖ਼ਾਨਦਾਨ ਵਿਚ ਮਾਈ ਭਾਗੋ ਦਾ ਜਨਮ ਹੋਇਆ ਜਿਸ ਬੇਦਾਵਾ ਦੇ ਆਏ ਸਿੰਘਾਂ ਨੂੰ ਫਿਟਕਾਰ ਪਾ ਫੇਰ ਗੁਰੂ ਦੇ ਲੜ ਲਗਾਇਆ ਸੀ ਅਤੇ ਟੁੱਟੀ ਗੰਢੀ।

❑ ❑ ❑

## ਸ਼ਿੰਗਾਰੂ ਤੇ ਜੈਤ ਜੀ

ਗੁਰੂ ਹਰਿਗੋਬਿੰਦ ਜੀ ਨੇ ਜਦ ਸਿੱਖਾਂ ਨੂੰ ਵੰਗਾਰ ਪਾਈ ਤਾਂ ਲੋਕੀਂ ਆਪਣੀ ਜਾਨ ਗੁਰੂ ਜੀ ਤੋਂ ਨਿਛਾਵਰ ਕਰਨ ਲਈ ਉਠ ਤੁਰੇ। ਕਈਆਂ ਦਾ ਤਾਂ ਪੂਰਾ ਪਰਿਵਾਰ ਹੀ ਗੁਰੂ ਸ਼ਰਨ ਆ ਗਿਆ। ਭਾਈ ਸ਼ਿੰਗਾਰੂ ਤੇ ਜੈਤ ਜੀ ਦੋਵੇਂ ਭਰਾ ਗੁਰੂ ਜੀ ਦਾ ਹੁਕਮ ਪੁੱਜਦੇ ਸ੍ਰੀ ਅੰਮ੍ਰਿਤਸਰ ਘਰ ਬਾਰ, ਖੇਤ, ਵਾਪਾਰ ਛੱਡ ਆਪਾ ਸਮਰਪਣ ਕਰਨ ਲਈ ਪੁੱਜ ਗਏ।

ਭਾਈ ਜੈਤ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਵਿਚ ਭਰਤੀ ਹੋ ਕੇ ਬੜੀ ਵੀਰਤਾ ਦਿਖਾਈ। ਭਾਈ ਸ਼ਿੰਗਾਰੂ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਸਿੱਖੀ ਧਾਰਨ ਕਰ ਚੁੱਕੇ ਸਨ। ਛੇਵੇਂ ਪਾਤਸ਼ਾਹ ਜੀ ਦੀ ਸੇਵਾ ਵਿਚ ਰਹਿ ਕੇ ਧਰਮ ਯੁੱਧਾਂ ਵਿਚ ਭਾਗ ਲਿਆ। ਕਿਸੇ ਫ਼ਕੀਰ ਨੇ ਭਾਈ ਸ਼ਿੰਗਾਰੂ ਜੀ ਨੂੰ ਇਕ ਰਸਾਇਣ ਦਿੱਤਾ ਸੀ, ਜਿਸ ਦੀ ਤਾਸੀਰ ਸੀ ਕਿ ਤਾਂਬੇ 'ਤੇ ਘਸਾਇਆਂ ਸੋਨਾ ਬਣ ਜਾਂਦਾ ਸੀ। ਜਦ ਉਸ ਨੇ ਉਹ ਰਸਾਇਣ ਗੁਰੂ ਜੀ ਨੂੰ ਭੇਟ ਕੀਤਾ ਤਾਂ ਗੁਰੂ ਜੀ ਨੇ ਉਹ ਰਸਾਇਣ ਦੀ ਸਾਰੀ ਪੁੜੀ ਅੰਮ੍ਰਿਤਸਰ ਦੇ ਸਰੋਵਰ ਵਿਚ ਸੁਟਵਾ ਕੇ ਸ਼ਿੰਗਾਰੂ ਨੂੰ ਸੱਚਾ ਰਸਾਇਣ ਕਿਵੇਂ ਤਿਆਰ ਕੀਤਾ ਜਾਂਦਾ ਸੀ, ਦਾ ਢੰਗ ਦੱਸ ਪਰਮ ਪਦਵੀ ਦਾ ਅਧਿਕਾਰੀ ਬਣਾਇਆ। ਸ਼ਿੰਗਾਰੂ ਤਨ ਮਨ ਨਾਲ ਗੁਰੂ ਹਰਿਗੋਬਿੰਦ ਜੀ ਦੀ ਸੇਵਾ ਕਰਨ ਲੱਗ ਪਿਆ। ਇਨ੍ਹਾਂ ਦੋਵਾਂ ਨੇ ਅੰਮ੍ਰਿਤਸਰ ਦੀ ਜੰਗ ਵੇਲੇ ਬੜੀ ਬਹਾਦਰੀ ਦਿਖਲਾਈ।

❑ ❑ ❑

## ਭਾਈ ਧਿੰਗੜ ਤੇ ਮਦੂ

ਭਾਈ ਧਿੰਗੜ ਤੇ ਮਦੂ ਦੋਵੇਂ ਗੁਰੂ ਜੀ ਪਾਸ ਰਹਿ ਕੇ ਲਗਨ ਨਾਲ ਬੜੀ ਸੇਵਾ ਕਰਦੇ। ਲੰਗਰ ਦੀ ਸੇਵਾ ਉਪਰੰਤ ਕਥਾ ਵੀ ਬੜੀ ਰੁਚੀ ਨਾਲ ਸੁਣਦੇ। ਉਨ੍ਹਾਂ ਦੀ ਇਕ ਹੀ ਇੱਛਾ ਸੀ ਕਿ ਜਦ ਪ੍ਰਾਣ ਤਿਆਗੀਏ ਤਾਂ ਗੁਰੂ ਜੀ ਪਾਸ ਹੋਈਏ। ਗੁਰੂ ਜੀ ਨੇ ਸਮਝਾਇਆ ਕਿ ਨਾਮ ਜਪਦਿਆਂ ਹਜ਼ੂਰੀ ਦਾ ਅਨੰਦ ਮਿਲਦਾ ਰਹਿੰਦਾ ਹੈ। ਵਿਛੋੜੇ ਦੀ ਪੀੜ ਮਹਿਸੂਸ ਨਹੀਂ ਹੁੰਦੀ। ਜਦ ਉਨ੍ਹਾਂ ਦਾ ਅੰਤਮ ਸਮਾਂ ਆਇਆ ਤਾਂ ਗੁਰੂ ਜੀ ਪਾਸ ਹੀ ਸਨ ਤੇ ਵਾਹਿਗੁਰੂ ਜਪਦੇ ਜਪਦੇ ਹੀ ਭਾਈ ਧਿੰਗੜ ਤੇ ਭਾਈ ਮਦੂ ਨੇ ਪ੍ਰਾਣ ਤਿਆਗੇ।

❑ ❑ ❑

# ਭਾਈ ਰਾਏ ਜੋਧ ਜੀ

ਗੁਰੂ ਹਰਿਗੋਬਿੰਦ ਜੀ ਜਾਣ ਗਏ ਕਿ ਜੰਗਾਂ ਅਵੱਸ਼ ਹੋਣੀਆਂ ਹਨ ਸੋ ਐਸੇ ਇਲਾਕੇ ਜੰਗ ਲੜੀ ਜਾਵੇ ਜਿੱਥੇ ਇਲਾਕਾ ਹਮਦਰਦ ਹੋਵੇ। ਮਾਲਵਾ ਐਸਾ ਇਲਾਕਾ ਸੀ ਜਿੱਥੇ ਰਸਦ ਪਾਣੀ, ਗੋਲਾ ਬਾਰੂਦ ਦੀ ਥੁੜ ਨਹੀਂ ਸੀ ਹੋਣੀ ਰਾਹ ਵੀ ਦਰਗਾਹ ਸਨ।

ਰਾਏ ਜੋਧ ਇਸ ਇਲਾਕੇ ਦਾ ਜੰਮਪਲ ਸੀ, ਉਸ ਨੂੰ ਸਾਰੇ ਇਲਾਕੇ ਦੀ ਪੂਰੀ ਟੋਹ ਸੀ। ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਪੁੱਛਿਆ, "ਦੇਸ਼ ਦੇ ਭੇਤੀ ਹੋ, ਜੰਗ ਕਰਨ ਦਾ ਐਸਾ ਟਿਕਾਣਾ ਦੱਸੋ, ਜਿੱਥੇ ਥੋੜ੍ਹੀ ਫ਼ੌਜ ਵੀ ਬਹੁਤੇ ਵੈਰੀਆਂ ਉੱਤੇ ਫ਼ਤਹਿ ਪਾ ਲਵੇ।" ਰਾਇ ਜੋਧ ਨੇ ਕਿਹਾ ਕਿ ਲੜਾਈ ਦੇ ਢਾਈ ਫੱਟ ਸਿਆਣੇ ਦੱਸਦੇ ਹਨ। ਮਿਲ ਪੈਣਾ, ਰਲ ਜਾਣਾ ਤੇ ਰਲ ਕੇ ਫਿਰ ਦਾਉ ਲਗਾਉਣਾ। ਜੇ ਮਾਲਵੇ ਅੰਦਰ ਵੀਹ ਕੋਹ ਦੂਰ ਟਿਕਾਣਾ ਲੈ ਜਾਇਆ ਜਾਵੇ ਤਾਂ ਉੱਥੇ ਸੁਖ ਰਹਿਣੀ ਮੁਗਲ ਫ਼ੌਜ ਦਾ ਪੁੱਜਣਾ ਮੁਸ਼ਕਲ ਹੈ। ਉੱਥੇ ਆਪਣੇ ਘਰ ਵੀ ਹਨ। ਪਾਣੀ ਦੀ ਥੁੜ ਨਹੀਂ ਸੀ। ਲਾਹੌਰੋਂ ਫ਼ੌਜਾਂ ਇੱਥੇ ਆਉਂਦੀਆਂ ਹੀ ਹਫ ਜਾਣਗੀਆਂ। ਇੱਥੇ ਡਰੋਲੀ ਨਾ ਦੇਖ ਕੇ ਵਾਪਸ ਮੁੜ ਜਾਣਗੀਆਂ। ਮਹਾਰਾਜ ਨੇ ਕਿਹਾ, 'ਅਜਿਹਾ ਨਾ ਜਾਣੋ, ਟਾਕਰਾ ਅਵੱਸ਼ ਹੋਵੇਗਾ।' ਅੰਦਰ ਬੁਰਜ ਵਿਚ ਰਾਇ ਜੋਧੇ ਨੇ ਆਪਣੇ ਕਿਲ੍ਹੇ ਵਿਚ ਪਨਾਹ ਲੈ ਕੇ ਲੜਨ ਦੀ ਗੱਲ ਆਖੀ ਕਿ ਉੱਥੇ ਸਮਾਨ ਵੀ ਬਹੁਤ ਹੈ।

ਗੁਰੂ ਮਹਾਰਾਜ ਨੇ ਕਿਲ੍ਹੇ ਵਿਚੋਂ ਲੜਨਾ ਵੀ ਉਚਿਤ ਨਾ ਸਮਝਿਆ। ਫਿਰ ਉਸ ਨੇ ਨਥਾਣੇ ਪਿੰਡ ਪਾਸ ਜਲ ਦੀ ਭਰੀ ਹੋਈ ਢਾਬ ਦਾ ਜ਼ਿਕਰ ਕੀਤਾ ਜਿਸ ਨੂੰ ਲੋਕੀਂ ਚਾਲੂ ਨਾਥ ਦੀ ਗੰਗਾ ਆਖਦੇ ਸਨ। ਉਸ ਤੋਂ ਅੱਗੇ ਤਿੰਨ ਪਹਾੜੀਆਂ ਦੇ ਪਿੰਡ, ਬੜੇ-ਬੜੇ ਟਿੱਬੇ ਕੁਦਰਤੀ ਕਿਲ੍ਹੇ ਤੇ ਮੋਰਚਾਬੰਦੀ ਬਣੀ ਬਣਾਈ ਵੀ ਦੱਸੀ। ਗੁਰੂ ਮਹਾਰਾਜ ਨੇ ਨਥਾਣੇ ਜਾਣਾ ਹੀ ਠੀਕ ਸਮਝਿਆ ਤੇ ਪਾਣੀ ਉੱਤੇ ਕਬਜ਼ਾ ਰੱਖਣਾ, ਜੰਗ ਦੀ ਮੁੱਢਲੀ ਲੋੜ ਰਹੀ। ਰਾਇ ਜੋਧ ਤੇ ਉਸ ਦੇ ਸਾਥੀ ਜੰਗ ਵਿਚ ਨਾਲ ਹੀ ਜੂਝੇ। ਇਸੇ ਖ਼ਾਨਦਾਨ ਦੇ ਕੋਲ ਇਕ ਕਟਾਰ ਹੈ ਜੋ ਗੁਰੂ ਹਰਿਗੋਬਿੰਦ ਜੀ ਨੇ ਬਖ਼ਸ਼ਿਸ਼ ਕੀਤੀ ਸੀ। ਇਹ ਕਟਾਰ ਹੁਣ ਰਾਇ ਜੋਧ ਦੇ ਪਰਿਵਾਰ (ਨਵੀਂ ਪੀੜ੍ਹੀ) ਕਰਨਲ ਭੁਪਿੰਦਰ ਸਿੰਘ ਦੇ ਪਰਿਵਾਰ ਕੋਲ ਹੈ।

❑ ❑ ❑

# ਗੁਰੂ ਬਾਣੀ



www.sikhbookclub.com

# ਬਾਬਕ ਰਬਾਬੀ

ਸਿੱਖ ਇਤਿਹਾਸ ਵਿਚ ਰਾਗ ਦਾ ਬਹੁਤ ਮਹੱਤਵ ਹੈ। ਸਿਵਾਏ ਜਪੁ ਸਹਿਬ ਸਵਈਆ, ਚਉਬੋਲਿਆਂ, ਫੁਨਹੇ ਤੇ ਸਲੋਕਾਂ ਤੋਂ ਸਾਰੀ ਬਾਣੀ ਰਾਗਾਂ ਹੇਠ ਦਰਜ ਹੈ। ਸ਼ਬਦ ਮਿਲਾਵਾ ਰਾਗ ਨਾਲ ਹੋਣਾ ਹੈ। ਰਾਗ ਦੇ ਅਰਥ ਹਨ ਪਿਆਰ। ਬਾਣੀ ਪਿਆਰ ਵਿਚ ਭਿੱਜ ਕੇ ਪ੍ਰਭੂ ਦੇ ਰੰਗ ਵਿਚ ਰੰਗ ਕੇ ਗਾਈ ਜਾਂਦੀ ਹੈ। ਤਾਂ ਹੀ ਸਾਡੇ ਇਤਿਹਾਸ ਵਿਚ ਰਬਾਬੀ ਦਾ ਬੜਾ ਆਦਰ ਮਾਣ ਰਿਹਾ ਹੈ। ਉਹ ਗੁਰੂ ਦੀ ਕਥਾ ਵੀ ਕਰਦੇ ਤੇ ਸ਼ਬਦ ਨੂੰ ਵੀ ਰਾਗ ਵਿਚ ਪਰੋਸ ਸੰਗਤਾਂ ਸਾਹਮਣੇ ਰੱਖਦੇ। ਬਹੁਤਿਆਂ ਨੂੰ ਨਹੀਂ ਪਤਾ ਕਿ ਭਈ ਚਾਂਦ ਦੇ ਪਿਤਾ ਭਾਈ ਬੁੱਢੇ ਨੂੰ ਸਾਰਾ ਸੂਰਜ ਪ੍ਰਕਾਸ਼ ਜ਼ਬਾਨੀ ਯਾਦ ਸੀ। ਸ਼ਬਦ ਤਨ ਮਨ ਹਰਿਆ ਕਿਵੇਂ ਕਰਦਾ ਹੈ ਉਸ ਦੀ ਮਿਸਾਲ ਭਾਈ ਰਾਗੀ ਮੱਖਣ ਸਿੰਘ ਜੀ ਜਿਨ੍ਹਾਂ ਦਰਬਾਰ ਸਾਹਿਬ 35 ਸਾਲ ਦੀ ਸੇਵਾ ਵਿਚ ਨਾ ਨਾਗਾ ਪਾਇਆ ਤੇ ਨਾ ਕਦੇ ਜ਼ਰਾ ਵੀ ਬੀਮਾਰ ਹੋਏ।

ਭਾਈ ਮਰਦਾਨਾ ਤੋਂ ਬਾਅਦ ਭਾਈ ਬਾਬਕ ਹੀ ਸਨ ਐਸੇ ਰਬਾਬੀ ਜਿਨ੍ਹਾਂ ਗੁਰੂ ਨਾਲ ਪਿਆਰ ਦਰਸਾਉਣ ਵਿਚ ਹੱਦ ਹੀ ਕਰ ਦਿੱਤੀ। ਉਹ ਗੁਰੂ ਦੇ ਹਰ ਹੁਕਮ ਨੂੰ ਆਪਣੀ ਜਾਨ ਤੋਂ ਵੀ ਵੱਧ ਪੂਰਾ ਕਰਦੇ।

ਜਿੱਥੇ ਵੀ ਗੁਰੂ ਹਰਿਗੋਬਿੰਦ ਜੀ ਹੁੰਦੇ ਉਹ ਰੋਜ਼ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਦੇ। ਯੁੱਧ ਦੇ ਮੈਦਾਨਾਂ ਵਿਚ ਵੀ ਆਪ ਨਾਲ ਰਹੇ। ਅੰਮ੍ਰਿਤਸਰ ਦੀ ਜੰਗ ਵਿਚ ਭਾਗ ਵੀ ਲਿਆ। ਜ਼ਰਾ ਵੀ ਲਾਲਚ ਵਾਲਾ ਉਨ੍ਹਾਂ ਦਾ ਸੁਭਾਅ ਨਹੀਂ ਸੀ। ਹਰ ਵਕਤ ਰੱਬੀ ਪ੍ਰੇਮ ਵਿਚ ਰੰਗੇ ਰਹਿੰਦੇ। ਜਦ ਕੀਰਤਨ ਕਰਦੇ ਤਾਂ ਉਨ੍ਹਾਂ ਦਾ ਗੁਰੂ ਨਾਲ ਪ੍ਰੇਮ ਦੇਖਣ ਵਾਲਾ ਹੁੰਦਾ ਸੀ। ਲੋਕਾਂ ਦੇ ਅੰਦਰ ਸਿੱਧਾ ਅਸਰ ਕਰਦਾ।

***"ਏਕ ਪ੍ਰੇਮ ਰਸ ਲੋਭ ਨ ਦਾਗ"*** (ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨੇ ਲਿਖਿਆ ਹੈ) ਬਾਬਕ ਦੇ ਚਾਰ ਪੁੱਤਰ ਸਨ। ਉਹ ਵੀ ਗੁਰੂ ਚਰਨਾਂ ਨਾਲ ਉੱਨਾ ਹੀ ਪਿਆਰ ਕਰਦੇ ਸਨ। ਰਬਾਬੀ ਨੂੰ ਸਿੱਖ ਇਤਿਹਾਸ ਵਿਚ ਬੜਾ ਮਾਣ ਮਿਲਿਆ ਹੈ। ਕੀਰਤਨ ਨੂੰ ਵੀ ਬੜੀ ਮਹੱਤਤਾ ਦਿੱਤੀ ਹੈ। ਸਤੇ ਬਲਵੰਡ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਰਬਾਬੀਆਂ ਪ੍ਰਤੀ ਮਾਣ ਹੀ ਦਰਸਾਉਂਦਾ ਹੈ। ਮਰਦਾਨੇ ਨੂੰ ਇਹ ਹੱਕ ਦੇ ਦੇਣਾ ਕਿ ਉਹ ਨਾਨਕ ਛਾਪ ਵਰਤ ਸਕਦੇ ਹਨ। ਗੁਰੂ ਜੀ ਦਾ ਰਾਗੀ ਨੂੰ ਕਿਤਨਾ ਆਦਰ ਮਾਣ ਦੇਣਾ ਹੀ ਦਿਸਦਾ ਹੈ। ਰਬਾਬੀ ਨੂੰ ਬੜਾ ਸਤਿਕਾਰ ਮਿਲਿਆ ਹੈ। ਗੁਰੂ ਹਰਿਗੋਬਿੰਦ ਜੀ ਨੇ ਵੀ ਰਬਾਬੀਆਂ ਨੂੰ ਬੜਾ ਸਤਿਕਾਰ ਦਿੱਤਾ।

ਗੁਰੂ ਜੀ ਜਿੱਥੇ ਤੇਗ ਦੇ ਧਨੀ ਸਨ ਉੱਥੇ ਸੰਗੀਤ ਜਿਹੇ ਕੋਮਲ ਸੁਰਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੇ ਹੀ ਨੌ ਵਾਰਾਂ ਦੀਆਂ ਧੁਨੀਆਂ ਦਰਜ ਕੀਤੀਆਂ।

ਬਾਬਕ ਗੁਰੂ ਜੀ ਦਾ ਸੱਚਾ ਅਤੇ ਸਮਰੱਥ ਸਿੱਖ ਸੀ। ਉਸ ਦੇ ਕੀਰਤਨ ਦੇ ਖਿੱਚੇ ਹੋਏ ਵੀ ਕਈ ਸਿੱਖ ਹਰਿਮੰਦਰ ਸਾਹਿਬ ਆਉਂਦੇ ਸਨ।

ਭਾਈ ਬਾਬਕ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਚਾਰੇ ਪੁੱਤਰਾਂ 'ਤੇ ਉਵੇਂ ਹੀ ਹੱਥ ਰੱਖਣ ਜਿਵੇਂ ਉਸ ਉੱਤੇ ਸਾਰੀ ਉਮਰ ਰੱਖਿਆ ਹੈ। ਗੁਰੂ ਜੀ ਨੇ ਬਾਬਕ ਨੂੰ ਧੀਰਜ ਦਿੱਤਾ ਤੇ ਕਿਹਾ ਕਿ ਇਹ ਵਾਰੀ ਹਰ ਇਕ ਦੀ ਆਉਣੀ ਹੈ। ਇੱਥੇ ਕਿਸੇ ਨਹੀਂ ਰਹਿਣਾ। ਨਾਮ ਦੀ ਸ਼ਕਤੀ ਨਾਲ ਹੀ ਤੇਰੇ ਪਿਤਾ ਨੂੰ ਅਨੰਦ ਪ੍ਰਾਪਤ ਹੋਇਆ। ਤੂੰ ਵੀ ਸੁੱਖ ਪਾਇਆ, ਤੇਰੇ ਪੁੱਤਰ ਵੀ ਜੇ ਵਾਹਿਗੁਰੂ ਦਾ ਆਸਰਾ ਲੈਣਗੇ ਸੁੱਖ ਪਾਉਣਗੇ। ਜਿਨ੍ਹਾਂ ਪਾਸ ਗੁਰੂ ਦਾ ਸ਼ਬਦ ਹੈ ਉਨ੍ਹਾਂ ਨੂੰ ਕੋਈ ਕਮੀ ਨਹੀਂ। ਜਿਹੜਾ ਕੋਈ ਸ਼ਬਦ ਦਾ ਪਾਠ ਕਰੇਗਾ ਅਤੇ ਮਾਇਆ ਦਾ ਮੋਹ ਤਿਆਗੇਗਾ ਤਾਂ ਚਾਰ ਪਦਾਰਥ ਉਸ ਦੇ ਸੇਵਕ ਹੋਣਗੇ।

ਗੁਰੂ ਚਰਨਾਂ ਵਿਚ ਹੀ ਬਾਬਕ ਨੇ ਪ੍ਰਾਣ ਤਿਆਗੇ। ਬਾਬਕ ਨੂੰ ਬਿਆਸ ਕਿਨਾਰੇ ਹੀ ਦਫ਼ਨਾਇਆ ਗਿਆ। ਚਾਰ ਪੁੱਤਰ ਤੇਰੀ ਸੇਵਾ ਲਈ ਰੱਖ ਗਿਆ ਹਾਂ। ਇਹ ਚਾਰੇ ਹੀ ਆਗਿਆਕਾਰੀ ਹਨ। ਮਿਲਣਾ ਵਿਛੜਨਾ ਪ੍ਰਭੂ ਦੀ ਖੇਡ ਹੈ। ਜਿਵੇਂ ਨਦੀ ਵਿਚ ਕਈ ਵਾਰੀ ਰੁੜ੍ਹਦਿਆਂ ਕੁਝ ਗੇਲੀਆਂ ਆ ਮਿਲਦੀਆਂ ਹਨ ਤੇ ਫਿਰ ਵੱਖ ਹੋ ਜਾਂਦੀਆਂ ਹਨ—

***ਮਿਲ ਬਿਛਰਨ ਜਗ ਮੈ ਬਨਾ, ਨਦੀ ਕਾਠ ਸਮ ਜਾਨ।***
***ਐਸੇ ਕਥਾ ਅਨੰਤ ਕਹਿ, ਧੀਰਜ ਦੀਓ ਮਹਾਨ।***

❑ ❑ ❑

# ਸੱਤਾ ਤੇ ਬਲਵੰਡ

ਗੁਰੂ ਪਾਤਸ਼ਾਹਾਂ ਦਾ ਰਾਜ ਜਾਂ ਰਾਜ-ਪ੍ਰਬੰਧ ਦੀ ਨੁਕਤਾਚੀਨੀ ਕਰਨਾ ਸੁਭਾਵਿਕ ਸੀ। ਸਤਿਗੁਰੂ ਸਿਆਸਤ ਨੂੰ ਧਰਮ ਦਾ ਅਟੁੱਟ ਅੰਗ ਸਮਝਦੇ ਤੇ ਪ੍ਰਚਾਰਦੇ ਸਨ। ਨਾਲ ਹੀ ਉਹ ਆਪਣੇ ਸਿੱਖਾਂ ਨੂੰ ਘਰਾਂ ਵਿਚ ਰਹਿ ਕੇ ਆਪਣੇ ਕੰਮ ਕਾਜ ਕਰਦੇ ਹੋਏ ਗ੍ਰਹਿਸਤ ਵਿਚ ਰਹਿੰਦੇ ਧਰਮ ਉੱਤੇ ਟੁਰਨ ਦੀ ਪ੍ਰੇਰਨਾ ਕਰ ਰਹੇ ਸਨ। ਕਿਰਤੀ ਲੋਕਾਂ ਦਾ ਵਾਸਤਾ ਸਦਾ ਰਾਜ ਦੇ ਕਰਮਚਾਰੀਆਂ ਨਾਲ ਪੈਣਾ ਹੋਇਆ। ਗੁਰੂ ਸਾਹਿਬਾਨ ਨੇ ਜੋ ਦੁੱਖ ਤੇ ਔਕੜਾਂ ਅਨੁਭਵ ਕੀਤੀਆਂ ਉਨ੍ਹਾਂ ਨੇ ਬਾਣੀ ਰਾਹੀਂ ਜਾਂ ਸਿੱਖਿਆਵਾਂ ਰਾਹੀਂ ਪ੍ਰਗਟ ਕੀਤੀਆਂ। ਹਕੂਮਤ ਵਿਰੁੱਧ ਆਪਣੇ ਵਿਚਾਰ ਉਨ੍ਹਾਂ ਬਿਨਾਂ ਡਰ ਤੇ ਸੰਕੋਚ ਤੋਂ ਪ੍ਰਗਟ ਕੀਤੇ।

ਇਸੇ ਲਈ ਸਮਕਾਲੀ ਰਬਾਬੀਆਂ ਸੱਤਾ ਤੇ ਬਲਵੰਡ ਜੀ ਨੂੰ, ਗੁਰੂ ਵਿਅਕਤੀਆਂ ਨੂੰ 'ਝਖੜ ਵਾਓ ਨ ਡੋਲਈ ਪਰਬਤ ਮੇਰਾਣੁ' ਆਖਿਆ। ਇਸੇ ਨੀਂਹ ਉੱਤੇ ਹੀ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦਾ ਮਹੱਲ ਉਸਾਰਿਆ।

ਗੁਰੂ ਅਰਜਨ ਦੇਵ ਜੀ ਨੇ ਜਿਵੇਂ ਰਾਮਕਲੀ ਰੰਗ ਵਿਚ ਸਦ ਚਾੜ੍ਹੀ ਤਿਵੇਂ ਹੀ ਸੱਤੇ ਤੇ ਬਲਵੰਡ ਮੀਰਾਂ ਮਿਰਾਸੀ ਦੀ ਵਾਰ ਵੀ ਦਰਜ ਕੀਤੀ। ਮਹਾਰਾਜ ਵੱਲੋਂ ਦਿੱਤੇ ਸਿਰਲੇਖ ਤੋਂ ਸਾਫ਼ ਪਿਆ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ 'ਆਖੀ' ਸੀ, ਮਹਾਰਾਜ ਨੇ ਲਿਖ ਦਿੱਤੀ। ਸਾਖੀ ਕਰਦੇ ਹਨ ਕਿ ਸੱਤੇ ਤੇ ਬਲਵੰਡ ਰਾਗ ਵਿਚ ਪ੍ਰਬੀਨ ਅਤੇ ਸ਼ਬਦ ਦੀ ਸੂਝ ਕਾਰਨ ਹੰਕਾਰ ਵਿਚ ਆ ਗਏ ਸਨ। ਕੁਬੋਲ ਬੋਲ ਵੀ ਬੋਲੇ ਸਨ। ਗੁਰੂ ਜੀ ਨੇ ਹੁਕਮ ਕੀਤਾ ਕਿ ਇਨ੍ਹਾਂ ਦੋਨਾਂ ਨੂੰ ਕੋਈ ਮੱਥੇ ਨਾ ਲਗਾਏ। ਜਦ ਕਿਸੇ ਨੇ ਮੂੰਹ ਨਾ ਲਗਾਇਆ ਤਾਂ ਭਾਈ ਲੱਧਾ ਪਰਉਪਕਾਰੀ ਦੀ ਸ਼ਰਨ ਲੈ ਖ਼ਿਮਾ ਪ੍ਰਾਪਤ ਕੀਤੀ। ਭਾਈ ਲੱਧਾ ਪਰਉਪਕਾਰੀ ਦੀ ਕੁਰਬਾਨੀ ਦੇਖ ਗੁਰੂ ਜੀ ਨੇ ਰਬਾਬੀਆਂ ਨੂੰ ਬਖ਼ਸ਼ ਦਿੱਤਾ। ਮਹਾਰਾਜ ਨੇ ਇਹ ਵੀ ਦੱਸਿਆ ਕਿ ਜਿਵੇਂ ਇਹ ਦੋਵੇਂ ਫਿੱਟ ਗਏ, ਮਾਨ ਮਤੇ ਹੋਏ ਤਿਵੇਂ ਇਕ ਵਾਰੀ ਇੱਛਾ ਰਹਿਤ ਬੇਪ੍ਰਵਾਹ (ਏਕ ਅਨੀਹ ਰੂਪ ਗੁਰੂ ਨਾਨਕ) ਸੁੱਖਾਂ ਦੀ ਖ਼ਾਨ (ਸੁੱਖ ਖਾਨਕ) ਗੁਰੂ ਨਾਨਕ ਦੇਵ ਜੀ ਰਾਵੀ ਦੇ ਕਿਨਾਰੇ ਬਿਰਾਜਮਾਨ ਸਨ ਤਾਂ ਮਰਦਾਨਾ ਤੇ ਉਸ ਦੇ ਮਸੇਰਾ ਭਰਾ ਗੁਰੂ ਜੀ ਨੂੰ ਢੂੰਡਦੇ ਉੱਥੇ ਆ ਗਏ। ਮਰਦਾਨੇ ਨੂੰ ਗੁਰੂ ਜੀ ਨੇ ਕਿਹਾ ਕਿ ਰਬਾਬ ਵਜਾਇ ਤਾਂ ਕਿ ਕਾਈ ਸਿਫਤ ਖ਼ੁਦਾ ਦੇ ਦੀਦਾਰ ਦੀ ਕਰੀਏ। ਮਹਾਰਾਜ ਨੇ ਜਦ ਆਸਾ ਰਾਗ ਦਾ ਸ਼ਬਦ ਨਾਲ ਰਲਾ ਕੇ ਗਾਇਆ ਤਾਂ ਰਾਗ ਸੁਣ ਕੇ ਪੰਛੀ ਵੀ ਸ਼ਾਂਤ ਚਿੱਤ ਹੋ ਗਏ। ਦੋਵਾਂ ਇਹ ਖ਼ਿਆਲ ਕੀਤਾ ਕਿ ਰਾਗ ਦੇ ਖ਼ਿਆਲ ਸੁਣ ਕੇ ਹਰਨ ਪੰਛੀ ਮੋਹੇ ਗਏ ਹਨ। ਉਨ੍ਹਾਂ ਨੂੰ ਹੰਕਾਰ ਵਿਚ ਵਿਚਰਦਾ ਦੇਖ ਗੁਰੂ ਜੀ ਉਸੇ ਵੇਲੇ ਹੀ ਚੁੱਪ ਹੋ ਗਏ। ਦਾਨੇ ਨੇ ਪੁੱਛਿਆ ਕਿ ਚੁੱਪ ਕਿਉਂ ਹੋਏ ਹੋ। ਤਾਂ ਮਹਾਰਾਜ ਨੇ

ਕਿਹਾ ਸੀ ਕਿ ਮਾਨੀ ਲੱਖ ਜਤਨ ਕਰੇ ਉਸ ਦਾ ਚਿੱਤ ਨਹੀਂ ਟਿੱਕਦਾ।

*ਸ੍ਰੀ ਗੁਰੂ ਨਾਨਕ ਤਬ ਕਹਾ,*
*ਤੁਮੈ ਮਾਨ ਅਬ ਕੀਨ*
*ਮਾਨ ਸਹਿਤਿ ਕਲਿਆਨ ਨਹਿ*
*ਕ੍ਰੋਧ ਜਤਨ ਚਿਤ ਚੀਨ।*

ਮਹਾਰਾਜ ਨੇ ਜਦ ਫ਼ਰਮਾਇਆ ਤਾਂ ਛੇਤੀ ਹੀ ਉਨ੍ਹਾਂ ਭੁੱਲ ਸੁਧਾਰ ਲਈ ਪਰ ਸੱਤੇ ਤੇ ਬਲਵੰਡ ਭਟਕ ਕੇ ਹੀ ਸਿੱਧੇ ਰਾਹ ਪਏ।

ਸੱਤਾ ਤੇ ਬਲਵੰਡ ਦੋਵੇਂ ਭਰਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਰਬਾਰ ਸਾਹਿਬ ਦੇ ਰਬਾਬੀ ਸਨ।

ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਦੋਵੇਂ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਬੜੀ ਨਿਮਰਤਾ ਸਹਿਤ ਕੀਰਤਨ ਕਰਦੇ ਰਹਿੰਦੇ।

ਇਕ ਦਿਨ ਲਾਹੌਰ ਵਿਖੇ ਡੇਹਰਾ ਸਾਹਿਬ ਗੁਰੂ ਹਰਿਗੋਬਿੰਦ ਜੀ ਸਾਹਮਣੇ ਸੱਤੇ ਤੇ ਬਲਵੰਡ ਜੀ ਜਿਉਂ ਕੀਰਤਨ ਕਰਨ ਬੈਠੇ ਕੀਰਤਨ ਕਰੀ ਹੀ ਜਾਣ। ਪਤਾ ਨਹੀਂ ਕੀ ਸਰੂਰ ਆਇਆ ਕਿ ਸਮਾਪਤੀ ਕਰਨ ਦਾ ਨਾਮ ਹੀ ਨਾ ਲੈਣ। ਫਿਰ ਜ਼ਰਾ ਕੁ ਕੀਰਤਨ ਰੋਕ ਕੇ ਗੁਰੂ ਜੀ ਨੂੰ ਕਹਿਣ ਲੱਗੇ, ਮਹਾਰਾਜ! ਇੰਜ ਪ੍ਰਤੀਤ ਹੁੰਦਾ ਹੈ ਕਿ ਸਾਡਾ ਦੋਵਾਂ ਦਾ ਅੰਤਮ ਸਮਾਂ ਨੇੜੇ ਆ ਗਿਆ ਹੈ ਤੇ ਮਹਿਸੂਸ ਹੋ ਰਿਹਾ ਹੈ ਕਿ ਗੁਰੂ ਨਾਨਕ ਜੀ ਮਿਹਰ ਕਰਕੇ ਆਪੂੰ ਲੈਣ ਆ ਰਹੇ ਹਨ। ਬੱਸ ਇਤਨੀ ਇੱਛਾ ਹੈ ਕਿ ਜਿੱਥੇ ਗੁਰੂ ਅਰਜਨ ਦੇਵ ਜੀ ਨੂੰ ਬੰਨ੍ਹ ਰਾਵੀ ਸਪੁਰਦ ਕਰ ਸ਼ਹੀਦ ਕੀਤਾ ਸੀ, ਉੱਥੇ ਜਿਸਮ ਛੁੱਟੇ, ਉਨ੍ਹਾਂ ਦੋਵਾਂ ਨੇ ਗੁਰੂ ਜੀ ਦਾ ਧਿਆਨ ਕਰਕੇ ਅੱਖਾਂ ਮੂੰਦ ਲਈਆਂ ਅਤੇ ਮੁੱਖੋਂ ਸਤਿਨਾਮ ਕਹਿੰਦੇ ਹੀ ਸਵਾਸ ਛੱਡ ਦਿੱਤੇ।

*ਗੁਰ ਮੂਰਤ ਮਨ ਮੈ ਦ੍ਰਿੜ ਕੀਨੀ*
*ਸਤਨਾਮ ਕਹਿ ਬਪ (ਸਰੀਰ) ਤਜ ਦੀਨੀ।*

ਸ਼ਾਇਦ ਦੁਨੀਆਂ ਭਰ ਵਿਚ ਇਹ ਪਹਿਲੀ ਉਦਾਹਰਣ ਹੈ ਕਿ ਦੋ ਵਿਅਕਤੀਆਂ ਨੇ ਇਕੋ ਥਾਂ, ਇਕੋ ਵੇਲੇ, ਇੱਛਾ ਅਨੁਸਾਰ ਸਰੀਰ ਛੱਡਿਆ ਹੋਵੇ।

ਬਾਬਕ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਦਾ ਕਫ਼ਨ ਤਿਆਰ ਕਰੋ ਅਤੇ ਰਾਵੀ ਕਿਨਾਰੇ ਇਨ੍ਹਾਂ ਨੂੰ ਦਫ਼ਨਾ ਦਈਏ।

ਧੰਨ ਹਨ ਗੁਰੂ ਹਰਿਗੋਬਿੰਦ ਜੀ ਦੂਜੇ ਦੇ ਅਕੀਦੇ ਦਾ ਇਤਨਾ ਸਤਿਕਾਰ ਕਰਦੇ ਹਨ।

*ਬਲਵੰਡ ਸਤੈ ਕੀ ਦੇਹ ਉਠਾਇ।*
*ਰਾਵੀ ਤਟ ਦਾਬੀ ਹਿਤ ਲਾਇ।*
*ਕਬਰ ਬਨਾਇ ਆਇ ਪੁਨ ਤਹਾਂ*
*ਹਰਿਗੋਬਿੰਦ ਗੁਰ ਇਸਥਿਤ ਜਹਾਂ।*

ਸੱਤਾ ਤੇ ਬਲਵੰਡ ਜੀ ਦਾ ਇਤਨਾ ਪਿਆਰ ਸੀ ਕਿ ਦੋਵੇਂ ਸਾਰਾ ਜੀਵਨ ਇਕੱਠੇ ਹੀ ਰਹੇ ਅਤੇ ਪ੍ਰਲੋਕ ਵੀ ਇਕੱਠੇ ਹੀ ਸਿਧਾਰੇ। ਕੁਝ ਇਤਿਹਾਸਕਾਰ ਦੋਵਾਂ ਨੂੰ ਸੱਕੇ ਭਰਾ ਤੇ ਕੁਝ ਪਿਉ ਪੁੱਤਰ ਆਖਦੇ ਹਨ। ਭਾਈ ਸੰਤੋਖ ਸਿੰਘ ਜੀ ਨੇ ਦੋਵਾਂ ਨੂੰ ਭਰਾ ਦੱਸਿਆ ਹੈ।

ਭਾਈ ਬਾਬਕ ਜੀ ਨੂੰ ਆਗਿਆ ਕੀਤੀ ਕਿ ਕੀਰਤਨ ਕਰੋ। ਕੀਰਤਨ ਸੁਣਦੇ ਮਹਾਰਾਜ ਦੇ ਨੈਣ ਸੱਜਲ ਹੋ ਗਏ ਅਤੇ ਰੁਮਾਲ ਨਾਲ ਹੰਝੂ ਪੂੰਝੇ।

*ਕੀਰਤਨ ਤਾਂਹਿ ਮਨ ਲਾਯੋ*
*ਨੈਨਨ ਨੀਰ ਰੁਮਾਲ ਹਟਾਯੋ।*
*ਹੁਤੋ ਡੂਮ ਬਲਵੰਡ ਮਹਾਨਾ।*
*ਸਤਾ ਤਿਸ ਕੋ ਅਨੁਜ ਸੁਜਾਨਾ।*

ਬਾਬਾ ਕ੍ਰਿਪਾਲ ਸਿੰਘ ਜੀ ਨੇ ਸੱਤੇ ਨੂੰ ਬਲਵੰਡ ਦਾ ਪੁੱਤਰ ਆਖਿਆ ਹੈ।

*ਬਲਵੰਡ ਪੁਤਰ ਸਤਾ ਤਹਿ ਆਇ।*
*ਆਨ ਹਜ਼ੂਰ ਰਬਾਬ ਵਜਾਇ।*

❑ ❑ ❑

# ਢਾਡੀ ਅਬਦੁਲਾ ਤੇ ਨੱਥ ਮਲ

ਦਸਮ ਗ੍ਰੰਥ ਦੇ 405ਵੇਂ ਚਰਿੱਤਰ ਵਿਚ ਲਿਖਿਆ ਹੈ ਕਿ ਜਦ ਸਵਾਸ ਵੀਰਯ ਦਾਨਵ ਨਾਲ ਮਹਾਂਕਾਲ ਦਾ ਯੁੱਧ ਹੋਇਆ ਤਦ ਮਹਾਕਾਲ ਦੇ ਪਸੀਨੇ ਤੋਂ ਢਾਢੀਆਂ ਦਾ ਮੁਹਾਰਿਸ ਪੈਦਾ ਹੋਇਆ :

> ***"ਬਦਨ ਪ੍ਰਸੇਦ ਧਰਨਿ ਜੋ ਪਰਾ ਵਾਢਿਸੈਨ ਢਾਢੀ ਬਪ ਲਯੋ।***
> ***ਕਰਖਾਬਾਰ ਉਚਾਰਤ ਭਯੋ।"***

ਇਹ ਲੋਕ ਢਢ ਵਜਾ ਕੇ ਲੋਕਾਂ ਨੂੰ ਉਸ ਸਮੇਂ ਦੀਆਂ ਗਾਥਾਵਾਂ ਗਾ ਗਾ ਕੇ ਸੁਣਾਂਦੇ ਸਨ।

ਜਦ ਤਖ਼ਤ 'ਤੇ ਬੈਠਿਆਂ ਗੁਰੂ ਹਰਿਗੋਬਿੰਦ ਜੀ ਨੇ ਵੰਗਾਰ ਪਾਈ ਕਿ ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤ੍ਰ ਤੇ ਚੰਗੀ ਜਵਾਨੀ ਹੈ ਅਤੇ ਢਾਢੀਆਂ ਨੂੰ ਕਿਹਾ ਕਿ ਐਸੇ ਗੀਤ ਗਾਉ ਕਿ ਕਾਇਰਾਂ ਦਾ ਵੀ ਖ਼ੂਨ ਖੌਲਣ ਲੱਗੇ ਤਾਂ ਸੁਰ ਸਿੰਘ ਦੇ ਦੋ ਢਾਢੀਆਂ ਅਬਦੁੱਲਾ ਤੇ ਨੱਥ ਮਲ ਨੇ ਆਪਾ ਪੇਸ਼ ਕੀਤਾ। ਇਨ੍ਹਾਂ ਬਾਰੇ ਲਿਖਿਆ ਮਿਲਦਾ ਹੈ ਕਿ —

> ***'ਐਸੇ ਰੰਗ ਢੰਗ ਸੇ ਉਚਰੇ***
> ***ਕਿ ਸੁਣ ਕਾਇਰ ਰਣ ਮਾਂਡੇ।'***

ਇਹ ਦੋਵੇਂ ਇਕੱਠੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੈਨਾ ਵਿਚ ਯੋਧਿਆਂ ਦੀਆਂ ਵਾਰਾਂ ਗਾ ਕੇ ਵੀਰ ਰਸ ਦਾ ਉਤਸ਼ਾਹ ਵਧਾਇਆ ਕਰਦੇ ਸਨ।

ਅਬਦੁੱਲਾ ਤੇ ਨੱਥ ਮਲ ਢਾਢੀ ਸਦਾ ਹੀ ਗੁਰੂ ਜੀ ਦੇ ਨਾਲ ਹੀ ਰਹਿੰਦੇ ਅਤੇ ਖੜ੍ਹੇ ਹੋ ਕੇ ਵਾਰਾਂ ਸੁਣਾਂਦੇ। ਸ਼ਬਦ ਵੀ ਢੱਢ ਨਾਲ ਗਾਂਦੇ ਤੇ ਬੜਾ ਰਸ ਘੋਲ ਦਿੰਦੇ ਕਿਉਂਕਿ ਦਿਲੋਂ ਬੋਲਦੇ ਸਨ। ਨੱਥ ਮਲ ਸਾਰੰਗੀ ਵਜਾਉਂਦਾ ਸੀ।

> ***'ਅਬਦੁਲ ਗੁਰ ਸੰਗ ਸਦਾ ਰਹਾਵੈ।***
> ***ਗੁਰ ਜਸ ਉਠ ਬਹੁ ਵਾਰ ਸੁਨਾਵੈ।***
> ***ਕਈ ਪ੍ਰਕਾਰ ਕੇ ਸ਼ਬਦ ਸੁਨਾਇ।***
> ***ਸਦਾ ਏਕ ਰਸ ਗੁਰ ਗੁਨ ਗਾਇ।'***

ਗੁਰੂ ਹਰਿਗੋਬਿੰਦ ਜੀ ਦੀ ਤਖ਼ਤ ਨਸ਼ੀਨੀ ਦੀ ਵਾਰ ਦੋਵੇਂ ਢਾਡੀਆਂ ਅਬਦੁੱਲਾ ਤੇ ਨੱਥ ਮਲ ਨੇ ਪੜ੍ਹੀ। ਉਨ੍ਹਾਂ ਸਿੰਘਾਂ ਦੀ ਚੜ੍ਹਦੀ ਕਲਾ ਦਰਸਾਉਣ ਲਈ ਵਾਰ ਵਿਚ ਟਾਕਰਾ ਸਿੱਖਾਂ ਜਹਾਂਗੀਰ ਦੀ ਪਗੜੀ ਤੇ ਸ਼ਾਨ ਨਾਲ ਕੀਤਾ। ਵਾਰ ਦੀ ਪਉੜੀ ਸੀ :

> ***'ਦੋ ਤਲਵਾਰੀ ਬੱਧੀਆਂ।***
> ***ਇਕ ਮੀਰੀ ਦੀ ਇਕ ਪੀਰੀ ਦੀ***

*ਇਕ ਹਿੰਮਤ ਦੀ ਇਕ ਰਾਜ ਦੀ*
*ਇਕ ਰਾਖੀ ਕਰੇ ਭਗੀਰ ਦੀ।'*

ਇਹ ਵਾਰ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਡੋਲਦੇ ਹਿਰਦਿਆਂ ਨੂੰ ਸ਼ਾਂਤ ਕਰ ਉਤਸ਼ਾਹਿਤ ਕਰ ਦਿੱਤਾ ਸੀ।

ਦੂਜੀ ਵਾਰ ਦੀ ਪਉੜੀ ਹੈ—

*'ਸੱਚਾ ਤਖ਼ਤ ਸੁਹਾਯੋ ਸ੍ਰੀ ਗੁਰੂ ਪਾਇਕੈ।*
*ਛਬ ਬਰਨੀ ਨਹਿ ਜਾਇ ਕਹੋ ਕਿਆ ਗਾਇਕੈ।*
*ਰਵਿ ਸਸਿ ਭਏ ਮਲੀਨੁ ਸੁ ਦਰਸ ਦਿਖਾਇਕੈ।*
*ਸ੍ਰੀ ਗੁਰੂ ਤਖ਼ਤ ਬਿਰਾਜੈ ਪ੍ਰਭੂ ਧਿਆਇਕੈ।*
*ਮੀਰ ਅਬਦੁਲ ਔ ਨਥਾ ਜਸ ਕਹੈ ਬਨਾਇਕੈ।'*

(ਗੁਰ ਪੁਰ ਪ੍ਰਕਾਸ਼)

ਮਾਂਝ ਦੀ ਵਾਰ ਨੂੰ 'ਮਲਕ ਮੁਰੀਦ ਤੇ ਚੰਦਰਹੜਾ ਸੋਹੀਆ' ਦੀ ਧੁਨੀ ਤੇ ਗਾਉਣ ਦਾ ਹੁਕਮ ਕੀਤਾ। ਰਾਜਪੂਤ ਰਾਜੇ ਸਨ ਜੋ ਆਪਸ ਵਿਚ ਲੜ-ਲੜ ਖ਼ਤਮ ਹੋ ਗਏ। ਜਿਵੇਂ ਮਾਂ ਨੇ ਮੌਜਕੀ ਨੂੰ ਪਾਲਿਆ ਤੇ ਉਸ ਨੇ ਜੂਝ ਕੇ ਪਿਉ ਦਾ ਰਾਜ ਵਾਪਸ ਲਿਆ। ਸੁਣ ਕੇ ਮਹਾਰਾਜ ਬੜੇ ਖ਼ੁਸ਼ ਹੋਏ ਤੇ ਗਉੜੀ ਦੀ ਵਾਰ ਨੂੰ ਗਾਉਣ ਦਾ ਹੁਕਮ ਕੀਤਾ—

*'ਪਿਤਾ ਬੈਰ ਲੈ ਰਾਜ ਭਯੋ।*
*ਸੁਨ ਤਿਨ ਵਾਰ ਗੁਰ ਮੁਦ ਥਯੋ।*
*ਦੀਨ ਚੜਾਇ ਸੁ ਗਉੜੀ ਵਾਰ*
*ਇਸ ਸੁਨ ਪਰ ਗਾਵੇ ਨਿਰਧਾਰ।'*

ਜਿਵੇਂ ਟੁੰਡੇ ਅਸਰਾਜੇ ਨੇ ਆਪਣਾ ਧਰਮ ਪਾਲਿਆ। ਕਦੇ ਨਾ ਡੋਲਿਆ ਸਗੋਂ ਜਦ ਮਾਂ ਨੇ ਹੀ ਤੁਹਮਤ ਲਗਾ ਕੇ ਮਰਵਾਨਾ ਚਾਹਿਆ ਤਾਂ ਵੀ ਘਰ ਕੋਲ ਰਹਿਆ। ਜਲਾਦਾਂ ਨੇ ਤਰਸ ਖਾ ਕੇ ਘਾਹ ਵੱਢ ਦਿੱਤਾ। ਆਪਣੇ ਧਰਮ ਕਰਮ ਨਾਲ ਰਾਜ ਪਾਇਆ ਤੇ ਜਦ ਪਿਉ ਦੇ ਰਾਜ ਵਿਚ ਕਾਲ ਪਿਆ ਤਾਂ ਪੁੱਜਕੇ ਮਦਦ ਪਹੁੰਚਾਈ। ਢਾਢੀਆਂ ਕੋਲੋਂ ਵਾਰ ਸੁਣਕੇ ਆਸਾ ਦੀ ਵਾਰ ਉਸ ਧੁਨ ਤੇ ਗਾਉਣ ਦਾ ਹੁਕਮ ਕੀਤਾ।

*'ਵਾਰ ਅਨੰਦਸਰ ਸੁਨ ਗਾਈ।*
*ਪੁੰਨ ਸੁ ਆਸਾ ਵਾਰ ਚੜ੍ਹਾਈ।'*

ਜਿਵੇਂ ਇਬਰਾਹੀਮ ਨੇ ਸਕੰਦਰ ਦੀ ਬੁਰੀ ਨਜ਼ਰ ਤੋਂ ਇਕ ਬ੍ਰਾਹਮਣ ਤੇ ਉਸ ਦੀ ਬਹੂ ਨੂੰ ਬਚਾਇਆ, ਉਸ ਦੀ ਜੁਰਅੱਤ ਦੀ ਵਾਰ ਢਾਢੀਆਂ ਸੁਣਾਈ ਤਾਂ ਮਹਾਰਾਜ ਨੇ 'ਗੁਜਰੀ ਦੀ ਵਾਰ' ਉਸ ਧੁਨ 'ਤੇ ਗਾਉਣ ਦਾ ਹੁਕਮ ਕੀਤਾ।

ਜਿਵੇਂ ਬਹਲੀਆਂ ਕੋਲੋਂ ਲੱਲਨ ਨੇ ਆਪਣਾ ਵਾਅਦਾ ਪੂਰਾ ਕਰਵਾਇਆ ਤਿਸ ਦੀ ਵਾਰ ਸੁਣ ਕੇ 'ਵਡਹੰਸ ਦੀ ਵਾਰ' ਉਸ ਧੁੰਨ 'ਤੇ ਗਾਉਣ ਦਾ ਹੁਕਮ ਕੀਤਾ।

*'ਧਰਮਿ ਬਹਾਦਰ. ਸੁਨ ਗੁਰ ਵਾਰ*
*ਕੀਨ ਖਵਾਵਨ ਗ੍ਰੰਥ ਮਝਾਰ*
*ਰਾਗ ਵਾਰ ਵਡਹੰਸ ਸੁ ਜਾਨੋ।*
*ਸੁਨੀ ਸੂਚਨਾ ਭਾਹਿ ਪ੍ਰਮਾਨੇ।'*

ਜਿਵੇਂ ਦੋ ਭਰਾ ਜੋਧ ਤੇ ਵੀਰ ਨੇ ਸ਼ਾਹ ਜਹਾਨ ਨਾਲ ਲੋਹਾ ਲਿਆ ਤੇ ਕਦੇ ਈਨ ਨਾ ਮੰਨੀ, ਉਸ ਨੂੰ ਸੁਣ ਕੇ ਰਾਮਕਲੀ ਵਾਰ ਗਾਉਣ ਦਾ ਹੁਕਮ ਕੀਤਾ—

*"ਤਿੰਨੋ ਬਹਾਦਰ ਨੇ ਸੁੰਦਰ ਵਾਰ।*
*ਸੁਨੀ ਗਰੁ ਧਰਿ ਜੁਗ ਕਰਵਾਰ।*
*ਰਾਮਕਲੀ ਦੀ ਵਾਰ ਖਵਾਈ।*
*ਕੀਨ ਸੂਚਨਾ ਤਿਸ ਸੁਨ ਮਾਈ।"*

ਇਸ ਤਰ੍ਹਾਂ ਇਕ ਵੱਡੇ ਰਾਜ ਵਾਲੇ ਮਾਮੇ ਨੇ ਪਾਸ ਦੇ ਛੋਟੇ ਰਾਜੇ ਹਸਨੇ ਨੂੰ ਹੜੱਪਿਆ ਤੇ ਹਸਨੇ ਦਾ ਸਿਰ ਉਤਾਰ ਦਿੱਤਾ ਪਰ ਕੁਦਰਤ ਦੀ ਖੇਡ ਕਿ ਹਸਨੇ ਨੇ ਵੀ ਮਰਦੇ ਮਰਦੇ ਐਸਾ ਵਾਰ ਕੀਤਾ ਕਿ ਮਹਿਮਾ ਵੀ ਢਹਿ ਢੇਰੀ ਹੋ ਗਿਆ। ਉਹ ਵਾਰ ਵੀ ਸੁਣੀ ਤੇ ਸਾਰੰਗ ਦੀ ਵਾਰ ਗਾਉਣ ਦਾ ਹੁਕਮ ਕੀਤਾ।

ਮਾਲ ਦੇਉ ਜੰਮੂ ਦਾ ਰਾਜਾ ਤੇ ਕੈਲਾਸ਼ ਕਸ਼ਮੀਰ ਦਾ ਰਾਜਾ ਸੀ। ਸ਼ਾਹਜਹਾਨ ਦੋਵਾਂ ਨੂੰ ਲੜਾਉਂਦਾ ਹੀ ਰਹਿੰਦਾ ਸੀ। ਕਿਸੇ ਸਮਝਾਇਆ ਕਿ ਤੁਸੀਂ ਤਾਂ ਮੁਗ਼ਲ ਨੀਤੀ ਦਾ ਸ਼ਿਕਾਰ ਹੋ ਗਏ। ਦੋਵੇਂ ਫਿਰ ਇਕ ਹੋਏ।

*'ਜੁਗ (ਦੋਵਾਂ) ਕੋ ਚਾਲ ਸੁਤਿ ਦਿਖ ਗਈ।*
*ਮੁਲ੍ਹਾਂ ਜਗ ਸੁਨ ਭੈ ਜੁਗ ਭਈ।'*

ਇਹ ਵਾਰ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਮਲਾਰ ਦੀ ਵਾਰ ਗਾਉਣ ਦਾ ਹੁਕਮ ਕੀਤਾ।

'ਨੌਵੀਂ ਵਾਰ ਕਾਨੜਾ ਕੀ ਵਾਰ ਮੂਸੇ ਕੀ ਧੁਨੀ 'ਤੇ ਗਾਉਣ ਦਾ ਹੁਕਮ ਕੀਤਾ। ਮੂਸੇ ਨੇ ਜਦ ਵੇਖਿਆ ਕਿ ਉਸ ਨਾਲ ਜਿਸ ਦੀ ਸਗਾਈ ਹੋਈ ਹੈ ਉਹ ਕਿਸੇ ਹੋਰ ਨਾਲ ਪੈਸੇ ਦੇ ਲਾਲਚ ਵਿਚ ਉਸ ਦੇ ਪਿਉ ਨੇ ਵਿਆਹ ਦਿੱਤੀ ਹੈ ਪਰ ਹੁਣ ਉਹ ਧਰਮ ਪਾਲਣਾ ਲੋੜਦੀ ਹੈ। ਖੋਹ ਲਿਆਂਦੀ ਵੀ ਆਦਰ ਨਾਲ ਮੋੜ ਦਿੱਤੀ।

ਮੂਸੇ ਦੀ ਵਾਰ ਸੁਣ ਗੁਰੂ ਕਾਨੜੇ ਦੀ ਵਾਰ ਰਚਾਈ। ਇਸ ਤਰ੍ਹਾਂ ਗੁਰੂ ਜੀ ਨੇ ਨੌਂ ਵਾਰਾਂ ਨੂੰ ਇਨ੍ਹਾਂ ਜੋਧਿਆਂ ਦੀਆਂ ਧੁਨੀਆਂ 'ਤੇ ਗਾਉਣ ਦਾ ਹੁਕਮ ਕੀਤਾ।

ਹਰ ਵਾਰ ਦਰਸਾ ਰਹੀ ਸੀ ਕਿ ਧਰਮ ਨੂੰ ਕਿਵੇਂ ਪਹਿਲ ਦੇਣੀ ਹੈ। ਕਿਸੇ ਦੇ ਚੁੱਕ ਚੁਕਾਏ ਨਹੀਂ ਲੜਨਾ ਅਤੇ ਵੱਡੇ ਛੋਟੇ ਦੀ ਪਰਵਾਹ ਕੀਤੇ ਬਿਨਾਂ ਜੂਝਦੇ ਰਹਿਣਾ ਹੈ।

ਵਾਰਾਂ ਨੇ ਜੀਵਨ ਕਾਂਬਾ ਛੇੜ ਦਿੱਤਾ। ਅਬਦੁੱਲਾ ਤੇ ਨੱਥਮਲ ਘੁੰਮ ਘੁੰਮਾ ਕੇ ਯੁੱਧ ਕਾਵਿ ਨਾਲ ਖ਼ੂਨ ਗਰਮ ਕਰਨ ਲੱਗ ਪਏ। ਗੁਰੂ ਹਰਿਗੋਬਿੰਦ ਜੀ ਨੇ ਵਾਰਾਂ

ਨੂੰ ਖ਼ਾਸ ਮਹਾਨਤਾ ਦਿੱਤੀ।

ਵਾਰਾਂ ਨੂੰ ਗਾਉਣ ਵਿਚ ਇਤਨੀ ਤਬਦੀਲੀ ਕੀਤੀ ਕਿ ਉਹ ਹੀ ਆਸਾ ਦੀ ਵਾਰ ਜਿਸ ਦਾ ਕੀਰਤਨ ਰਬਾਬੀ ਹਰਿਮੰਦਰ ਸਾਹਿਬ ਵਿਚ ਕਰਦੇ ਸਨ ਉਸੇ ਵਾਰ ਨੂੰ ਟੂੰਡੇ ਅਸਰਾਜੇ ਦੀ ਧੁਨੀ 'ਤੇ ਢੱਡ ਨਾਲ ਉਹ ਗਾਉਂਦੇ। ਇਹ ਦੋ ਵਾਰਾਂ ਇਸ ਲਈ ਗਵਾਈਆਂ ਕਿ ਇਕ ਆਤਮਿਕ ਰੰਗ ਵਿਚ ਰੰਗੀ ਤੇ ਦੂਜੀ ਜੋਸ਼ ਉਭਾਰਦੀ ਸੀ। ਭਾਈ ਗੁਰਦਾਸ ਜੀ ਨੇ ਇਨ੍ਹਾਂ ਢਾਡੀਆਂ ਬਾਰੇ ਠੀਕ ਹੀ ਕਿਹਾ ਹੈ ਕਿ ਧਰਮ ਦੀ ਰਾਖੀ ਲਈ ਇਹ ਜ਼ਰੂਰੀ ਸੀ। ਅਬਦੁੱਲਾ ਤਾਂ ਛੇਤੀ ਹੀ ਗੁਜ਼ਰ ਗਿਆ ਪਰ ਨੱਥਮਲ ਨੇ ਲੰਮੀ ਉਮਰ ਪਾਈ। ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲਾਂ ਪਾਉਂਟਾ ਸਾਹਿਬ ਫਿਰ ਅਨੰਦਪੁਰ ਤੇ ਪਿੱਛੋਂ ਨਾਂਦੇੜ ਸਾਹਿਬ ਵੀ ਗਿਆ। ਉਸ ਨੇ 'ਅਮਰਨਾਮੇ' ਨਾਂ ਦੀ ਫ਼ਾਰਸੀ ਵਿਚ ਪੁਸਤਕ ਵੀ ਲਿਖੀ, ਜਿਸ ਵਿਚ ਦਸਮੇਸ਼ ਦੇ ਨਾਂਦੇੜ ਸਾਹਿਬ ਦੇ ਪੂਰੇ ਵਾਕਾਯਾਤ ਦਿੱਤੇ ਹੋਏ ਹਨ। ਇਸੇ ਨੱਥਮਲ ਨੇ ਹੀ ਲਿਖਿਆ ਹੈ ਕਿ ਮਹਾਰਾਜ ਨੇ ਹੁਕਮ ਕਰ ਦਿੱਤਾ ਸੀ ਕਿ ਜਦ ਨਿਸਫ ਦਿਨ ਹੋ ਜਾਏ (ਭਾਵ ਦੁਪਹਿਰ) ਦੀਵਾਨ ਵਿਚ ਢਾਢੀਆਂ ਦੀਆਂ ਵਾਰਾਂ ਗਾਵਣੀਆਂ।

ਇਹ ਵੀ ਹੁਕਮ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਕਿ ਅੰਮ੍ਰਿਤ ਦੀ ਦਾਤ ਛੇਤੀ ਲੈ ਲੈਣੀ। ਬਗ਼ੈਰ ਅੰਮ੍ਰਿਤ ਤੋਂ ਜ਼ਿੰਦਗੀ ਦਾ ਕੋਈ ਮੁੱਲ ਨਹੀਂ। ਇਹ ਵੀ ਹੁਕਮ ਕੀਤਾ ਸੀ ਕਿ ਬਿਪਰਨ ਦੀ ਰੀਤ ਤੋਂ ਸਦਾ ਬਚਣਾ।

*ਭੁਰਾ ਹਰ ਚਿਹ ਗੋਇਦ*
*ਬਰਹਮਨ ਮੁਕਨ।*
*ਅਜ਼ੀਂ ਸੁਹਬਤ ਆਲੂਦ*
*ਦਾਮਨ ਮੁਕਨ।*

ਉਸ ਦੀ ਸੰਗਤ ਨਾਲ ਆਪਣਾ ਦਾਮਨ ਦਾਗ਼ੀ ਨਾ ਕਰੀਂ।

ਇਸ ਵਿਦਵਾਨ ਢਾਡੀ ਦਾ ਅਕਾਲ ਚਲਾਣਾ ਨਾਂਦੇੜ ਵਿਖੇ ਹੀ ਹੋਇਆ ਲਗਦਾ ਹੈ।

❑ ❑ ❑

# ਸ਼ਰਧਾਲੂ ਫਕੀਰ



www.sikhbookclub.com

# ਮੀਆਂ ਮੀਰ

ਗੁਰੂ ਨਾਨਕ ਦੇਵ ਜੀ ਦੇ ਕੀਤੇ ਉਪਦੇਸ਼ ਨੂੰ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਰੂਪ ਨੂੰ ਜਦ ਗੁਰੂ ਅਰਜਨ ਦੇਵ ਜੀ ਨੇ ਅਮਲੀ ਸ਼ਕਲ ਦੇਣ ਲਈ ਹਰਿਮੰਦਰ ਰੂਪੀ ਜਹਾਜ਼ ਸੰਸਾਰ ਸਾਗਰ ਤਿਆਰ ਕਰਨਾ ਲੋੜਿਆ ਤਾਂ ਜਿਸ ਕੋਲੋਂ ਨੀਂਹ ਧਰਾਉਣ ਦਾ ਖ਼ਿਆਲ ਆਇਆ ਉਹ ਮੀਆਂ ਮੀਰ ਸਨ। ਬੂਟੇ ਸ਼ਾਹ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਆਪੂੰ ਲਾਹੌਰ ਆਏ। ਮੀਆਂ ਮੀਰ ਨੂੰ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਲਈ ਆਖਿਆ। ਉਸ ਵੇਲੇ ਅਕਬਰ ਪਾਸ ਖੜ੍ਹਾ ਸੀ। ਜਿਸ ਨਿਮਰਤਾ ਨਾਲ ਗੁਰੂ ਜੀ ਨੇ ਨੀਂਹ ਰੱਖਣ ਲਈ ਕਿਹਾ ਉਸ ਨੂੰ ਸੁਣ ਕੇ ਮੀਆਂ ਮੀਰ ਨੇ ਕਿਹਾ :

***"ਗੁਰੂ ਅਰਜਨ ਦੇਵ ਜੀ***
***ਆਪ ਦੀ ਉਮੱਤ ਰਾਜ ਕਰੇਗੀ"***

ਜਦ ਤੱਕ ਕੌਮ ਸ੍ਰੀ ਦਰਬਾਰ ਸਾਹਿਬ ਦੀ ਹਰਿ ਕੀ ਪਉੜੀ 'ਤੇ ਚੂਲ੍ਹੇ ਭਰ ਪੀਂਦੀ ਰਵ੍ਹੇਗੀ, ਅੱਖਾਂ 'ਤੇ ਛੱਟੇ ਮਾਰਦੀ ਰਵ੍ਹੇਗੀ, ਮੀਆਂ ਮੀਰ ਜੀ ਦਾ ਨਾਂ ਸਿੱਖ ਆਦਰ ਨਾਲ ਲੈਂਦੇ ਰਹਿਣਗੇ। ਇਕ ਸ਼ਾਇਰ ਨੇ ਇਸੇ ਲਈ ਲਿਖਿਆ ਸੀ :

***"ਹਰਿਮੰਦਰ ਕੀ ਬੁਨਿਆਦ ਕੀ ਈਂਟੇਂ***
***ਦੇ ਰਹੀ ਹੈਂ ਗਵਾਹੀ।***
***ਕਭੀ ਅਹਿਲੇ ਮਜ਼ਾਹਬ ਮੇ ਦੋਸਤੀ ਮੁਸਕਰਾਈ ਥੀ।"***

ਚਾਰ ਇੱਟਾਂ ਚਾਰ ਪਾਸਿਆਂ 'ਤੇ ਅਤੇ ਇਕ ਇੱਟ ਵਿਚਕਾਰ ਰੱਖੀ। ਮਿਸਤਰੀਆਂ ਨੇ ਵਿਚਕਾਰਲੀ ਇੱਟ ਚੁੱਕ ਕੇ ਆਪਣੇ ਹਿਸਾਬ ਨਾਲ ਰੱਖੀ। ਅਜੀਬ ਸੁੰਦਰਤਾ ਤੇ ਸੱਜ-ਧੱਜ ਦੇਖਣਯੋਗ ਸੀ। ਸਾਂਝਾਂ ਹੋਰ ਪੱਕੀਆਂ ਹੋ ਗਈਆਂ।

ਮੀਆਂ ਮੀਰ ਜੀ ਦਾ ਪੂਰਾ ਨਾਂ "ਮੀਰ ਮੁਈਨ-ਉਲ ਅਸਲਾਮ" ਸੀ। ਲੋਕੀਂ ਆਦਰ ਤੇ ਸਤਿਕਾਰ ਨਾਲ ਮੀਆਂ ਮੀਰ ਕਹਿੰਦੇ ਸਨ। ਆਪ ਜੀ ਦਾ ਜਨਮ ਕਾਜ਼ੀ ਸਾਈਂ ਦਿੱਤਾ ਦੇ ਘਰ 1531 ਈ: ਨੂੰ ਸੀਸਤਾਨ ਵਿਚ ਹੋਇਆ। ਸੀਸਤਾਨ ਠੱਠਾ ਤੇ ਭੱਕਰ ਵਿਚਕਾਰ ਇਕ ਪ੍ਰਸਿੱਧ ਮੰਡੀ ਸੀ। ਉਨ੍ਹਾਂ ਦੇ ਦਾਦਾ ਦਾ ਨਾਂ ਕਾਜ਼ੀ ਕਲੰਦਰ ਫ਼ਾਰੂਕੀ ਸੀ ਜੋ 28ਵੀਂ ਪੁਸ਼ਤ ਵਿਚ ਹਜਰਤ ਫ਼ਾਰੂਕ ਆਜ਼ਮ ਨਾਲ ਜਾ ਮਿਲਦੇ ਸਨ। ਆਪ ਜੀ ਦੇ ਤਿੰਨ ਭਰਾ ਕਾਜ਼ੀ ਬੋਲਣ, ਕਾਜ਼ੀ ਉਸਮਾਨ ਅਤੇ ਕਾਜ਼ੀ ਤਾਹਿਰ ਤੇ ਦੋ ਭੈਣਾਂ ਜਮਾਲ ਤੇ ਜਲਾਲ ਸਨ।

ਬਚਪਨ ਤੋਂ ਹੀ ਮੀਆਂ ਮੀਰ ਜੀ ਦੀ ਲਗਨ ਰੱਬ ਨਾਲ ਜੁੜੀ ਰਹਿੰਦੀ ਸੀ। ਜਦ ਲਾਹੌਰ ਆ ਕੇ ਮੌਲਾਨਾ ਸਯਦ ਅਲਾਹ ਤੇ ਮੌਲਾਨਾ ਨਿਆਮਤ ਪਾਸੋਂ ਤਾਲੀਮ ਪਾਈ ਤਾਂ ਆਪ ਸਭ ਵਿਦਿਆਰਥੀਆਂ ਵਿਚੋਂ ਬਾਜ਼ੀ ਮਾਰ ਗਏ। ਉਸ ਵਕਤ ਆਪ

ਜੀ ਦੀ ਉਮਰ ਪੰਝੀ ਸਾਲ ਦੀ ਸੀ। ਮੀਆਂ ਮੀਰ ਦੀ ਵਡਿਆਈ ਚਾਰੇ ਪਾਸੇ ਫੈਲਣ ਲੱਗੀ। ਆਪ ਜੀ ਦੇ ਕਈ ਸ਼ਰਧਾਲੂ ਬਣ ਗਏ। ਮੀਆਂ ਮੀਰ ਜੀ ਸਿਰਫ਼ ਮੁਸਲਮਾਨਾਂ ਦੇ ਪੀਰ ਨਹੀਂ ਸਨ। ਗੁਰੂ ਸਾਹਿਬਾਨ ਦੇ ਪਰਮ ਧਰਮ ਮਿੱਤਰ, ਅਕਬਰ, ਜਹਾਂਗੀਰ, ਨੂਰਜਹਾਨ, ਸ਼ਾਹਜਹਾਨ ਤੇ ਦਾਰਾ ਸ਼ਿਕੋਹ ਦੇ ਮੁਰਸ਼ਦ ਸਨ। ਆਪ ਜੀ ਦੀ ਸ਼ਖ਼ਸੀਅਤ ਬੜੀ ਖਿੱਚ ਪਾਉਣ ਵਾਲੀ ਸੀ।

ਜਦ ਗੁਰੂ ਅਰਜਨ ਦੇਵ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਆਪ ਜੀ ਨੇ ਦਸਤਾਰ ਭੇਜੀ। (ਗੁਰੂ) ਅਰਜਨ ਦੇਵ ਜੀ ਨਾਲ ਮੀਆਂ ਮੀਰ ਦੀ ਪਹਿਲੀ ਮੁਲਾਕਾਤ ਭਾਈ ਸਹਾਰੀ ਮੱਲ ਦੇ ਪੁੱਤਰ ਦੀ ਸ਼ਾਦੀ ਸਮੇਂ ਹੋਈ ਸੀ। ਜਦ (ਗੁਰੂ) ਅਰਜਨ ਦੇਵ ਜੀ ਪਿਤਾ ਦੀ ਆਗਿਆ ਮੰਨ ਲਾਹੌਰ ਆਏ ਸਨ। ਗੁਰੂ ਅਰਜਨ ਦੇਵ ਜੀ ਨੇ ਮੀਆਂ ਮੀਰ ਨੂੰ ਗਹਿਰ ਗੰਭੀਰ ਤੇ ਪੀਰਾਂ ਦਾ ਪੀਰ ਕਿਹਾ ਸੀ, 'ਮੀਆਂ ਮੀਰ ਸੁਧੀਰ ਗੰਭੀਰ'।

ਗੁਰੂ ਅਰਜਨ ਦੇਵ ਜੀ ਮੀਆਂ ਮੀਰ ਦਾ ਬੜਾ ਮਾਣ ਕਰਦੇ ਤੇ ਕਿਹਾ ਕਰਦੇ ਕਿ ਸਵੱਛ ਹਿਰਦੇ ਅਤੇ ਆਤਮਾ-ਦੇਵ ਦੀ ਪਛਾਣ ਵਾਲਾ ਉਨ੍ਹਾਂ ਦੇ ਟਾਕਰੇ ਦਾ ਕੋਈ ਵੀ ਪੁਰਸ਼ ਇਸ ਸਮੇਂ ਮਿਲਣਾ ਮੁਸ਼ਕਲ ਹੈ। ਮੀਆਂ ਮੀਰ ਜੀ ਨੇ ਆਪਣਾ ਪੱਕਾ ਟਿਕਾਣਾ ਲਾਹੌਰ ਰੱਖਣ ਦਾ ਫ਼ੈਸਲਾ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੇਲੇ ਜਿਤਨਾ ਮੀਆਂ ਮੀਰ ਤੜਫੇ ਸਨ ਸ਼ਾਇਦ ਹੀ ਇਤਨਾ ਕੋਈ ਹੋਰ ਤੜਫਿਆ ਹੋਵੇ। ਮਹਾਰਾਜ ਨੇ ਕਿਹਾ ਸੀ :

*"ਕਿਆ ਹੂਆ ਤਨ ਤਪ ਰਹਿਆ ਹੈ*
*ਸ਼ਾਂਤ ਹੈਂ ਹਰੀ ਨਾਮ ਮੇਂ।"*

ਮੀਆਂ ਮੀਰ ਨੂੰ ਸਮਝਾਂਦੇ ਕਿਹਾ ਸੀ ਕਿ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਬਣਦਾ ਹੈ। ਇਹ ਤਸੀਹੇ ਇਸ ਲਈ ਸਹਾਰ ਰਹੇ ਹਾਂ ਤਾਂ ਕਿ ਸਿੱਖਾਂ ਲਈ ਕੋਈ ਆਦਰਸ਼ ਬਣ ਸਕੇ।

ਮੀਆਂ ਮੀਰ ਜੀ ਨੇ ਸ਼ਹਾਦਤ ਪਿੱਛੋਂ ਗੁਰੂ ਹਰਿਗੋਬਿੰਦ ਜੀ ਨਾਲ ਉਸੇ ਤਰ੍ਹਾਂ ਪਿਆਰ ਜਾਰੀ ਰੱਖਿਆ। ਜਦ ਉਨ੍ਹਾਂ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਦਾ ਹਾਲ ਸੁਣਿਆ ਤਾਂ ਬਹੁਤ ਦੁਖੀ ਹੋਏ। ਆਪ ਟੁਰ ਕੇ ਦਿੱਲੀ ਗਏ ਤੇ ਸਭ ਪੀਰਾਂ, ਫ਼ਕੀਰਾਂ ਤੇ ਵਲੀਆਂ ਨੂੰ ਗੁਰੂ ਹਰਿਗੋਬਿੰਦ ਜੀ ਦੀ ਅਜ਼ਮਤ ਤੇ ਪ੍ਰਤਿਭਾ ਦਰਸਾਈ। ਜਹਾਂਗੀਰ ਨੇ ਰਿਹਾਅ ਕੀਤਾ ਤਾਂ ਹੀ ਮੀਆਂ ਮੀਰ ਜੀ ਵਾਪਸ ਲਾਹੌਰ ਮੁੜੇ। ਗੁਰੂ ਹਰਿਗੋਬਿੰਦ ਜੀ ਨੂੰ ਉਹ ਅੱਲਾਹ ਦਾ ਨੂਰ ਕਹਿੰਦੇ ਸਨ। ਜਦ ਇਕ ਵਾਰੀ ਕੁਝ ਕੱਟੜ ਲੋਕਾਂ ਨੇ ਸ਼ਾਹ ਜਹਾਨ ਪਾਸ ਸ਼ਕਾਇਤ ਵੀ ਕੀਤੀ ਤਾਂ ਸ਼ਾਹ ਜਹਾਨ ਦੇ ਪੁੱਛਣ 'ਤੇ ਮੀਆਂ ਮੀਰ ਜੀ ਨੇ ਕਿਹਾ : ਜਦ ਮੈਂ ਅੱਲਾਹ ਦੇ ਦਰਬਾਰ ਵਿਚ ਜਾਂਦਾ ਹਾਂ ਤਾਂ ਉੱਥੇ ਮਸਨਦ ਉੱਤੇ ਗੁਰੂ ਹਰਿਗੋਬਿੰਦ ਜੀ ਵਰਗੀ ਮੂਰਤ ਹੀ ਦੇਖਦਾ ਹਾਂ। ਉਨ੍ਹਾਂ ਦਾ ਮਨ ਪਵਿੱਤਰ ਹੈ, ਉਨ੍ਹਾਂ ਦੇ ਬਚਨ ਦਿਲ 'ਤੇ ਅਸਰ ਪਾਂਦੇ ਹਨ। ਜਿਹੜੇ

ਮਨੁੱਖ ਗੁਰੂ ਜੀ ਦੇ ਬਚਨ ਸੁਣਦੇ ਹਨ ਉਨ੍ਹਾਂ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਇਸੇ ਕਰਕੇ ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ।

ਗੁਰੂ ਹਰਿਗੋਬਿੰਦ ਜੀ ਵੀ ਕਈ ਵਾਰੀ ਮੀਆਂ ਮੀਰ ਜੀ ਪਾਸ ਗਏ। ਪਹਿਲੀ ਮਿਲਣੀ ਦਾ ਜ਼ਿਕਰ ਸਿੱਖ ਇਤਿਹਾਸ ਨੇ ਕਰਦੇ ਲਿਖਿਆ ਹੈ ਜਿਵੇਂ ਦੋ ਸ਼ੀਸ਼ੇ ਸਾਹਮਣੇ ਰੱਖ ਦਈਏ। *'ਮਾਨੋ ਦੁਇ ਦਰਪਨ ਸਨਮੁਖ ਕਰੈ'।*

ਮੀਆਂ ਮੀਰ ਜੀ ਦਾ ਸੁਭਾਅ ਹੀ ਐਸਾ ਸੀ ਕਿ ਆਪਣੀ ਮੌਜ ਵਿਚ ਰਹਿੰਦੇ। ਕਦੀ ਵਜੂਦ ਵਿਚ ਆ ਜੰਗਲ, ਬਾਗ਼ਾਂ, ਮਜ਼ਾਰਾਂ ਵੱਲ ਚਲੇ ਜਾਂਦੇ। ਵਿੱਦਿਆ ਪ੍ਰਾਪਤੀ ਤੋਂ ਬਾਅਦ ਸਰਹੰਦ ਆ ਗਏ। ਉੱਥੇ ਇਕ ਚੇਲਾ ਗਾਜ਼ੀ ਨਿਆਮਤ ਨੇ ਉਨ੍ਹਾਂ ਦੀ ਕਾਫ਼ੀ ਸੇਵਾ ਕੀਤੀ। ਕੁਝ ਸਮੇਂ ਬਾਅਦ ਆਪ ਮੁੜ ਲਾਹੌਰ ਆ ਗਏ। ਆਪਣਾ ਟਿਕਾਣਾ ਮਹੱਲਾ ਖ਼ਾਨਪੁਰਾ ਵਿਚ ਬਣਾਇਆ ਤੇ ਅੰਤਿਮ ਸਮੇਂ ਤੱਕ ਉੱਥੇ ਹੀ ਰਹੇ।

ਮੀਆਂ ਮੀਰ ਜੀ ਦਾ ਰਹਿਣ ਦਾ, ਖਾਣ-ਪੀਣ ਦਾ, ਸੌਣ ਦਾ ਆਪਣਾ ਹੀ ਇਕ ਅੱਡ ਤਰੀਕਾ ਸੀ। ਚੇਲੇ ਵੀ ਬਣਾਉਂਦੇ ਤੇ ਬੜੀ ਇਹਤਿਆਤ ਨਾਲ। ਆਖਿਆ ਕਰਦੇ ਸਨ ਕਿ ਚੇਲਾ ਉਹੀ ਬਣ ਸਕਦਾ ਹੈ ਜੋ ਦੁਨੀਆਂ ਤਿਆਗ ਕੇ ਆਵੇ ਤੇ ਘਰਾਂ ਦੇ ਸੁੱਖ ਦੀ ਆਸ ਵੀ ਨਾ ਰੱਖੇ।

*'ਸ਼ਰਤੇ ਅਵਲ ਦਰ ਤਰੀਕੇ ਮਾਅਰਫਤ ਦਾਨੀ ਕਿ ਚੀਸਤ।*
*ਤਰਕ ਕਰਦਨ ਹਰ ਦੋ ਆਲਮ ਰਾਵ ਪੁਸ਼ਤੇ-ਪਾ-ਜ਼ੇਦਨ।'*

ਔਰਤਾਂ ਨੂੰ ਚੇਲਾ ਬਣਾਉਣ ਵਿਚ ਹੱਦ ਹੀ ਸੰਭਾਲ ਕਰਦੇ ਸਨ। ਇਥੋਂ ਤੱਕ ਕਿ ਸ਼ਾਹਜਹਾਨ ਦੀ ਭੈਣ ਨਾਦਰਾ ਬੇਗਮ ਨੂੰ ਵੀ ਵੱਡੀ ਹੋਣ ਤੇ ਆਪਣੇ ਕੋਲ ਆਉਣ ਤੋਂ ਵਰਜ ਦਿੱਤਾ। ਕੇਵਲ ਜਹਾਨ ਆਰਾ ਬੇਗਮ ਨੂੰ ਸੇਵਕੀ ਦੇ ਦਾਇਰੇ ਵਿਚ ਲਿਆਏ, ਜਿਹੜੀ ਪਹਿਲਾਂ ਚਿਸ਼ਤੀ ਦੀ ਚੇਲੀ ਸੀ।

ਮੀਆਂ ਮੀਰ ਜੀ ਬੜੇ ਸੰਜਮ ਵਾਲੇ ਸਨ ਤੇ ਸੇਵਕਾਂ ਨੂੰ ਵੀ ਸੰਜਮ ਵਿਚ ਰਹਿਣ ਲਈ ਆਖਦੇ। ਆਪ ਵੀ ਘੱਟ ਖਾਂਦੇ, ਥੋੜ੍ਹਾ ਸੌਂਦੇ, ਘੱਟ ਬੋਲਦੇ ਤੇ ਸੇਵਕਾਂ ਨੂੰ ਵੀ ਇਹ ਹੀ ਆਖਦੇ। ਖਾਣਾ ਮਿੱਟੀ ਦੇ ਬਰਤਨਾਂ ਵਿਚ ਖਾਂਦੇ। ਜੇ ਕੋਈ ਕੁਝ ਦੇ ਜਾਂਦਾ ਤਾਂ ਥੋੜ੍ਹਾ ਜਿਹਾ ਖਾ ਲੈਂਦੇ ਤੇ ਬਾਕੀ ਵੰਡ ਦਿੰਦੇ।

ਲਿਬਾਸ ਬੜਾ ਹੀ ਸਾਦਾ ਰੱਖਿਆ। ਸਿਰ ਉੱਤੇ ਸਦਾ ਪਗੜੀ ਹੀ ਰੱਖਦੇ ਅਤੇ ਮੋਟੇ ਕੱਪੜੇ ਦਾ ਕੁੜਤਾ ਪਹਿਨਦੇ। ਕੱਪੜੇ ਆਪ ਹੀ ਧੋਂਦੇ ਤੇ ਬੜੇ ਸਫ਼ਾਈ ਪਸੰਦ ਸਨ।

ਮੀਆਂ ਮੀਰ ਜੀ ਹੋਰ ਸੂਫ਼ੀ ਸੰਤਾਂ ਵਾਂਗ ਆਪਣੇ ਆਸ-ਪਾਸ ਲੋਕਾਂ ਦੀ ਭੀੜ ਪਸੰਦ ਨਹੀਂ ਸਨ ਕਰਦੇ। ਚਾਹੇ ਆਪ ਜੀ ਦੇ ਦਰਸ਼ਨਾਂ ਨੂੰ ਦੂਰੋਂ-ਦੂਰੋਂ ਲੋਕੀਂ ਆਉਂਦੇ। ਸਿਰਫ ਨੱਥਾ ਹੀ ਸੀ ਜਿਸ ਨਾਲ ਲਗਾਅ ਰੱਖਦੇ। ਇਤਨਾ ਪਿਆਰ ਸੀ ਕਿ ਮਰਨ ਬਾਅਦ ਦੋਹਾਂ ਦੀ ਕਬਰ ਵੀ ਨਾਲ-ਨਾਲ ਬਣੀ।

ਜਹਾਂਗੀਰ, ਨੂਰਜਹਾਨ, ਸ਼ਾਹਜਹਾਨ ਤੇ ਦਾਰਾ ਸ਼ਿਕੋਹ ਦਰਸ਼ਨ ਲਈ ਕਈ ਵਾਰ ਇਨ੍ਹਾਂ ਦੇ ਹੁੱਜੇ ਆਉਂਦੇ। ਉਂਜ ਇਕਾਂਤ ਪਸੰਦ ਸਨ ਪਰ ਨਿਮਾਜ਼ ਸਾਂਝੀ ਪੜ੍ਹਦੇ। ਬਾਕੀ ਸਮਾਂ ਆਪ ਇਕੱਲੇ ਪ੍ਰਭੂ ਦੀ ਭਗਤੀ ਵਿਚ ਗੁਜ਼ਾਰਦੇ। ਜੇ ਕੋਈ ਕਮਰੇ ਨੂੰ ਵਾਰ-ਵਾਰ ਖੜਕਾਂਦਾ ਤਾਂ ਦਰਸ਼ਨ ਕਰਨ ਵਾਲਿਆਂ ਨੂੰ ਆਖਦੇ : ਭਲੇ ਲੋਕ! ਤੈਨੂੰ ਵੀ ਆਖ਼ਰ ਕੋਈ ਕੰਮ ਹੈ ਤੇ ਸਾਨੂੰ ਵੀ। ਬੇਕਾਰ ਬੈਠਣ ਦਾ ਕੀ ਲਾਭ, ਤੁਸੀਂ ਆਪਣਾ ਕੰਮ ਕਰੋ ਤੇ ਸਾਨੂੰ ਆਪਣਾ ਕਰਨ ਦਿਓ।

ਮੀਆਂ ਮੀਰ ਜੀ ਵਿਚ ਐਸੀ ਖਿੱਚ ਸੀ ਕਿ ਜੋ ਵੀ ਦਰਸ਼ਨਾਂ ਨੂੰ ਆਇਆ ਬੜਾ ਹੀ ਪ੍ਰਭਾਵਿਤ ਹੋਇਆ। ਉਨ੍ਹਾਂ ਦੇ ਬਚਨਾਂ ਵਿਚ ਐਸਾ ਜਾਦੂ ਸੀ ਕਿ ਜਹਾਂਗੀਰ ਨੂੰ ਇਕ ਵਾਰ ਕਹਿਣ 'ਤੇ ਜਹਾਂਗੀਰ ਨੇ ਮਾਸ ਤੇ ਸ਼ਰਾਬ ਘੱਟ ਕਰ ਦਿੱਤੀ। ਖ਼ੁਸ਼ ਹੋ ਕੇ ਉਸ ਇਕ ਮਿਰਗ ਛਾਲਾ ਭੇਟ ਕੀਤੀ ਪਰ ਉਹ ਵੀ ਆਪ ਨੇ ਕਦੇ ਵੀ ਹੇਠ ਨਾ ਵਿਛਾਈ। ਸਿਰਫ ਬੋਰੀਆਂ ਹੀ ਵਿੱਛੀਆਂ ਹੁੰਦੀਆਂ ਸਨ। ਜਹਾਂਗੀਰ ਨੇ ਤੁਜ਼ਕਿ ਜਹਾਂਗੀਰੀ ਵਿਚ ਲਿਖਿਆ ਸੀ ਕਿ ਉਨ੍ਹਾਂ ਵਰਗਾ ਦਰਵੇਸ਼ ਤੇ ਬੇਪ੍ਰਵਾਹ ਮਿਲਣਾ ਕਠਿਨ ਹੈ।

ਸ਼ਾਹਜਹਾਨ ਦੋ ਵਾਰੀ ਮਿਲਿਆ। ਆਪ ਨੇ ਪਰਜਾ ਨੂੰ ਖ਼ੁਸ਼ਹਾਲ ਰੱਖਣ ਬਾਰੇ ਆਖਿਆ। ਦਾਰਾ ਸ਼ਿਕੋਹ ਜਦ ਬੀਮਾਰ ਹੋਇਆ ਤਾਂ ਗੁਰੂ ਹਰਿ ਰਾਇ ਜੀ ਨੇ ਉਚੇਚੀ ਦੁਆ ਭੇਜੀ। ਮੀਆਂ ਮੀਰ ਜੀ ਦੁਆਵਾਂ ਕਰਦੇ ਰਹੇ। ਰਾਜ਼ੀ ਹੋਣ 'ਤੇ ਦਾਰਾ ਸ਼ਿਕੋਹ ਨੰਗੀਂ ਪੈਰੀਂ ਆਪ ਜੀ ਦੇ ਦਰਸ਼ਨਾਂ ਨੂੰ ਆਇਆ। ਸ਼ਾਹਜਹਾਨ ਨੇ ਕਈ ਕੁਝ ਭੇਟ ਕਰਨਾ ਚਾਹਿਆ ਪਰ ਆਪ ਜੀ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਕੇਵਲ ਇਕ ਖਜੂਰਾਂ ਦੀ ਮਾਲਾ ਸਵੀਕਾਰ ਕੀਤੀ।

ਨੂਰਜਹਾਨ ਵੀ ਆਪ ਜੀ ਦੀ ਬੜੀ ਸ਼ਰਧਾਲੂ ਸੀ। ਨਿਰਭੈ ਇਤਨੇ ਸਨ ਕਿ ਕਿਸੇ ਦੀ ਵੀ ਪਰਵਾਹ ਨਹੀਂ ਕਰਦੇ ਸਨ। ਜਦ ਨੂਰਜਹਾਨ ਨੇ ਆਪਣੇ ਜਵਾਈ, ਸ਼ਹਿਰਯਾਰ ਨੂੰ ਜਹਾਂਗੀਰ ਪਿੱਛੋਂ ਬਾਦਸ਼ਾਹ ਬਣਾ ਦਿੱਤਾ ਤਾਂ ਮੀਆਂ ਮੀਰ ਪਾਸ ਸ਼ਹਿਰਯਾਰ ਨੇ ਸੁਨੇਹਾ ਭੇਜਿਆ ਕਿ ਜਾਂ ਉਹ ਆਪ ਆਉਣ ਜਾਂ ਦਸਤਾਰ ਭੇਜਣ। ਉਨ੍ਹਾਂ ਇਹ ਕਹਿ ਕੇ ਟਾਲ ਦਿੱਤਾ ਕਿ ਫ਼ਕੀਰਾਂ ਨੂੰ ਬਾਦਸ਼ਾਹੀ ਕੰਮਾਂ ਨਾਲ ਕੀ ਵਾਸਤਾ। ਇਕ ਮਹੀਨੇ ਵਿਚ ਹੀ ਸ਼ਹਿਰਯਾਰ ਨੂੰ ਅੰਨ੍ਹਾ ਕਰਕੇ ਮਾਰ ਦਿੱਤਾ ਗਿਆ। ਸ਼ਹਿਰਯਾਰ ਨੂੰ ਮੀਆਂ ਮੀਰ ਜੀ ਕਿਸੇ ਕੰਮ ਦਾ ਨਹੀਂ ਸਮਝਦੇ ਸਨ।

ਆਪ ਜੀ ਦੇ ਸੇਵਕਾਂ ਵਿਚੋਂ ਬੁਲ੍ਹੇ ਸ਼ਾਹ ਬੜਾ ਹੀ ਪ੍ਰਸਿੱਧ ਸੇਵਕ ਹੋਇਆ। ਹੋਰ ਵੀ ਕਿਤਨੇ ਹੀ ਸੇਵਕ ਸਨ। ਹਜ਼ਰਤ ਮੁਲਾ, ਸ਼ਾਹ ਬਦਖਸ਼ਾਨੀ, ਹਾਜੀ ਨਿਆਮਤ, ਅਲਾਹ ਸਰਹੰਦੀ, ਮੀਆਂ ਨੱਕਾ ਲਾਹੌਰੀ, ਖ਼ਵਾਜਾ ਬਿਹਾਰੀ, ਮੁਲਾ ਮੁਹੰਮਦ ਸਿਆਲਕੋਟੀ, ਹਾਜੀ ਮੁਸਤਫ਼ਾ ਸਰਹੰਦੀ, ਮੁੱਲਾ ਹਾਜਦ ਗੁਜਰ, ਮੁਲਾ ਰੂਹੀ ਇਬਰਾਹਿਮ, ਮੁੱਲਾ ਖ਼ਵਾਜਾ ਮਹਿਲਾ ਲਾਹੌਰੀ, ਹਾਜੀ ਸਾਲਅ ਕਸ਼ਮੀਰੀ, ਸ਼ੇਖ਼ ਅਬੂ ਅਲਮਕਾਰਮ, ਮੁਲਾ ਮੁਹੰਮਦ ਸਯੀਦ ਕਸ਼ਮੀਰੀ, ਮੀਆਂ ਮੁਫਤੀ ਮੁਹੰਮਦ ਮੁਰਾਦ


www.sikhbookclub.com

ਲਾਹੌਰੀ ਵਰਗੇ ਵਿਅਕਤੀ ਸ਼ਾਮਲ ਸਨ।

ਪੰਜ ਦਿਨ ਬੀਮਾਰ ਰਹਿ ਕੇ ਮੀਆਂ ਮੀਰ ਦਾ ਸੰਨ 1634 ਵਿਚ ਦੇਹਾਂਤ ਹੋ ਗਿਆ। ਵਜ਼ੀਰ ਖ਼ਾਨ ਜੋ ਪ੍ਰਸਿੱਧ ਹਕੀਮ ਵੀ ਸੀ, ਕਸ਼ਮੀਰ ਤੋਂ ਉਚੇਚਾ ਆਇਆ। ਉਸ ਨੇ ਜਦੋਂ ਇਲਾਜ ਕਰਨਾ ਚਾਹਿਆ ਤਾਂ ਮੀਆਂ ਮੀਰ ਨੇ ਕਿਹਾ : ***ਹੁਣ ਵੱਡਾ ਹਕੀਮ ਹੀ ਠੀਕ ਹੈ।*** ਭਾਵ ਆਪਣਾ ਅੰਤਿਮ ਸਮਾਂ ਉਨ੍ਹਾਂ ਅਨੁਭਵ ਕਰ ਲਿਆ ਸੀ। ਲਾਹੌਰ ਤੋਂ ਅੱਧੇ ਕੋਹ ਉੱਤੇ ਉਨ੍ਹਾਂ ਨੂੰ ਦਫ਼ਨਾ ਦਿੱਤਾ ਗਿਆ। ਮੀਆਂ ਮੀਰ ਦੇ ਮਕਬਰੇ ਤੇ ਸਿਰਫ਼ 'ਯਾ ਅਲ੍ਹਾਹ ਇਲ ਇਲਾਹ' ਹੀ ਲਿਖਿਆ ਹੈ। ਮੁਹੰਮਦ ਰਸੂਲ ਨਾ ਲਿਖ ਕੇ ਉਨ੍ਹਾਂ ਦਰਸਾ ਦਿੱਤਾ ਕਿ ਅਲਾਹ ਦੇ ਹੋਰ ਵੀ ਕਈ ਪਿਆਰੇ ਜਗਤ ਵਿਚ ਆ ਕੇ ਰਹਿੰਦੇ ਹਨ। ਗੱਲ ਕੀ, ਮੀਆਂ ਮੀਰ ਜੀ ਅਲਾਹ ਦੇ ਪਿਆਰੇ, ਅਲ੍ਹਾਹ ਦੀਆਂ ਬਰਕਤਾਂ ਨਾਲ ਵਰੋਸਾਏ ਹੋਏ, ਦਿਲ ਸੂਰਜ ਦੀ ਤਰ੍ਹਾਂ ਰੌਸ਼ਨ, ਸ਼ੀਸ਼ੇ ਤੋਂ ਜ਼ਿਆਦਾ ਸਾਫ਼ ਤੇ ਦੁਨੀਆਂ ਦੀ ਕੋਈ ਵੀ ਮੈਲ ਲੱਗੀ ਹੋਈ ਨਹੀਂ :

***ਮੀਆਂ ਮੀਰ ਫ਼ਕੀਰ ਬਡ ਕੁਤਬ ਮਰਤਬਾ ਤਾਮ।***
***ਸਦਾ ਮੁਰਾਕਬੇ ਮੋ ਰਹੇ ਨਹੀਂ ਕਛੁ ਪਰਵਾਹ॥***

(ਮਹਿਮਾ ਪ੍ਰਕਾਸ਼)

❑ ❑ ❑


www.sikhbookclub.com

# ਵਜ਼ੀਰ ਖ਼ਾਨ

ਚਾਰੇ ਪਾਸੇ ਯੁੱਧ ਦਾ ਵਾਤਾਵਰਣ ਛਾਇਆ ਹੋਇਆ ਸੀ। ਐਸੇ ਵਿਚ ਕੋਈ ਸਲਾਹਕਾਰ ਠੀਕ ਹੋਵੇ ਤਾਂ ਯੁੱਧ ਦੇ ਨਤੀਜੇ ਸਾਫ਼ ਨਜ਼ਰ ਆਉਂਦੇ ਹਨ। ਵਜ਼ੀਰ ਖ਼ਾਨ ਐਸਾ ਸੀ ਜੋ ਗੱਲ ਮੁਕਾਂਦਾ ਰਿਹਾ। ਸ਼ਾਹਜਹਾਨ ਨੂੰ ਗੁਰੂ ਹਰਿਗੋਬਿੰਦ ਜੀ ਦੇ ਖ਼ਿਲਾਫ਼ ਚੁੱਕਣ ਵਾਲੇ ਬਹੁਤ ਸਨ ਪਰ ਸ਼ਾਹਜਹਾਨ ਨੂੰ ਸਹੀ ਤੇ ਠੀਕ ਸਲਾਹ ਦੇਣ ਵਾਲਾ ਵਜ਼ੀਰ ਖ਼ਾਨ ਹੀ ਸੀ ਤਾਂ ਹੀ ਤਾਂ ਯੁੱਧ ਦੇ ਨਤੀਜੇ ਐਨੇ ਸਪੱਸ਼ਟ ਤੇ ਸਾਫ਼ ਸਨ।

ਵਜ਼ੀਰ ਖ਼ਾਨ ਉਨ੍ਹਾਂ ਨੂੰ ਸ਼ਾਹਜਹਾਨ ਵੱਲੋਂ ਮਿਲਿਆ ਲਕਬ ਸੀ। ਉਨ੍ਹਾਂ ਦਾ ਪੂਰਾ ਨਾਂ 'ਅਲੀਮ-ਉਦੀਨ ਅਨਸਾਰੀ' ਸੀ। ਥਾਮਸ ਵਿਲੀਅਮ ਬੇਐਲ (Thomas William Beal) ਨੇ ਓਰੀਐਂਟਲ ਬਾਇਓਗ੍ਰਾਫੀਕਲ ਡਿਕਸ਼ਨਰੀ ਵਿਚ ਇਹ ਹੀ ਲਿਖਿਆ ਹੈ, ਉਨ੍ਹਾਂ ਦੀ ਲਿਆਕਤ ਦੇ ਸਦਕੇ ਹੀ ਪੰਜਾਬ ਦੀ ਸੂਬੇਦਾਰੀ ਸ਼ਾਹਜਹਾਨ ਨੇ ਉਨ੍ਹਾਂ ਨੂੰ ਸੌਂਪੀ ਸੀ। ਉਹ ਚਿਨਉਟ (ਜ਼ਿਲ੍ਹਾ ਝੰਗ) ਦੇ ਰਹਿਣ ਵਾਲੇ ਸਨ। ਚਿਨਉਟ ਕਈ ਹੋਰ ਪ੍ਰਸਿੱਧ ਵਿਅਕਤੀਆਂ ਦਾ ਵੀ ਘਰ ਹੋਣ ਕਾਰਨ ਪ੍ਰਸਿੱਧ ਸੀ। ਅਲਾਮਾ ਸਯਦ ਅਲਾਹ ਖ਼ਾਨ ਵੀ ਉਥੋਂ ਦੇ ਰਹਿਣ ਵਾਲੇ ਸਨ। ਆਪ ਜੀ ਦਾ ਜਨਮ ਸੰਨ 1575 ਨੂੰ ਹੋਇਆ। ਚਿਨਉਟ ਵਿਚ ਵਜ਼ੀਰ ਖ਼ਾਨ ਦੇ ਵਡੇਰੇ ਕਾਫ਼ੀ ਸਮੇਂ ਤੋਂ ਰਹਿ ਰਹੇ ਸਨ। ਉਨ੍ਹਾਂ ਦੇ ਪਿਤਾ ਦਾ ਨਾਮ ਸ਼ੇਖ਼ ਅਬਦੁਲ ਲਤੀਫ਼ ਤੇ ਦਾਦੇ ਦਾ ਨਾਂ ਸ਼ੇਖ਼ ਹਸਾਮ-ਉਦੀਨ ਸੀ। ਆਪ ਜੀ ਨੇ ਹਕੀਮੀ ਪ੍ਰਸਿੱਧ ਹਕੀਮ ਦਾਅਵੀਂ ਕੋਲੋਂ ਸਿੱਖੀ। ਵਜ਼ੀਰ ਖ਼ਾਨ ਨੇ ਅਰਬੀ ਫ਼ਾਰਸੀ ਦਾ ਗਿਆਨ ਵੀ ਹਾਸਲ ਕਰ ਲਿਆ ਸੀ। ਜਦ ਪੰਜਾਬ ਕਾਲ ਦੀ ਲਪੇਟ ਵਿਚ ਆ ਗਿਆ ਤਾਂ ਪੰਜਾਬ ਨੂੰ ਰਾਹਤ ਪਹੁੰਚਾਉਣ ਲਈ ਆਪ ਅਕਬਰ ਲਾਹੌਰ ਆਇਆ। ਉਸ ਸਮੇਂ ਗੁਰੂ ਅਰਜਨ ਦੇਵ ਜੀ ਭੁੱਖਿਆਂ ਨੂੰ ਅੰਨ ਤੇ ਦੁਖੀਆਂ ਨੂੰ ਦਰਦ ਵੰਡਾਉਣ ਲਈ ਲਾਹੌਰ ਆ ਟਿਕੇ ਸਨ। ਗੁਰੂ ਅਰਜਨ ਦੇਵ ਜੀ ਨੇ ਚਾਰੇ ਪਾਸੇ ਕਾਲ ਦਾ ਭਿਆਨਕ ਵਰਤਾਰਾ ਦੇਖ ਦਿਨ-ਰਾਤ ਇਕ ਕਰਕੇ ਲੋਕਾਂ ਦੀ ਪੀੜਾ ਹਰੀ। ਮੁਫ਼ਤ ਦਵਾਈਆਂ ਵੰਡੀਆਂ, ਤਸੱਲੀ ਦਾਨ ਦਿੱਤਾ, ਨਾਮ ਦੇ ਛੱਟੇ ਵੀ ਮਾਰੇ। ਥਾਂ-ਥਾਂ ਲੰਗਰ ਲਗਾਏ ਗਏ। ਉੱਥੇ ਹੀ ਵਜ਼ੀਰ ਖ਼ਾਨ ਦੀ ਪਹਿਲੀ ਮੁਲਾਕਾਤ ਗੁਰੂ ਅਰਜਨ ਦੇਵ ਜੀ ਨਾਲ ਹੋਈ ਤੇ ਸਿੱਖੀ ਵੱਲ ਪਰੇਰੇ ਗਏ।

ਵਜ਼ੀਰ ਖ਼ਾਨ ਆਪ ਭਾਵੇਂ ਕਿੰਨੇ ਵੱਡੇ ਹਕੀਮ ਸਨ ਪਰ ਆਪਣੀ ਦਵਾ ਉਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਪਾਸੋਂ ਹੀ ਮਿਲੀ। ਜਲੌਧਰ ਦੇ ਰੋਗ ਨਾਲ ਪੀੜਤ ਜਦ ਅੰਮ੍ਰਿਤਸਰ ਪੁੱਜੇ ਤਾਂ ਗੁਰੂ ਅਰਜਨ ਦੇਵ ਜੀ ਉਸ ਸਮੇਂ ਦੁਖਭੰਜਨੀ ਪਾਸ ਅਠਸਠ ਤੀਰਥ 'ਤੇ ਬੈਠੇ ਅੰਮ੍ਰਿਤਸਰ ਦੀ ਕਾਰ ਸੇਵਾ ਕਰਵਾ ਰਹੇ ਸਨ। ਵਜ਼ੀਰ ਖ਼ਾਨ ਦੀ ਪਾਲਕੀ ਦੁੱਖ ਭੰਜਨੀ ਹੇਠ ਰੱਖ ਦਿੱਤੀ ਗਈ ਤੇ ਕਹਾਰਾਂ ਭੁੰਜੇ ਲਿਟਾ ਦਿੱਤਾ ।

ਗੁਰੂ ਜੀ ਨੇ ਦੂਰੋਂ ਹੀ ਬਾਬਾ ਬੁੱਢਾ ਜੀ ਨੂੰ ਆਵਾਜ਼ ਮਾਰੀ ਤੇ ਕਿਹਾ, ਬਾਬਾ ਜੀਓ! ਵਜ਼ੀਰ ਖ਼ਾਨ ਉੱਤੇ ਕਿਰਪਾ ਕਰੋ।' ਬਾਬਾ ਬੁੱਢਾ ਜੀ ਨੇ ਮੁਸਕਰਾ ਦਿੱਤਾ। ਜਦ ਗੁਰੂ ਜੀ ਨੇ ਫਿਰ ਉਹ ਹੀ ਬਚਨ ਦੁਹਰਾਏ ਤਾਂ ਬੁੱਢਾ ਜੀ ਨੇ ਸਰੋਵਰ ਦੀ ਕਾਰ ਦੀ ਭਰੀ ਹੋਈ ਟੋਕਰੀ ਵਜ਼ੀਰ ਖ਼ਾਨ ਦੇ ਪੇਟ ਉੱਤੇ ਮਾਰੀ। ਸਾਰਾ ਪੇਟ ਸਾਫ਼ ਹੋ ਗਿਆ। ਗੁਰੂ ਜੀ ਨੇ ਆਪਣੇ ਹੱਥੀਂ ਕੜਾਹ ਪ੍ਰਸ਼ਾਦਿ ਦਿੱਤਾ। ਵਜ਼ੀਰ ਖ਼ਾਨ ਨੇ ਜਦ ਸਦਾ ਚਿੱਤ ਟਿਕੇ ਰਹਿਣ ਦੀ ਮੰਗ ਕੀਤੀ ਤਾਂ ਗੁਰੂ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਨ ਲਈ ਕਿਹਾ। ਐਸੀ ਲਿਵ ਸੁਖਮਨੀ ਸਾਹਿਬ ਦੀ ਲੱਗੀ ਕਿ ਰੋਜ਼ ਸਵੇਰੇ ਇਕ ਭਾਗੂ ਨਾਮ ਦੇ ਸਿੱਖ ਕੋਲੋਂ ਜਿਸ ਨੂੰ ਸੁਖਮਨੀ ਜ਼ਬਾਨੀ ਯਾਦ ਸੀ, ਸੁਣਦੇ। ਭਾਗੂ ਨੂੰ ਆਪਣੇ ਨਾਲ ਹੀ ਲੈ ਆਏ। ਪਾਠ ਪਿੱਛੋਂ ਕੜਾਹ ਪ੍ਰਸ਼ਾਦਿ ਵੀ ਵਰਤਾਉਂਦੇ। ਫਿਰ ਆਪਣੇ ਕੰਮ ਕਾਜ ਨੂੰ ਜਾਂਦੇ।

ਵਜ਼ੀਰ ਖ਼ਾਨ ਦੀ ਹਕੀਮੀ ਜਦ ਲਾਹੌਰ ਵਿਚ ਨਾ ਚੱਲੀ ਤਾਂ ਉਹ ਦਿੱਲੀ ਆ ਗਏ। ਦਿੱਲੀ ਵਿਚ ਵੀ ਕਿਸਮਤ ਨੇ ਸਾਥ ਨਾ ਦਿੱਤਾ ਤਾਂ ਆਗਰੇ ਚਲੇ ਗਏ। ਇਸੇ ਦੌਰਾਨ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ। ਆਪ ਜੀ ਨੂੰ ਬੜਾ ਦੁੱਖ ਪਹੁੰਚਿਆ, ਪਰ ਕੁਝ ਕਰ ਨਹੀਂ ਸਨ ਸਕਦੇ। ਆਗਰੇ ਵਿਚ ਆਪ ਦੀ ਪ੍ਰਤਿਭਾ ਚਾਰੇ ਪਾਸੇ ਫੈਲਣ ਲੱਗੀ। ਸ਼ਹਿਜ਼ਾਦਾ ਖ਼ੁੱਰਮ (ਸ਼ਾਹਜਹਾਨ) ਨੇ ਆਪਣੇ ਪਾਸ ਰੱਖ ਲਿਆ। ਜਦ ਖ਼ੁੱਰਮ ਨੇ ਉਪਮਾ ਕੀਤੀ ਤਾਂ ਜਹਾਂਗੀਰ ਨੇ ਬੜੀ ਇੱਜ਼ਤ ਕੀਤੀ ਤੇ ਆਪਣੇ ਪਾਸ ਨਿੱਜੀ ਹਕੀਮ ਰੱਖ ਲਿਆ। ਸ਼ਹਿਨਸ਼ਾਹ, ਸ਼ਹਿਜ਼ਾਦਿਆਂ ਤੇ ਹਰਮ ਦੀਆਂ ਬੇਗਮਾਂ ਦਾ ਇਲਾਜ ਕਰਦੇ। ਆਪਣੇ ਕੰਮ ਨੂੰ ਬੜੀ ਲਗਨ ਨਾਲ ਕਰਦੇ। ਜਹਾਂਗੀਰ ਜਿੱਥੇ ਜਾਂਦਾ ਨਾਲ ਹੀ ਰੱਖਦਾ।

ਵਜ਼ੀਰ ਖ਼ਾਨ ਨੇ ਕਦੀ ਕੁਝ ਮੰਗਿਆ ਹੀ ਨਹੀਂ ਸਗੋਂ ਜੋ ਵੀ ਕਮਾਇਆ ਦਵਾਖ਼ਾਨੇ, ਦਵਾਈਆਂ ਤੇ ਰੋਗੀਆਂ ਉੱਤੇ ਖ਼ਰਚ ਕੀਤਾ। ਆਪਣੇ ਕੰਮ ਵਿਚ ਬੜੀ ਪ੍ਰਸਿੱਧਤਾ ਖੱਟੀ। ਜਦ ਨੂਰ ਜਹਾਨ ਇਕ ਵਾਰੀ ਸਖ਼ਤ ਬਿਮਾਰ ਹੋ ਗਈ ਤਾਂ ਆਪ ਜੀ ਦੇ ਇਲਾਜ ਦੁਆਰਾ ਹੀ ਰਾਜ਼ੀ ਹੋਈ। ਜਦ ਨੂਰ ਜਹਾਨ ਨੇ 'ਗ਼ੁਸਲੇ ਸਿਹਤ' ਕੀਤਾ ਤਾਂ ਪਿੱਛੋਂ ਉਨ੍ਹਾਂ ਨੂੰ ਬੜੇ ਇਨਾਮ ਅਕਰਾਮ ਦਿੱਤੇ ਗਏ। ਇਕ ਲੱਖ ਰੁਪਿਆ ਤਾਂ ਦਾਸੀਆਂ ਨੇ ਦਿੱਤਾ। ਲਿਖਿਆ ਮਿਲਦਾ ਹੈ ਕਿ ਉਸ ਦਿਨ 22 ਲੱਖ ਦੇ ਇਨਾਮ ਵਜ਼ੀਰ ਖ਼ਾਨ ਨੂੰ ਮਿਲੇ ਸਨ। ਉਹ ਲਾਹੌਰ ਆ ਗਏ। ਜਦ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਹੋਈ ਤਾਂ ਵਜ਼ੀਰ ਖ਼ਾਨ ਦਿੱਲੀ ਕਿਸੇ ਕੰਮ ਆਇਆ ਹੋਇਆ ਸੀ। ਵਜ਼ੀਰ ਖ਼ਾਨ ਤੇ ਮੀਆਂ ਮੀਰ ਜੀ ਵਰਗੀਆਂ ਸ਼ਖ਼ਸੀਅਤਾਂ ਨੇ ਹੀ ਜਹਾਂਗੀਰ ਨੂੰ ਗੁਰੂ ਹਰਿਗੋਬਿੰਦ ਜੀ ਦੀ ਮਹਿਮਾ ਦੱਸ ਗਵਾਲੀਅਰ ਤੋਂ ਰਿਹਾਈ ਕਰਵਾਈ। ਨੂਰਜਹਾਨ ਨੇ ਜਹਾਂਗੀਰ ਨੂੰ ਕਿਹਾ ਸੀ ਕਿ ਸਾਈਂ ਦੀ ਜਾਤ ਸਾਈਂ ਜੈਸੀ ਹੁੰਦੀ ਹੈ ਸੋ ਕਿਸੇ ਦੇ ਕਹੇ ਕਹਾਏ ਤੰਗ ਨਹੀਂ ਕਰਨਾ ਚਾਹੀਦਾ।

ਵਜ਼ੀਰ ਖ਼ਾਨ ਜੀ ਦੀ ਹਕੀਮੀ ਦੀ ਸ਼ੁਹਰਤ ਚਾਰੇ ਪਾਸੇ ਫੈਲ ਗਈ। ਉਨ੍ਹਾਂ ਨੂੰ ਕਾਫ਼ੀ ਧਨ ਤੇ ਮਾਲ ਲੋਕੀਂ ਦੇਣ ਲੱਗ ਪਏ, ਪਰ ਆਪ ਸਾਰਾ ਧਨ ਲੋਕਾਂ ਤੇ

ਹੀ ਖ਼ਰਚ ਕਰਦੇ। ਗੁਰੂ ਹਰਿਗੋਬਿੰਦ ਜੀ ਨਾਲ ਵਜ਼ੀਰ ਖ਼ਾਨ ਦਾ ਕਾਫ਼ੀ ਪ੍ਰੇਮ ਪਿਆਰ ਵਧ ਗਿਆ। ਗੁਰੂ ਜੀ ਵੀ ਅੱਗੋਂ ਬੜਾ ਮਾਣ ਦੇਂਦੇ। ਸ਼ਾਹੀ ਦਰਬਾਰ ਵਿਚ ਜਦ ਵੀ ਕੋਈ ਗ਼ਲਤ ਗੱਲ ਗੁਰੂ ਹਰਿਗੋਬਿੰਦ ਜੀ ਬਾਰੇ ਕਰਦਾ ਤਾਂ ਵਜ਼ੀਰ ਖ਼ਾਨ ਤਦ ਉੱਥੇ ਟੋਕ ਪਾ ਸਹੀ ਗੱਲ ਦੱਸਦੇ। ਇਸੇ ਕਾਰਨ ਉਨ੍ਹਾਂ ਨੂੰ ਸਿੱਖ ਘਰ ਵਿਚ ਗੁਰੂ ਹਰਕਾਰਾ' ਕਰਕੇ ਹੀ ਜਾਣਿਆ ਜਾਂਦਾ ਹੈ। ਜਦ ਗੁਰ ਹਰਿਗੋਬਿੰਦ ਜੀ ਕੀਰਤਪੁਰ ਵਸਾਉਣ ਲਈ ਉਧਰ ਚਲੇ ਗਏ ਤਾਂ ਵਜ਼ੀਰ ਖ਼ਾਨ ਕੀਰਤਪੁਰ ਪੁੱਜੇ ਤੇ ਬਹੁਤ ਹੀ ਭੇਟਾਵਾਂ ਪੇਸ਼ ਕੀਤੀਆਂ। ਇਤਿਹਾਸ ਵਿਚ ਜ਼ਿਕਰ ਹੈ।

*"ਤਬ ਵਜ਼ੀਰ ਖਾਨ ਗੁਰੂ ਹਕਾਰਾ*
*ਆਯੋ ਲੇਕਰ ਭੇਟ ਉਦਾਰਾ"*

ਸ਼ਾਹਜਹਾਨ ਵੇਲੇ ਵਜ਼ੀਰ ਖ਼ਾਨ ਨੇ ਲਾਹੌਰ ਵਸੇਬਾ ਕਰ ਲਿਆ ਸੀ। ਸ਼ਾਹਜਹਾਨ ਜਦ ਗੱਦੀ 'ਤੇ ਬੈਠਦੇ ਸਾਰ ਪੰਜਾਬ ਨਾ ਆ ਸਕਿਆ ਤਾਂ ਮੌਕਾ ਜਾਣ ਸ਼ਾਹੀ ਫ਼ੌਜਾਂ ਨੇ ਗੁਰੂ ਨਾਲ ਝੜਪਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ, ਜੋ ਜੰਗ ਦੀ ਸ਼ਕਲ ਇਖ਼ਤਿਆਰ ਕਰ ਗਈਆਂ। ਪਹਿਲੀ ਜੰਗ ਸ਼ਾਹੀ ਬਾਜ਼ ਦਾ ਸ਼ਿਕਾਰ ਕਰਨ 'ਤੇ ਹੀ ਹੋ ਗਈ। ਮੁਖਲਸ ਖ਼ਾਨ ਫ਼ੌਜਾਂ ਅੰਮ੍ਰਿਤਸਰ ਚੜ੍ਹਾ ਲਿਆਇਆ। ਉਸ ਨੂੰ ਮੂੰਹ ਦੀ ਹਾਰ ਖਾਣੀ ਪਈ। ਜਿੱਤ ਗੁਰੂ ਜੀ ਦੀ ਹੋਈ। ਵਜ਼ੀਰ ਖ਼ਾਨ ਨੇ ਹੀ ਸਹੀ ਗੱਲ ਸ਼ਾਹਜਹਾਨ ਨੂੰ ਦੱਸੀ ਕਿ ਲਾਹੌਰ ਦੇ ਨਵਾਬ ਨੇ ਆਪ ਹੁਦਰੀ ਕੀਤੀ ਹੈ। ਇਸੇ ਤਰ੍ਹਾਂ ਦੂਜੀ ਜੰਗ ਵਿਚ ਵੀ ਜੋ ਹਰਿਗੋਬਿੰਦਪੁਰ ਵਿਖੇ ਹੋਈ, ਗੁਰੂ ਜੀ ਨੇ ਜਲੰਧਰ ਦੇ ਨਵਾਬ ਨੂੰ ਕਰੜੀ ਹਾਰ ਦਿੱਤੀ। ਸ਼ਾਹਜਹਾਨ ਇਤਨਾ ਤੜਫਿਆ ਕਿ ਹਰਿਗੋਬਿੰਦ ਦੇ ਨਗਰ ਢਾਹ ਦੇਣ ਦਾ ਹੁਕਮ ਵੀ ਦਿੱਤਾ। ਉਸ ਵਕਤ ਵਜ਼ੀਰ ਖ਼ਾਨ ਹੀ ਸੀ ਜਿਸ ਨੇ ਦੱਸਿਆ ਕਿ ਗੁਰੂ ਜੀ ਤਾਂ ਸੁਲਹ-ਕੁਲ ਹਨ। ਇਹ ਸਾਰੀ ਅੱਗ ਕਰਮਚੰਦ ਤੇ ਰਤਨਚੰਦ ਦੀ ਲਗਾਈ ਸੀ। ਜਿਸ ਨਗਰ ਵਾਸੀਆਂ ਦੇ ਮੁਸਲਮਾਨ ਵਸਨੀਕਾਂ ਲਈ ਇਕ ਮਸੀਤ ਬਣਾਈ ਹੋਈ ਹੈ ਉਹ ਭਲਾ ਦੂਜੇ ਧਰਮ ਦਾ ਦੋਖੀ ਕਿਵੇਂ ਹੋ ਸਕਦਾ ਹੈ ? ਇਸ ਤਰ੍ਹਾਂ ਵਜ਼ੀਰ ਖ਼ਾਨ ਤੇ ਦਾਰਾ ਵਰਗਿਆਂ ਨੇ ਹੀ ਨਗਰ ਦੀ ਤਬਾਹੀ ਤੋਂ ਬਚਾਇਆ। ਤੀਜੀ ਜੰਗ ਵੇਲੇ ਵੀ ਜਦ ਸ਼ਾਹਜਹਾਨ ਪੰਜਾਬ ਆਇਆ ਤਾਂ ਬੜੀਆਂ ਬੇਥਵੀਆਂ ਊਜਾਂ ਲਗਾ ਕੇ ਸ਼ਾਹਜਹਾਨ ਦੇ ਕੰਨ ਭਰੇ। ਆਖਿਆ, ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਿਲਾਉਂਦਾ ਹੈ। ਉਸ ਨੇ ਇਕ ਥੜ੍ਹਾ ਬਣਾਇਆ ਹੈ ਨਾਮ 'ਅਕਾਲ ਤਖ਼ਤ' ਰੱਖਿਆ ਹੋਇਆ ਹੈ। ਉਨ੍ਹਾਂ ਦਾ ਆਪਣਾ ਹੀ ਕਾਨੂੰਨ ਹੈ, ਵਿਚ ਪੈ ਕੇ ਫ਼ੈਸਲਾ ਕਰਾ ਦਿੰਦੇ ਹਨ, ਕਿਸੇ ਚੰਦੂ ਦੀ ਬੇਟੀ ਦੀ ਗੱਲ ਦੱਸੀ, ਕਿਸੇ ਕੌਲਾਂ ਦਾ ਕਿੱਸਾ ਫਿਰ ਉਠਾਇਆ। ਆਖ਼ਰ ਘੋੜਿਆਂ ਦੇ ਸ਼ਾਹੀ ਕਿਲ੍ਹੇ ਤੋਂ ਭਾਈ ਬਿਧੀ ਚੰਦ ਤੋਂ ਘੋੜਾ ਉੜਾ ਲੈ ਜਾਣ ਦੀ ਵਾਰਤਾ ਸੁਣੀ ਤਾਂ ਸ਼ਾਹਜਹਾਨ ਹਮਲਾ ਕਰਨ ਦਾ ਹੁਕਮ ਦੇਣ ਹੀ ਲੱਗਾ ਸੀ ਤਾਂ ਵਜ਼ੀਰ ਖ਼ਾਨ ਨੇ ਦੱਸਿਆ ਕਿ ਇਹ ਸਭ ਆਪੂੰ ਦੋਸ਼ੀ ਹਨ। ਇਹ ਘੋੜੇ ਕਾਬਲ ਤੋਂ ਗੁਰੂ ਨੂੰ ਹੀ ਸਿੱਖਾਂ ਨੇ ਭੇਟਾ ਵਜੋਂ ਭੇਜੇ ਸਨ ਤੇ ਨਵਾਬ ਨੇ ਖੋਹ ਲਏ ਸਨ। ਗੁਰੂ ਜੀ ਨੇ ਆਪਣੀ ਭੇਟ ਹੀ ਵਾਪਸ ਲਈ ਹੈ। ਦੋਸ਼ੀ ਦੋਸ਼ ਧਰ ਰਹੇ ਹਨ। ਇਸ ਤਰ੍ਹਾਂ

ਵਜ਼ੀਰ ਖ਼ਾਨ ਨੇ ਕਿਸੇ ਦੀ ਚਾਲ ਨਾ ਚੱਲਣ ਦਿੱਤੀ।

ਵਜ਼ੀਰ ਖ਼ਾਨ ਨੂੰ ਪੈਂਦੇ ਖ਼ਾਨ ਨੇ ਆਪਣੇ ਨਾਲ ਹੀ ਰਲਾਣਾ ਚਾਹਿਆ ਪਰ ਉਨ੍ਹਾਂ ਨੇ ਉਸ ਨੂੰ ਵੀ ਸਮਝਾਇਆ ਕਿ ਦਾਤੇ ਨਾਲ ਖਹਿਣਾ ਨਹੀਂ ਚਾਹੀਦਾ। ਪੈਂਦੇ ਖ਼ਾਨ ਨੇ ਕਿਹਾ, ਸ਼ਾਇਦ ਗੁਰੂ ਜੀ ਦੇ ਕੜਾਹ ਪ੍ਰਸ਼ਾਦਿ ਦਾ ਅਸਰ ਤੇਰੇ 'ਤੇ ਹੋ ਗਿਆ ਪਰ ਵਜ਼ੀਰ ਖ਼ਾਨ ਨੇ ਮੋੜਵਾਂ ਕਿਹਾ, ਮੈਂ ਤਾਂ ਨਿਰਾ ਕੜਾਹ ਪ੍ਰਸ਼ਾਦਿ ਲਿਆ ਹੈ, ਤੂੰ ਤਾਂ ਲੂਣ ਵੀ ਗੁਰੂ ਜੀ ਦਾ ਖਾਧਾ ਹੈ। ਹੁਣ ਉਸ ਨੂੰ ਹਰਾਮ ਕਰਕੇ ਆਕਬਤ ਖ਼ਰਾਬ ਨਾ ਕਰ। ਵਜ਼ੀਰ ਖ਼ਾਨ ਅਸਲ ਵਿਚ ਹੁਣ ਹਰਕਾਰੇ ਨਾਲੋਂ ਪਹਿਰੇਦਾਰ ਦਾ ਕੰਮ ਕਰ ਰਿਹਾ ਸੀ। ਗੁਰੂ ਜੀ ਉੱਤੇ ਹਮਲੇ ਬਾਰੇ ਮੁਗ਼ਲ ਦਰਬਾਰ ਵਿਚ ਕਈ ਵਾਰੀ ਹਮਲਾ ਕਰਨ ਦੀਆਂ ਵਿਉਂਤਾਂ ਬਣੀਆਂ ਪਰ ਵਜ਼ੀਰ ਖ਼ਾਨ ਇਹ ਕਹਿ ਚੁੱਪ ਕਰਾ ਦਿੰਦਾ ਕਿ ਗੁਰੂ ਘਰ ਤਾਂ ਹਰ ਇਕ ਲਈ ਖੁੱਲ੍ਹਾ ਹੈ। ਉੱਥੇ ਲੰਗਰ ਚਲਦੇ ਹਨ, ਪੀਰਾਂ ਫ਼ਕੀਰਾਂ ਦਾ ਜਿੱਤਣਾ ਕੀ ਔਖਾ ਹੈ। ਸਿਰ ਝੁਕਾ ਦੇਈਏ ਤਾਂ ਜਿੱਤ ਲਏ। ਫੇਰ ਜੋ ਮੰਗੋ ਸੋ ਲਵੋ। ਇਹ ਤਾਂ ਕਦੀਮੀ ਚਾਲ ਹੈ। ਫ਼ਕੀਰ ਦੁਨੀਆਦਾਰਾਂ ਅੱਗੇ ਕਦੀ ਨਹੀਂ ਨਿਉਂਦੇ ਕਿਉਂਕਿ ਉਹ ਬੇਗ਼ਰਜ਼ ਹੁੰਦੇ ਹਨ ਤੇ ਦੁਨੀਆਂਦਾਰ ਗ਼ਰਜ਼ਮੰਦ ਹਨ। ਉਹ ਕਹਿੰਦੇ ਕਿ ਗੁਰੂ ਹਰਿਗੋਬਿੰਦ ਅਲਾਹ ਦਾ ਰੂਪ ਹਨ। ਜਦ ਖ਼ੁਦਾ ਹੀ ਉਨ੍ਹਾਂ ਵੱਲ ਹੋਇਆ ਤਾਂ ਬੰਦਿਆਂ ਦੀ ਕੀ ਪੇਸ਼ ਜਾ ਸਕਦੀ ਹੈ—

*"ਅਲਾਹ ਮਨ ਫਕਰ*
*ਫਕਰ ਮਨ ਅਲਾਹ ਹੈ"*

ਵਜ਼ੀਰ ਖ਼ਾਨ ਸਦਾ ਰੱਬ ਦੀ ਯਾਦ ਵਿਚ ਜੁੜਨ ਵਾਲੇ ਬੰਦੇ ਸਨ। ਹਮੇਸ਼ਾ ਜ਼ਿਕਰ ਵਿਚ ਰਹਿੰਦੇ। ਉਨ੍ਹਾਂ ਲਾਹੌਰ ਇਕ ਮਸੀਤ ਬਣਾਈ ਜਿਸ ਦੀ ਇਮਾਰਤ ਸਾਜ਼ੀ ਤੋਂ ਪਤਾ ਲਗਦਾ ਹੈ ਕਿ ਹਿੰਦ-ਈਰਾਨ ਦਾ ਸੁਮੇਲ ਹੈ। ਮਸੀਤ ਨਾਲ ਲੰਗਰ, ਲਾਇਬਰੇਰੀ, ਮਦਰਸਾ, ਦਵਾਖ਼ਾਨਾ ਤੇ ਮੁਸਾਫ਼ਰਾਂ ਦੇ ਟਿਕਣ ਲਈ ਸਰ੍ਹਾਂ ਵੀ ਬਣਾਈ। ਲੰਗਰ ਦੀ ਪ੍ਰਥਾ ਵੀ ਚਲਾਈ। ਇਹ ਸਭ ਉਨ੍ਹਾਂ ਗੁਰੂ ਘਰ ਤੋਂ ਹੀ ਪ੍ਰਭਾਵਿਤ ਹੋ ਕੇ ਕੀਤਾ ਸੀ। ਦੂਰੋਂ-ਦੂਰੋਂ ਵਿੱਦਿਆ ਹਾਸਲ ਕਰਨ ਲਈ ਲੋਕੀਂ ਆਉਂਦੇ। ਸਿੱਖ ਰਾਜ ਦੇ ਕਈ ਮੁਖੀਆਂ ਨੇ ਵੀ ਇੱਥੋਂ ਹੀ ਪਿੱਛੋਂ ਵਿੱਦਿਆ ਲਈ। ਅੱਜਕੱਲ੍ਹ ਉੱਥੇ ਲਾਹੌਰ ਦੀ ਪਬਲਿਕ ਲਾਇਬਰੇਰੀ ਬਣੀ ਹੋਈ ਹੈ।

1641 ਈ: ਦੇ ਆਰੰਭ ਵਿਚ ਉਨ੍ਹਾਂ ਦੀ ਮ੍ਰਿਤੂ ਹੋ ਗਈ। ਸ਼ਾਹਜਹਾਨ ਨੇ ਕੀਮਤੀ ਤੋਹਫ਼ੇ ਭੇਜੇ ਤੇ ਗੁਰੂ ਹਰਿਗੋਬਿੰਦ ਜੀ ਨੇ ਵੀ ਕੀਰਤਪੁਰ ਤੋਂ ਖ਼ਾਸ ਪੁਸ਼ਾਕ, ਤੇ ਦਸਤਾਰ ਉਨ੍ਹਾਂ ਦੇ ਤਿੰਨ ਪੁੱਤਰਾਂ ਸਯੀਦ ਖ਼ਾਨ, ਸਲਾਹ-ਉਦੀਨ ਖ਼ਾਨ, ਮੀਰ ਤੋਜ਼ਕ ਲਈ ਭੇਜੀਆਂ। ਇਹ ਹੀ ਕਹਿਣਾ ਫਬਦਾ ਹੈ ਕਿ ਵਜ਼ੀਰ ਖ਼ਾਨ ਹੀ ਇਕ ਐਸਾ ਸ਼ਾਹੀ ਕਰਿੰਦਾ ਸੀ ਜਿਸ ਨੇ ਧਰਮ ਦੀਆਂ ਲੀਕਾਂ ਮੇਟ ਕੇ ਸੱਚ ਦੀ ਉਚਿੱਤਤਾ ਦਰਸਾਈ। ਐਸੇ ਜਿਸ ਸਮੇਂ ਵੀ ਹੁੰਦੇ ਹਨ ਉੱਥੇ ਗ਼ਲਤ ਕਦਮ ਚੁੱਕ ਧਰਮ ਅਸਥਾਨਾਂ ਤੇ ਬਲਿਊ ਸਟਾਰ ਵਰਗੇ ਕੁਕਰਮ ਨਹੀਂ ਹੁੰਦੇ।

❑ ❑ ❑

# ਫ਼ਕੀਰ ਸ਼ਾਹ ਦਉਲਾ

ਗੁਜਰਾਤ ਵਿਚ ਇਕ ਪ੍ਰਸਿੱਧ ਫ਼ਕੀਰ ਸ਼ਾਹ ਦਉਲਾ ਦਾ ਟਿਕਾਣਾ ਸੀ। ਸ਼ਾਹ ਦਉਲਾ ਦਾ ਅਰਥ ਹੀ ਸੰਤਤਾਈ ਦਾ ਤੱਤ ਹੈ। ਜਿੱਥੇ ਉਹ ਖ਼ੁਦਾ ਰਸੀਦਾ ਫ਼ਕੀਰ ਸੀ ਉੱਥੇ ਪਰਉਪਕਾਰ ਲਈ ਵੀ ਉਮਾਹ ਉਠਦਾ ਰਹਿੰਦਾ ਸੀ। ਭਿੰਬਰ ਦਰਿਆ ਦਾ ਬੰਨ੍ਹ ਉਸ ਹੀ ਬੱਧਾ ਸੀ। ਭਿੰਬਰ ਦਰਿਆ ਦਾ ਵੇਗ ਸਦਾ ਹੀ ਸ਼ਹਿਰ ਨੂੰ ਰੋੜ੍ਹ ਕੇ ਲੈ ਜਾਂਦਾ ਸੀ। ਉਸ ਨੇ ਖ਼ਰਚੇ ਦਾ ਪ੍ਰਬੰਧ ਕਰਕੇ ਬੰਨ੍ਹ ਮਾਰਿਆ ਤੇ ਪਾਣੀ ਨੂੰ ਸ਼ਹਿਰ ਵਿਚ ਆਉਣ ਤੋਂ ਰੋਕਿਆ। ਭਿੰਬਰ ਉੱਤੇ ਪੁਲ ਵੀ ਉਸ ਨੇ ਹੀ ਬਣਾਇਆ। ਇਸ ਤੋਂ ਪਹਿਲਾਂ ਇਸ ਦੇ ਸਿਆਲਕੋਟ ਲਾਗੇ ਵੀ ਇਕ ਨਦੀ ਡੇਕ ਉੱਤੇ ਬੰਨ੍ਹ ਮਾਰਿਆ ਸੀ ਤੇ ਅਮੀਨਾਬਾਦ ਉੱਤੇ ਵੀ ਪੁਲ ਉਸ ਨੇ ਹੀ ਬਣਾਇਆ ਸੀ। ਲੋਕੀਂ ਇਹ ਆਖਦੇ ਸਨ ਕਿ ਹਾਤਮਤਾਈ ਨਾਲੋਂ ਵੱਧ ਉਹ ਦਾਨੀ ਸੀ ਤੇ ਬਾਦਸ਼ਾਹਾਂ ਨਾਲੋਂ ਵੱਧ ਭਲਾਈ ਦੇ ਕੰਮ ਕਰਦਾ ਸੀ। ਗੁਰੂ ਹਰਿਗੋਬਿੰਦ ਜੀ ਜਦ ਕਸ਼ਮੀਰ ਮਾਈ ਭਾਗ ਭਰੀ ਦੀ ਆਸ ਪੂਰਨ ਲਈ ਗਏ ਤਾਂ ਉਧਰੋਂ ਉਨ੍ਹਾਂ ਦਾ ਗੁਜ਼ਰ ਹੋਇਆ। ਗੁਰੂ ਜੀ ਦਾ ਆਉਣਾ ਸੁਣ ਕੇ ਸ਼ਾਹ ਦਉਲਾ ਨੇ ਰੱਜ ਕੇ ਸਤਿਕਾਰ ਕੀਤਾ ਤੇ ਉਨ੍ਹਾਂ ਦੀ ਜੁਰੱਅਤ ਦੀ ਦਾਦ ਦਿੱਤੀ। ਗੁਰੂ ਨਾਨਕ ਦੀ ਗੁਰਗੱਦੀ ਦੀ ਬੜੀ ਸ਼ਲਾਘਾ ਕੀਤੀ ਤੇ 'ਨਾਨਕ ਫ਼ਕੀਰ ਦੀਨ ਦੁਨੀਆਂ ਦੇ ਪੀਰ' ਆਖ ਸਤਿਕਾਰਿਆ। ਮਹਾਰਾਜ ਨੇ ਵੀ 'ਸ਼ਾਹ ਦਉਲਾ, ਫ਼ਕੀਰ ਮਉਲਾ' ਕਿਹਾ। ਸ਼ਾਹ ਦਉਲਾ ਦਾ ਇਕ ਚੇਲਾ ਜਹਾਂਗੀਰ, ਜੋ ਕਰਾਮਾਤੀ ਪ੍ਰਸਿੱਧ ਸੀ, ਸ਼ੇਰ ਦੀ ਸਵਾਰੀ ਹੱਥ ਧਰਮ ਦੀ ਚਾਬਕ ਰੱਖ ਕੇ ਕਰ ਸਕਦਾ ਸੀ। ਉਸ ਨੇ ਸ਼ਾਹੀ ਠਾਠ, ਸੇਵਕ ਫ਼ੌਜਾਂ, ਜਥੇ, ਘੋੜੇ, ਪੁੱਤਰ, ਧਰਮ ਪਤਨੀ ਦੇਖ ਸ਼ੰਕਾ ਕੀਤਾ ਕਿ ਗੁਰੂ ਰੂਹਾਨੀ ਆਗੂ ਕਿਵੇਂ ਹੋ ਸਕਦਾ ਹੈ। ਦਿਲ ਦੀ ਗੱਲ ਮੂੰਹ ਉੱਤੇ ਆ ਗਈ ਤੇ ਕਿਹਾ :

*ਹਿੰਦੂ ਕਿਆ ਤੇ ਪੀਰ ਕਿਆ?*
*ਔਰਤ ਕਿਆ ਤੇ ਫ਼ਕੀਰ ਕਿਆ?*
*ਦੌਲਤ ਕਿਆ ਤੇ ਤਿਆਗ ਕਿਆ?*
*ਲੜਕੇ ਕਿਆ ਤੇ ਬੈਰਾਗ ਕਿਆ?*
*ਆਰਫ ਕਿਆ ਤੇ ਦੁਨੀਆਦਾਰ ਕਿਆ?*
*ਮਜ਼ਹਬ ਕਿਆ ਤੇ ਸੱਚ ਕਿਆ?*
*ਪੁਜਾਰੀ ਕਿਆ ਤੇ ਸਵਾਬ ਕਿਆ?*
*ਮਾਰੂ ਥਲ ਕਿਆ ਤੇ ਆਬ ਕਿਆ?*

ਗੁਰੂ ਹਰਿਗੋਬਿੰਦ ਜੀ ਇਹ ਸੁਣ ਮੁਸਕਰਾ ਪਏ। ਉਨ੍ਹਾਂ ਸ਼ਾਹ ਦਉਲਾ ਦੇ ਚੇਲੇ


www.sikhbookclub.com

ਨੂੰ, ਜਿਸ ਨੂੰ ਕਰਾਮਾਤੀ ਹੋਣ ਦਾ ਹੰਕਾਰ ਸੀ, ਕਿਹਾ ਕਿ "ਫ਼ਕੀਰਾਂ ਵਿਚ ਸਭ ਤੋਂ ਮਾੜੀ ਗੱਲ ਇਹ ਹੈ ਕਿ ਥੋੜ੍ਹਾ ਜਿੰਨਾ ਗਿਆਨ ਹੋ ਜਾਂਦਾ ਹੈ ਤਾਂ ਵੈਰਾਗੀ ਹੋ ਜਾਂਦੇ ਨੇ। ਇਕਾਗਰਤਾ ਮਿਲਦੇ ਸਾਰ ਕਰਾਮਾਤਾਂ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਗੁਰੂ ਘਰ :

*ਮੀਰੀ ਰੱਬ ਦਾ ਦਾਨ,*
*ਔਰਤ ਈਮਾਨ,*
*ਦੌਲਤ ਗੁਜ਼ਰਾਨ,*
*ਪੁੱਤਰ ਨਿਸ਼ਾਨ,*
*ਆਰਫ ਵੀਚਾਰ,*
*ਮਜ਼ਹਬ ਸੁਧਾਰ,*
*ਪੁਜਾਰੀ ਆਚਾਰ,*
*ਮਾਰੂਥਲ ਮੈ ਜਲ ਕੁਦਰਤ ਕਰਤਾਰ।"*

ਗੁਰੂ ਜੀ ਦਾ ਭਾਵ ਸੀ ਕਿ ਪੀਰੀ, ਬਜ਼ੁਰਗੀ ਕਿਸੇ ਹਿੰਦੂ ਮੁਸਲਮਾਨ ਜਾਂ ਹੋਰ ਫ਼ਿਰਕੇ ਦੀ ਰਾਖਵੀਂ ਨਹੀਂ ਹੈ। ਉਹ ਹੀ ਪੀਰ ਹੈ ਜਿਸ ਉੱਤੇ ਅਲਾਹ ਦੀ ਬਖ਼ਸ਼ਿਸ਼ ਹੈ। ਇਸਤਰੀ ਤਾਂ ਬੰਧਾਨ ਹੈ, ਸੰਜਮ ਦਾ ਦੂਸਰਾ ਨਾਂ ਹੈ। ਇਮਾਨ ਦੀ ਰਾਖੀ। ਦੌਲਤ ਗੁਜ਼ਾਰੇ ਵਾਸਤੇ ਹੈ। ਸ਼ੇਰ ਦੀ ਸਵਾਰੀ ਕਰਨ ਤੁਲ ਹੈ। ਹੱਥ ਸੱਪ ਵਰਗੀ ਚਾਬਕ ਰੱਖਣ ਸਮਾਨ ਹੈ। ਦੌਲਤ ਨੂੰ ਕਾਬੂ ਰੱਖਣਾ ਤੇ ਆਪੇ ਨੂੰ ਦੌਲਤ 'ਤੇ ਕਾਬੂ ਨਾ ਹੋਣ ਦੇਣਾ ਹੀ ਸਮੇਂ ਦੀ ਚਾਬਕ ਹੱਥ ਵਿਚ ਰੱਖਣਾ ਹੈ। ਸੰਤਾਨ ਮੇਲ ਜੋਲ ਦਾ ਢੰਗ ਸਿਖਾਂਦੀ ਹੈ। ਜਦ ਘਰ ਵਿਚ ਮੂੰਹ ਮੁਟਾਪੇ ਹੋ ਜਾਣ ਤਾਂ ਇਹ ਪੁੱਤ ਹੀ ਜੋੜ ਦਾ ਕਾਰਨ ਬਣਦੇ ਹਨ। ਇਹ ਰਿਸ਼ਤਾ ਟੁੱਟਣ ਨਹੀਂ ਦਿੰਦੇ। *ਰੰਨੀ ਸੇਤੀ ਤੁਟੈ ਭਤਾਰ, ਪੁਤੀ ਗੰਢ ਪਵੈ ਸੰਸਾਰ।* ਗੁਰੂ ਨਾਨਕ ਜੀ ਦਾ ਫ਼ਰਮਾਨ ਹੈ। ਆਰਫ ਨੂੰ ਬਿਬੇਕੀ ਤੇ ਵਿਚਾਰਵਾਨ ਹੋਣਾ ਹੀ ਸ਼ੋਭਦਾ ਹੈ। ਬਗ਼ੈਰ ਵਿਚਾਰ ਬਿਬੇਕ ਦੇ ਮਾਇਆ ਦਾ ਪ੍ਰਭਾਵ ਟੁੱਟ ਹੀ ਨਹੀਂ ਸਕਦਾ। ਮਜ਼ਹਬ ਇਕ ਦੂਜੇ ਨਾਲ ਝਗੜਨ ਦਾ ਆਲਾ ਨਹੀਂ ਸਗੋਂ ਸੁਧਾਰ ਦਾ ਰਾਹ ਹੈ। ਪੁਜਾਰੀ ਨੂੰ ਆਚਰਨ ਦੀ ਮੂਰਤ ਹੋਣਾ ਚਾਹੀਦਾ ਹੈ, ਕ੍ਰੋਧੀ, ਕਾਮੀ, ਕੁਸ਼ਟੀ ਜਾਂ ਕਪਟੀ ਨਹੀਂ। ਮਾਰੂਥਲ ਉਹ ਹੀ ਹੈ ਜਿੱਥੇ ਉਸ ਵਾਹਿਗੁਰੂ ਦੇ ਨਾਮ ਦਾ ਜਲ ਨਹੀਂ ਹੈ। ਨਾਮ ਦੀ ਹੋਂਦ ਤਨ ਮਨ ਹਰਿਆ ਕਰ ਦਿੰਦੀ ਹੈ।

ਇਸੇ ਤਰ੍ਹਾਂ ਇਕ ਵਾਰੀ ਸ੍ਰੀਨਗਰ ਵਿਚ ਸਮਰੱਥ ਰਾਮਦਾਸ ਜੋ ਪਿੱਛੋਂ ਸ਼ਿਵਾ ਜੀ ਮਰਹੱਟਾ ਦਾ ਲਿਖਿਆ ਦਾਤਾ ਗੁਰੂ ਬਣਿਆ, ਨੇ ਵੀ ਗੁਰੂ ਹਰਿਗੋਬਿੰਦ ਨਾਲ ਸ਼ਾਹੀ ਲਸ਼ਕਰ ਦੇਖ ਪੁੱਛ ਹੀ ਲਿਆ ਸੀ : ਗੁਰੂ ਨਾਨਕ ਤਾਂ ਤਿਆਗੀ ਸਨ, ਇਹ ਤੁਸਾਂ ਕਿਹੜਾ ਰਾਹ ਅਪਣਾ ਲਿਆ ਹੈ ਤਾਂ ਗੁਰੂ ਜੀ ਨੇ ਕਿਹਾ ਸੀ : ਸਵਾਮੀ ਜੀ! ਗੁਰੂ ਨਾਨਕ ਨੇ ਮਾਇਆ ਤਿਆਗੀ ਸੀ, ਦੁਨੀਆਂ ਨਹੀਂ। ਸ਼ਸਤ੍ਰ ਗ਼ਰੀਬੋਂ ਕੀ ਰੱਖਿਆ ਤੇ ਜਰਵਾਣੇ ਕੀ ਭੱਖਿਆ ਕੇ ਲੀਏ ਹਨ। ਇਹ ਸੁਣ ਰਾਮਦਾਸ ਨੇ

ਕਿਹਾ ਸੀ :

***ਯਹ ਬਾਤ ਹਮੇ ਭਾਵਤੀ ਹੈ।***

ਰਾਮਦਾਸ ਫਿਰ ਇਸੇ ਮਹਾਂਰਾਸ਼ਟਰ ਵਿਚ ਪ੍ਰਚਾਰਕ ਰਿਹਾ ਤੇ ਉਸ ਨੇ ਮੁਗ਼ਲਾਂ ਵਿਰੁੱਧ ਸ਼ਿਵਾ ਜੀ ਨੂੰ ਤਿਆਰ ਕੀਤਾ।

ਜਹਾਂਗੀਰ ਨੂੰ ਸ਼ਾਹ ਦਉਲਾ ਨੇ ਕਿਹਾ ਕਿ 'ਭੂੰ ਬਟੇਰਾ ਕੀ ਜਾਣੇ ਸ਼ਾਹੀ ਬਾਜਾਂ ਦੀ ਉਡਾਰੀ। ਜਹਾਂਗੀਰ ਨੇ ਵੀ ਸਿਰ ਨਿਵਾਜਿਆ ਤੇ ਨਿਮਰਤਾ ਵਿਚ ਵਿਚਰਨ ਲੱਗਾ।

❑ ❑ ❑



www.sikhbookclub.com

# ਬੁੱਢਣ ਸ਼ਾਹ

ਆਖਦੇ ਹਨ ਇੰਤਜ਼ਾਰ ਇਕ ਪਲ, ਇਕ ਘੜੀ ਵੀ ਕਰਨਾ ਔਖਾ ਹੋ ਜਾਂਦਾ ਹੈ ਪਰ ਕੁਝ ਐਸੇ ਹਨ ਜੋ ਇਕ ਦਿਨ ਜਾਂ ਇਕ ਸਾਲ ਨਹੀਂ, ਸਦੀਆਂ ਤੱਕ ਆਪਣੇ ਪਿਆਰੇ ਦੇ ਮਿਲਣ ਦੀ ਚਾਅ ਵਿਚ ਇੰਤਜ਼ਾਰ ਕਰਦੇ ਹਨ। ਐਸੇ ਹੀ ਸਨ ਬੁੱਢਣ ਸ਼ਾਹ ਜੀ ਜੋ ਕੀਰਤਪੁਰ ਲਾਗੇ ਪਹਾੜੀ ਉੱਤੇ ਉਸੇ ਸੋਹਣੀ ਜਗ੍ਹਾ ਉੱਤੇ ਜਿੱਥੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਸਨ, ਆਪਣਾ ਟਿਕਾਣਾ ਬਣਾ ਇੰਤਜ਼ਾਰ ਕਰ ਰਹੇ ਸਨ। ਸਮਾਂ ਬੀਤਦਾ ਗਿਆ ਪਰ ਬੁੱਢਣਸ਼ਾਹ ਜੀ ਗੁਰੂ ਨਾਨਕ ਦਾ ਨਾਮ ਲੈਂਦੇ ਉੱਥੇ ਹੀ ਅਰਾਧਨਾ ਕਰਦੇ ਬੈਠੇ ਰਹੇ। ਉਹ ਉਜਾੜ ਸਥਾਨ ਕਾਫ਼ੀ ਰਮਣੀਕ ਬਣ ਗਿਆ ਸੀ।

ਬੁੱਢਣਸ਼ਾਹ ਨੇ ਜਨਮ ਭਾਵੇਂ ਮੁਸਲਮਾਨ ਘਰ ਲਿਆ ਸੀ ਪਰ ਬ੍ਰਾਹਮਣਾਂ ਆਦਿ ਦਾ ਬੜਾ ਮਾਣ ਕਰਦੇ। ਸਭ ਧਰਮਾਂ ਦਾ ਸਤਿਕਾਰ ਕਰਦੇ। ਉਨ੍ਹਾਂ ਦੇ ਟਿਕਾਣੇ ਸ਼ੇਰ ਤੇ ਬਕਰੀ ਇਕੱਠੇ ਪਾਣੀ ਪੀਂਦੇ। ਬੁੱਢਣਸ਼ਾਹ ਅਲਾਹ ਦੇ ਰੰਗ ਵਿਚ ਮਸਤ ਰਹਿੰਦੇ। ਉਮਰ ਵਧਦੀ ਗਈ। ਸਮਾਂ ਬੀਤਦਾ ਗਿਆ। ਸਰੀਰ ਬਿਰਧ ਹੁੰਦਾ ਗਿਆ। ਸਾਥੀ ਪਿਆਰੇ ਸਾਥ ਛੱਡਦੇ ਗਏ। ਸਾਥੀ ਪੀਜੂ ਜਿਸ ਦੇ ਸਾਰੇ ਪਰਿਵਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਤਾਰਿਆ ਸੀ ਉਹ ਵੀ ਸੰਸਾਰ ਯਾਤਰਾ ਪੂਰੀ ਕਰ ਚਲੇ ਗਏ। ਉਸੇ ਪੀਜੇ ਦੀ ਧੀ ਵੀ 60 ਵਰ੍ਹੇ ਦੀ ਉਮਰ ਭੋਗ ਕੇ ਸਰੀਰਕ ਚੋਲਾ ਛੱਡ ਗਈ ਸੀ। ਕਈ ਫ਼ਕੀਰ, ਬਾਲ ਸਖਾ, ਪੀਜੂ ਦਾ ਪੁੱਤਰ ਤੇ ਭਤੀਜੇ ਵਾਰੀ-ਵਾਰੀ ਜ਼ਮੀਨ ਵਿਚ ਜਾ ਸੁੱਤੇ ਪਰ ਬੁੱਢਣ ਸ਼ਾਹ ਉਸੇ ਹੀ ਇੰਤਜ਼ਾਰ ਦੀ ਧੁਨੀ ਵਿਚ ਬੈਠੇ ਗੁਰੂ ਦਾ ਰਾਹ ਦੇਖਦੇ ਰਹੇ। ਜ਼ਰਾ ਵੀ ਸੋਚ ਵਿਚ ਉਦਾਸੀ ਨਹੀਂ ਆਈ। ਉਸ ਨੂੰ ਵਿਸ਼ਵਾਸ ਸੀ ਗੁਰ ਬਚਨਾਂ 'ਤੇ ਕਿ ਉਹ ਆਉਣਗੇ। ਅਲਾਹ ਦੇ ਗੁਣ ਗਾਂਦੇ। ਸੰਗਤ ਢੂੰਡ ਕੇ ਕਰਦੇ।

ਗੁਰੂ ਨਾਨਕ ਨੇ ਗੁਰੂ ਅੰਗਦ ਦਾ ਰੂਪ ਧਾਰਿਆ। ਗੁਰੂ ਅੰਗਦ ਗੁਰੂ ਅਮਰਦਾਸ ਕਹਿਲਾਏ। ਗੁਰੂ ਅਮਰਦਾਸ ਨੇ ਆਪਣੀ ਜੋਤ ਗੁਰੂ ਰਾਮਦਾਸ ਵਿਚ ਧਰੀ। ਗੁਰੂ ਰਾਮਦਾਸ ਗੁਰੂ ਅਰਜਨ ਵਿਚ ਸਮਾਏ। ਮੂਰਤ ਹਰਿਗੋਬਿੰਦ ਆਪ ਗੁਰੂ ਅਰਜਨ ਨੇ ਸਵਾਰੀ। ਬੁੱਢਣਸ਼ਾਹ ਨੂੰ ਸਿੱਖ ਆ ਕੇ ਦੱਸਦੇ ਕਿ ਹੁਣ ਕਿਸ ਗੁਰੂ ਦਾ ਪਹਿਰਾ ਹੈ। ਜਦ ਇਕ ਨੇ ਆ ਕੇ ਦੱਸਿਆ ਕਿ ਹੁਣ ਗੁਰੂ ਹਰਿਗੋਬਿੰਦ ਛੇਵੇਂ ਜਾਮੇ ਵਿਚ ਗੁਰੂ ਨਾਨਕ ਬੈਠੇ ਹਨ ਤਾਂ ਬੁੱਢਣ ਦੀ ਧੜਕਣ ਤੇਜ਼ ਹੋ ਗਈ। ਯਾਦ ਆਇਆ ਕਿ ਗੁਰੂ ਨਾਨਕ ਜੀ ਕਹਿ ਗਏ ਸਨ ਕਿ ਛੇਵੇਂ ਜਾਮੇ ਆ ਕੇ ਦੁੱਧ ਛਕਾਂਗੇ।

ਪੀਰ ਬੁੱਢਣ ਸ਼ਾਹ ਗੁਰੂ ਨਾਨਕ ਦਾ ਧਿਆਨ ਧਰ ਕੇਵਲ ਗੁਰੂ ਦਾ ਨਾਮ ਜਪਦੇ ਰਹਿੰਦੇ ਸਨ ਅਤੇ ਕਦੇ-ਕਦੇ ਤਾਂ ਪ੍ਰੇਮ ਰੂਪ ਹੀ ਹੋ ਜਾਂਦੇ ਸਨ।


www.sikhbookclub.com

*ਗੁਰ ਗੁਰ ਕਰੈ ਔਰ ਨਹਿ ਭਾਵੈ।*
*ਪ੍ਰੇਮ ਮਗਨ ਹੋ ਕਬਹੂੰ ਜਾਵੈ।*

ਅੰਤਰਜਾਮੀ ਗੁਰੂ ਹਰਿਗੋਬਿੰਦ ਜੀ ਨੂੰ ਜਦ ਪੀਰ ਬੁੱਢਣਸ਼ਾਹ ਦੇ ਅੰਤਮ ਸਮੇਂ ਬਾਰੇ ਗਿਆਤ ਹੋਇਆ ਤਾਂ ਭਾਨਾ ਜੀ ਕਹਿਣ ਲੱਗੇ ਕਿ ਗੁਰਦਿੱਤਾ ਜੀ ਨੂੰ ਕੀਰਤਪੁਰ ਭੇਜੋ ਤਾਂ ਕਿ ਉੱਥੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਨਗਰ ਵੀ ਵਸਾਇਆ ਜਾਵੇ ਤੇ ਬੁੱਢਣਸ਼ਾਹ ਜੀ ਦੀ ਆਸ ਵੀ ਪੂਰੀ ਕੀਤੀ ਜਾਵੇ।

ਬੁੱਢਣਸ਼ਾਹ ਜੀ ਕਾਫ਼ੀ ਬਿਰਧ ਹੋ ਗਏ ਸਨ ਪਰ ਆਤਮਾ ਵਿਚ ਉਸੇ ਤਰ੍ਹਾਂ ਹੀ ਝਲਕ ਸੀ ਗੁਰੂ ਦੇ ਦਰਸ਼ਨ ਕਰਨ ਦੀ।

*'ਗੁਰਮੁਖਿ ਬੁੱਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ'* ਦਾ ਝਲਕਾਰਾ ਮਿਲਦਾ ਸੀ।

ਗੁਰੂ ਹਰਿਗੋਬਿੰਦ ਜੀ ਦੇ ਕਹਿਣ 'ਤੇ ਬਾਬਾ ਗੁਰਦਿੱਤਾ ਜੀ ਦੇ ਪੁੱਜਣ 'ਤੇ ਹੀ ਬੁੱਢਣ ਸ਼ਾਹ ਜੀ ਸਮਝ ਗਏ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਰਮਾਏ ਬਚਨ ਫਲਣ ਦਾ ਸਮਾਂ ਆ ਗਿਆ ਹੈ। ਬਾਬਾ ਜੀ ਨੇ ਆਉਂਦਿਆਂ ਹੀ ਕਿਹਾ :

*"ਦੂੱਧ ਮਮ ਦੀਜੈ"*

ਇਹ ਸੁਣਦੇ ਸਾਰ ਹੀ ਬੁੱਢਣ ਸ਼ਾਹ ਜੀ ਨੇ ਨੈਣ ਖੋਲ੍ਹੇ ਤੇ ਦੁੱਧ ਚੋਅ ਕੇ ਅੱਗੇ ਰੱਖਿਆ। ਇਕ ਕਥਨ ਅਨੁਸਾਰ ਬਾਬਾ ਗੁਰਦਿੱਤਾ ਜੀ ਨੇ ਬੁੱਢਣਸ਼ਾਹ ਦੇ ਹੱਥੋਂ ਦੁੱਧ ਪੀਤਾ ਸੀ। ਬਾਬਾ ਗੁਰਦਿੱਤਾ ਜੀ ਬੜੇ ਸੰਤੁਸ਼ਟ ਹੋਏ ਤੇ ਬੁੱਢਣ ਜੀ ਨੇ ਵੀ ਬਾਕੀ ਦਾ ਦੁੱਧ ਪ੍ਰਸ਼ਾਦ ਜਾਣ ਕੇ ਛੱਕ ਲਿਆ। ਉਨ੍ਹਾਂ ਦੀ ਭੁੱਖ-ਪਿਆਸ ਸਭ ਮਿਟ ਗਈ। ਤ੍ਰਿਪਤ ਹੋ ਗਏ। ਉੱਥੇ ਹੀ ਬਾਬਾ ਜੀ ਨੇ ਹਾੜ੍ਹ ਦੀ ਦੋ ਤਾਰੀਖ਼ ਨੂੰ ਵਾਹਿਗੁਰੂ ਕਹਿ ਨਵੇਂ ਨਗਰ ਦਾ ਟੱਕ ਲਗਾਇਆ ਤੇ ਨਾਮ ਕੀਰਤਪੁਰ ਰੱਖਿਆ।

*ਹਾੜ ਨੈਨ ਅਤਿ ਤਬੈ ਬਿਤਾਯੋ।*
*ਸਤਿਨਾਮ ਕਹਿ ਟੱਕ ਲਗਾਯੋ।*
*ਕੀਰਤਪੁਰ ਤਹਿ ਨਾਮ ਧਰਾਯੋ।*

ਉਸ ਦਾ ਨਗਰ ਵਸਦਾ ਦੇਖ ਬੁੱਢਣਸ਼ਾਹ ਜੀ ਬੜੇ ਪ੍ਰਸੰਨ ਹੋਏ। ਇੱਥੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਤੋਂ ਭਾਨਾ ਜੀ ਦੇ ਕਹਿਣ 'ਤੇ ਬੀੜ ਸਾਹਿਬ ਆਏ। ਉੱਥੇ ਇਕ ਸੂਰ ਦੀ ਜੂਨ ਕੱਟੀ। ਇਹ ਸੂਰ ਉਹ ਹੀ ਬੰਦਾ ਸੀ ਜਿਸ ਨੇ ਬੀੜ ਸਾਹਿਬ ਬਾਬਾ ਬੁੱਢਾ ਜੀ ਦੇ 'ਗੁਰੂ ਘਰ ਨੂੰ ਭਾਜੜ ਕੀ ਪਈ ਹੈ' ਦੇ ਬਚਨ ਸੁਣ ਕੇ ਟੋਕ ਕੇ ਕਿਹਾ ਸੀ ਕਿ ਐਸਾ ਬਚਨ ਕਰਨ ਦਾ ਇਕ ਘਾਹੀ ਨੂੰ ਕੀ ਹੱਕ ਹੈ? ਬੁੱਢਾ ਜੀ ਨੇ ਉਸ ਵਕਤ ਕਿਹਾ ਸੀ : ਤੂੰ ਕੌਣ ਹੈਂ ਜੋ ਗੁਰੂ ਨਾਲ ਮੇਰੇ ਰਿਸ਼ਤੇ ਵਿਚਕਾਰ ਸੂਰਾਂ ਵਾਂਗ ਸ਼ੂੰ ਸ਼ੂੰ ਕਰਦਾ ਹੈਂ? ਪਰ ਵੱਡੇ ਆਦਮੀ ਦਾ ਗ਼ੁੱਸਾ ਵੀ ਥੋੜ੍ਹੇ ਚਿਰ ਲਈ ਹੁੰਦਾ ਹੈ। ਬੁੱਢਾ ਜੀ ਨੇ ਕਿਹਾ ਕਿ ਤੇਰਾ ਉਧਾਰ ਗੁਰੂ ਹਰਿਗੋਬਿੰਦ ਜੀ ਕਰਨਗੇ। ਸੋ ਇਸ ਸੂਰ ਨੂੰ ਮਾਰ ਉਦਾਰ ਕੀਤਾ। ਜਿੱਥੇ ਸੂਰ ਦਬਾਇਆ ਉਸ ਥਾਂ 'ਤੇ ਹੁਣ ਦਮਦਮਾ ਸਾਹਿਬ ਹੈ।

***ਤਿਹ ਨਾਂ ਦਮਦਮਾ ਪ੍ਰਭੁ ਬਨਾਯੋ।***
***ਬੁਕਰ ਤਨ ਜਹਿ ਭੂਮ ਹਤਾਯੋ।***

ਇਹ ਦਮਦਮਾ ਵਡਾਲੀ ਤੋਂ ਕੁਝ ਹੀ ਦੂਰ ਹੈ ਜਿੱਥੇ ਦੀਵਾਨ ਲੱਗਦੇ ਹਨ ਅਤੇ ਲੋਕੀਂ ਦਰਸ਼ਨ ਪਾ ਜਨਮ ਮਰਨ ਕੱਟਦੇ ਹਨ।

ਬੁੱਢਣ ਸ਼ਾਹ ਜੀ ਤੇ ਬਾਬਾ ਗੁਰਦਿੱਤਾ ਵਿਚ ਕਾਫ਼ੀ ਦੇਰ ਨਾਮ ਸਿਮਰਨ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਦੋਵੇਂ ਵਿਚਾਰਾਂ ਕਰਕੇ ਅਕਾਲ ਪੁਰਖ ਦੀ ਹਜ਼ੂਰੀ ਮਹਿਸੂਸ ਕਰਦੇ। ਬੁੱਢਣ ਜੀ ਦਾ ਆਪਾ ਮਿਟ ਗਿਆ ਸੀ। ਕੇਵਲ ਰਸ ਦੀ ਪ੍ਰਾਪਤੀ ਹਮੇਸ਼ਾ ਹੁੰਦੀ ਰਹਿੰਦੀ। ਲਿਵ ਨਾਲ ਅੰਦਰਲਾ ਖੁੱਲ੍ਹ ਗਿਆ। ਬੁੱਢਣਸ਼ਾਹ ਜੀ ਨੇ ਆਖਿਆ : ਮੈਂ ਆਤਮ ਸੁਖ ਤਾਂ ਪਾ ਲਿਆ ਹੈ। ਹੁਣ ਦੀਦਾਰ ਦੀ ਤਾਂਘ ਹੈ। ਬਾਬਾ ਗੁਰਦਿੱਤਾ ਜੀ ਨੂੰ ਉਚੇਚਾ ਕਿਹਾ ਕਿ ਮੇਰੀ ਦਸ਼ਾ ਗੁਰੂ ਹਰਿਗੋਬਿੰਦ ਜੀ ਨੂੰ ਛੇਤੀ ਦੱਸੋ।

ਬੁੱਢਣ ਸ਼ਾਹ ਦਾ ਅੰਤ ਸਮਾਂ ਨਜ਼ਦੀਕ ਆ ਰਿਹਾ ਸੀ। ਗੁਰੂ ਹਰਿਗੋਬਿੰਦ ਜੀ ਜਾਣਦੇ ਸਨ ਕਿ ਉਡੀਕ ਪੁਜਾਣ ਦਾ ਸਮਾਂ ਆ ਗਿਆ ਹੈ। ਗੁਰੂ ਜੀ ਕੀਰਤਪੁਰ ਪੁੱਜ ਕੇ ਸਿੱਧੇ ਬੁੱਢਣ ਸ਼ਾਹ ਦੀ ਝੁੱਗੀ ਆਏ ਤੇ ਕਿਹਾ : 'ਬੁੱਢਣ ਸ਼ਾਹ ! ਸਮਾਧੀ ਖੋਲ੍ਹ।' ਇਤਨਾ ਸੁਣਨਾ ਸੀ ਕਿ ਉਸ ਗੁਰੂ ਦੇ ਚਰਨ ਫੜ ਲਏ ਤੇ ਆਖਿਆ : "ਮੇਰਾ ਮਨ ਪਾਪੀ ਹੈ, ਵਿਸ਼ੇ ਵਿਕਾਰਾਂ ਨੇ ਇਸ 'ਤੇ ਕਾਬੂ ਪਾਇਆ ਹੋਇਆ ਹੈ। ਮੈਂ ਤੁਹਾਡਾ ਚਾਕਰ ਹਾਂ, ਆਪਣੇ ਨਾਮ ਦੀ ਪੈਜ ਰੱਖੋ। ਤੁਹਾਡੀ ਉਪਮਾ ਕੋਈ ਨਹੀਂ ਕਰ ਸਕਦਾ। ਜਦ ਵੀ ਪਾਪ ਸਿਰ ਉਤਾਂਹ ਹੋ ਜਾਂਦਾ ਹੈ ਤੁਸੀਂ ਅਵਤਾਰ ਧਾਰ ਇਸ ਦੀ ਜੜ੍ਹ ਵੱਢਦੇ ਹੋ। ਤੁਸੀਂ ਹੀ ਗੁਰੂ ਨਾਨਕ ਤੇ ਪੰਜਾਂ ਪਾਤਸ਼ਾਹੀਆਂ ਦੇ ਰੂਪ ਹੋ।

***ਜਬ ਜਬ ਹੋਇ ਬਡੋ, ਛਿਤ (ਪਾਪ) ਭਾਰੂ।***
***ਤਬ ਤਬ ਤੁਮ ਧਰ ਹੋ ਅਵਤਾਰੂ।***

ਤੁਸੀਂ ਗੁਰੂ ਨਾਨਕ ਦੇ ਰੂਪ ਵਿਚ ਜੋ ਵਚਨ ਕੀਤੇ ਸਨ ਉਸੇ ਨੂੰ ਹੀ ਪੂਰਾ ਕਰਨ ਆਏ ਹੋ। ਮੈਂ ਬੇਨਤੀ ਕੀਤੀ ਸੀ ਕਿ ਮੇਰੇ ਪ੍ਰਾਣ ਨਿਕਲਣ ਤਾਂ ਤੁਸੀਂ ਮੇਰੇ ਕੋਲ ਜ਼ਰੂਰ ਹੋਵੋ। ਅੱਜ ਉਹ ਇੱਛਾ ਵੀ ਪੂਰੀ ਕਰ ਦਿੱਤੀ ਹੈ।"

***ਤੁਮ ਗੁਰ ਨਾਨਕ ਬਚਨ ਉਚਾਰੇ।***
***ਛਟਮ ਰੂਪ ਕਰ ਮੋਹ ਦੀਦਾਰੇ।***
***'ਪ੍ਰਾਨ ਅੰਤ ਜਾਵੇ ਗੁਰ ਧਾਮ***
***ਸੋ ਪ੍ਰਭ ਭਏ ਪੁਰ ਮਮ ਕਾਮ।'***

ਗੁਰੂ ਹਰਿਗੋਬਿੰਦ ਜੀ ਨੇ ਬੁੱਢਣਸ਼ਾਹ ਨੂੰ ਆਖਿਆ, "ਸਾਡਾ ਅਕਾਲ ਚਲਾਣਾ ਇੱਥੇ ਹੀ ਹੋਣਾ ਹੈ, ਅਜੇ ਬਾਬੇ ਨਾਨਕ ਦਾ ਦਸਵੇਂ ਜਾਮੇ ਫੇਰਾ ਇੱਥੇ ਪੈਣਾ ਹੈ। ਬੁੱਢਣ ਸ਼ਾਹ ਜੀ ਹੋਰ ਚਿਰ ਜੀਵਨ ਲੋੜੋ ਤਾਂ ਦੱਸੋ।"

ਇਹ ਸੁਣ ਬੁੱਢਣ ਸ਼ਾਹ ਨੇ ਆਖਿਆ : "ਹੁਣ ਚਰਨ ਸ਼ਰਨ ਵਿਚ ਵਾਸਾ ਦਿਓ।


www.sikhbookclub.com

ਉਮਰ ਬੜੀ ਭੋਗ ਲਈ ਹੈ। ਉਮਰ ਤੋਂ ਭਾਵੇਂ ਰੱਜ ਚੁੱਕਾ ਹਾਂ ਪਰ ਤੇਰਾ ਰੂਪ ਤੱਕ ਨਹੀਂ ਰੱਜਿਆ।"

*ਦੇਖਤਿ ਬੰਦੇ ਪਦ ਅਰਬਿੰਦਾ। ਧੰਨ ਧੰਨ ਤੁਮ ਕੋ ਸੁਖ ਨੰਦਾ।*
*ਅੰਤ ਸਮੇਂ ਮੁਝ ਦਰਸ਼ਨ ਦੀਨ। ਕਰਯੋ ਕ੍ਰਿਤਾਰਥ ਸੰਕਟ ਕੀਨ।*

ਬੁੱਢਣਸ਼ਾਹ ਨੇ ਆਖਿਆ : "ਇਤਨੀ ਮਿਹਰ ਜ਼ਰੂਰ ਕਰਨੀ ਆਪਣੇ ਚਰਨਾਂ ਤੋਂ ਓਹਲੇ ਨਾ ਕਰਨਾ ਤੇ ਜਨਮ ਮਰਨ ਦਾ ਫੇਰ ਕਟਿਆ ਜਾਵੇ।

*ਪ੍ਰਾਨ ਅੰਤ ਦਰਸ਼ਨ ਮਨ ਦੀਨੋ।*
*ਅਪਨਾ ਪੁਨ ਪੂਰਨ ਤੁਮ ਕੀਨੋ।*
*ਸਿਦਕ ਨਿਰੰਤ੍ਰ ਮਮ ਰਹੈ, ਪਦ ਪੰਕਜ ਤੁਮ ਕੇਰ।*
*ਏਹੁ ਦਾਨ ਰਹਿ ਹੋ ਸਦਾ, ਨਹਿ ਅੰਤਰ ਫੇਰ।*

ਸੋ ਪ੍ਰਾਨ ਤਿਆਗਣ ਦੀ ਆਗਿਆ ਬਖ਼ਸ਼ੋ। ਇਤਨਾ ਕਿਹਾ ਸੀ ਕਿ ਪ੍ਰਾਣ ਪੰਖੇਰੂ ਉਡ ਗਏ।

*ਅਸ ਕਹ ਪਦ ਪੰਕਜ ਗੁਰ ਲਾਗਾ*
*ਤਜੈ ਪ੍ਰਾਨ ਬੁਢਨ ਬਡ ਭਾਗਾ।*

ਸਵੇਰ ਹੋ ਗਈ ਸੀ। ਆਸਾ ਦੀ ਵਾਰ ਦਾ ਕੀਰਤਨ ਭਾਈ ਬਾਬਕ ਨੇ ਆਰੰਭ ਕਰ ਦਿੱਤਾ ਤੇ ਬੁੱਢਣ ਸ਼ਾਹ ਨੂੰ ਉੱਥੇ ਹੀ ਦਫ਼ਨ ਕਰ ਦਿੱਤਾ। ਬੁੱਢਣ ਸ਼ਾਹ ਦੀ ਉਮਰ ਹਿਸਾਬ ਕੀਤੇ ਕੋਈ ਇਕ ਸੌ ਪੰਝੱਤਰ ਨੂੰ ਜਾ ਪਹੁੰਚਦੀ ਹੈ।

❑ ❑ ❑

# ਖ਼ੁਆਜਾ ਰੋਸ਼ਨ

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੀਵਨੀ ਪੜ੍ਹਦਿਆਂ ਇਹ ਅਹਿਸਾਸ ਹੋ ਜਾਂਦਾ ਹੈ ਕਿ ਕਿਸ ਤਰ੍ਹਾਂ ਗੁਰੂ ਦੇ ਸਿੱਖ ਗੁਰੂ ਦੀਦਾਰ ਲਈ ਅੱਖਾਂ ਵਿਛਾਏ ਬੈਠੇ ਰਹਿੰਦੇ ਸਨ। ਇਕ ਝਲਕ, ਇਕ ਸ਼ਬਦ, ਇਕ ਪਲ ਲਈ ਉਨ੍ਹਾਂ ਦਾ ਦੀਦਾਰ ਕਰਨ ਲਈ ਤੜਫਦੇ ਰਹਿੰਦੇ ਸਨ। ਉਨ੍ਹਾਂ ਦੇ ਦਰਸ਼ਨ ਕਰ ਅਨੁਭਵ ਦੀ ਦੁਨੀਆਂ ਵਿਚ ਚਲੇ ਜਾਂਦੇ। ਗੁਰੂ ਦੇ ਦੀਦਾਰ ਕਰ ਐਸੀ ਮਸਤੀ ਛਾਂਦੀ ਕਿ ਆਪਣੇ ਅੰਦਰ ਇਕ ਮਿੱਠੀ ਮਿੱਠੀ ਰਸ ਭਿੰਨੀ ਖ਼ੁਸ਼ਬੂ ਛਿੜਕੀ ਮਹਿਸੂਸ ਕਰਦੇ। ਆਪਣਾ ਜੀਵਨ ਸਫ਼ਲ ਸਮਝਦੇ। ਜਿਨ੍ਹਾਂ ਅੱਖਾਂ ਨੇ ਉਸ ਵਾਹਿਗੁਰੂ ਦਾ ਦੀਦਾਰ ਕੀਤਾ ਹੁੰਦਾ ਉਹ ਉਨ੍ਹਾਂ ਅੱਖਾਂ ਨੂੰ ਭਾਗਾਂ ਵਾਲਾ ਸਮਝ ਕਈ ਵਾਰੀ ਤਾਂ ਅੱਖਾਂ ਵੀ ਝਮਕਣਾ ਭੁੱਲ ਜਾਂਦੇ ਕਿ ਕਿਤੇ ਵਾਹਿਗੁਰੂ ਓਹਲੇ ਨਾ ਹੋ ਜਾਵੇ। ਪਰ ਜਦ ਬੰਦ ਕਰਦੇ ਤਾਂ ਵੀ ਉਸੇ ਹੀ ਵਾਹਿਗੁਰੂ ਦੀ ਮੂਰਤ ਅੱਖਾਂ ਅੱਗੇ ਆਉਂਦੀ। ਕੁਝ ਸਿੱਖ ਐਸੇ ਸਨ ਜੋ ਰੋਜ਼ ਹੀ ਗੁਰੂ ਦੇ ਦਰਸ਼ਨ ਕਰਨ ਪੈਂਡਾ ਮਾਰ ਆਉਂਦੇ। ਰਾਹਾਂ ਵਿਚ ਖੜ੍ਹੇ ਹੋ ਜਾਂਦੇ ਜਿਸ ਰਾਹ ਗੁਰੂ ਨੇ ਗੁਜ਼ਰਨਾ ਹੁੰਦਾ। ਭਾਈ ਗੁਰਦਾਸ ਜੀ ਨੇ ਲਿਖਿਆ : ਐਸਾ ਇਸ ਲਈ ਹੁੰਦਾ ਕਿ ਗੁਰੂ ਜੀ ਇਕ ਥਾਂ ਮੰਜੀ ਲਗਾ ਨਹੀਂ ਸਨ ਬੈਠਦੇ।

*ਨਮ ਫਿਰੋ ਨ ਡਰੋ ਡਰਾਇਆ।*

ਖ਼ੁਆਜਾ ਰੋਸ਼ਨ ਨੇ ਵੀ ਜਦ ਗੁਰੂ ਹਰਿਗੋਬਿੰਦ ਜੀ ਦੀ ਵਡਿਆਈ ਸੁਣੀ ਤਾਂ ਗੁਰੂ ਜੀ ਪਾਸ ਆਇਆ ਤੇ ਉਥੋਂ ਦਾ ਹੀ ਹੋ ਗਿਆ। ਜਦ ਸੇਵਾ ਦੀ ਮੰਗ ਕੀਤੀ ਤਾਂ ਗੁਰੂ ਹਰਿਗੋਬਿੰਦ ਜੀ ਨੇ ਖ਼ੁਆਜਾ ਰੋਸ਼ਨ ਨੂੰ ਘੋੜਿਆਂ ਦੀ ਸੇਵਾ ਕਰਨ ਨੂੰ ਲਗਾ ਦਿੱਤਾ। ਰੋਜ਼ ਨਿੱਤ ਦਰਸ਼ਨ ਪਾ ਅਨੰਦਿਤ ਹੁੰਦਾ। ਇਕ ਦਿਨ ਜਦ ਗੁਰੂ ਜੀ ਘੋੜੇ ਉੱਤੇ ਸਵਾਰ ਹੋ ਕਿਧਰੇ ਜਾਣ ਲੱਗੇ ਤਾਂ ਉਸ ਨੇ ਮਹਿਸੂਸ ਕੀਤਾ ਕਿ ਗੁਰੂ ਜੀ ਉਸ ਤੋਂ ਦੂਰ ਹੋ ਜਾਣਗੇ। ਇਹ ਖ਼ਿਆਲ ਆਉਂਦੇ ਹੀ ਉਸ ਨੇ ਗੁਰੂ ਜੀ ਦਾ ਘੋੜਾ ਦੌੜਦਾ ਦੇਖ ਉਸ ਪਿੱਛੇ ਆਪ ਵੀ ਦੌੜਨਾ ਸ਼ੁਰੂ ਕਰ ਦਿੱਤਾ । ਜਦ ਕੋਈ ਕੋਹਾਂ ਤੱਕ ਗੁਰੂ ਜੀ ਦਾ ਪਿੱਛਾ ਕਰਕੇ ਉਨ੍ਹਾਂ ਪਾਸ ਪੁੱਜਾ ਤਾਂ ਮਹਾਰਾਜ ਨੇ ਪ੍ਰਸੰਨ ਹੋ ਕੇ ਗਲ ਨਾਲ ਲਗਾਇਆ ਤੇ ਅੰਗ ਸੰਗ ਵਾਹਿਗੁਰੂ ਸਹਾਈ ਹੋਣ ਦੀ ਅਸੀਸ ਦਿੱਤੀ। ਉਸ ਦੀ ਘਾਲ ਥਾਇ ਪਈ ਆਖ ਕੇ ਦੁਆਬੇ ਵਿਚ ਪ੍ਰਚਾਰ ਕਰਨ ਲਈ ਨਿਯੁਕਤ ਕੀਤਾ। ਜਿਵੇਂ ਖ਼ਵਾਜਾ ਨੂੰ ਰੋਸ਼ਨੀ ਮਿਲੀ ਉਸੇ ਤਰ੍ਹਾਂ ਉਸ ਨੇ ਵੀ ਰੁਸ਼ਨਾਈ ਦੁਆਬੇ ਦਾ ਅੰਧੇਰਾ ਦੂਰ ਕਰਨ ਲਈ ਖਿਲਾਰੀ। ਉਸ ਨੇ ਨਗਰ-ਨਗਰ ਫਿਰ ਕੇ ਸਿੱਖੀ ਦਾ ਪ੍ਰਚਾਰ ਕੀਤਾ ਤੇ ਆਪਣਾ ਕੇਂਦਰ ਟਿਕਾਣਾ ਮਊ ਪਿੰਡ ਨੂੰ ਬਣਾ ਲਿਆ। ਉਸ ਦਾ ਮਜ਼ਾਰ ਵੀ ਉਸੇ ਪਿੰਡ ਬਣਿਆ ਹੋਇਆਂ ਹੈ।

❑ ❑ ❑

# ਸੱਯਦ ਸ਼ਾਹ ਜਾਨੀ

ਸੱਯਦ ਸ਼ਾਹ ਜਾਨੀ ਜੋ ਹਜ਼ਰਤ ਮੁਹੰਮਦ ਸਾਹਿਬ ਦੀ ਪੀੜ੍ਹੀ ਵਿਚੋਂ ਸੀ, ਸੱਚੇ ਮਾਰਗ ਦੀ ਤਲਾਸ਼ ਵਿਚ ਭਟਕ ਰਿਹਾ ਸੀ। ਉਸ ਨੂੰ ਰੌਸ਼ਨੀ ਦਾ ਤੇ ਪਤਾ ਸੀ ਪਰ ਰੌਸ਼ਨੀ ਕਿੱਥੋਂ ਪੈਦਾ ਹੁੰਦੀ ਹੈ ਇਹ ਨਹੀਂ ਸੀ ਜਾਣਦਾ। ਉਸ ਕੋਲ ਰਤਨ ਤਾਂ ਬਥੇਰੇ ਸਨ। ਉਹ ਰਤਨਾਂ ਦਾ ਪਾਰਖੂ ਵੀ ਸੀ, ਪਰ ਉਹ ਰਤਨ ਨਹੀਂ ਸੀ ਮਿਲਿਆ ਜਿਸ ਕਾਰਨ ਸਾਰੇ ਰਤਨ ਪ੍ਰਕਾਸ਼ਵਾਨ ਹੁੰਦੇ ਹਨ ਅਤੇ ਜਿਸ ਨੂੰ ਹੀਰੇ ਵਿਚ ਜੜਾਇਆ ਜਾ ਸਕੇ।

ਸੂਫ਼ੀ ਫ਼ਕੀਰਾਂ ਦੀ ਸੰਗਤ ਉਹ ਨਿੱਤ ਕਰਦਾ ਪਰ ਭਟਕਣਾ ਉਸੇ ਤਰ੍ਹਾਂ ਕਾਇਮ ਸੀ। ਉਸ ਨੇ ਆਪਣੀ ਅੰਦਰਲੇ ਨਾ ਠਹਿਰਨ ਦੀ ਗੱਲ ਇਕ ਹੋਰ ਜਗਿਆਸੂ ਨਾਲ ਕੀਤੀ ਤਾਂ ਉਸ ਜਗਿਆਸੂ ਨੇ ਖ਼ੁਆਜਾ ਰੋਸ਼ਨ ਦੀ ਦੱਸ ਪਾਈ। ਖ਼ੁਆਜਾ ਰੋਸ਼ਨ ਪਾਸ ਜਦ ਉਹ ਆਇਆ ਤਾਂ ਉਸ ਕਿਹਾ ਕਿ ਜੇ ਅਜੇ ਤੱਕ ਜਾਨੀ ਨੂੰ ਜਾਨੀ ਨਹੀਂ ਮਿਲਿਆ ਤਾਂ ਉਹ ਸਿਰਫ਼ ਗੁਰੂ ਹਰਿਗੋਬਿੰਦ ਮੀਰੀ ਪੀਰੀ ਦੇ ਮਾਲਕ ਕੋਲੋਂ ਹੀ ਮਿਲੇਗਾ। ਉਸ ਨੇ ਹੈਰਾਨੀ ਨਾਲ ਪੁੱਛਿਆ ਕਿ ਤਲਵਾਰ ਦੇ ਮਾਲਿਕ ਉਸ ਨੂੰ ਕਿਵੇਂ ਅਲਾਹ ਦਾ ਦੀਦਾਰ ਕਰਵਾ ਸਕਦੇ ਹਨ। ਪਰ ਹੋਰਨਾਂ ਨੇ ਵੀ ਕਿਹਾ ਕਿ ਤੇਰੀ ਤਸੱਲੀ ਮੀਰੀ ਪੀਰੀ ਦੇ ਮਾਲਕ ਕੋਲੋਂ ਹੀ ਹੋਣੀ ਹੈ। ਗੁਰੂ ਹਰਿਗੋਬਿੰਦ ਜੀ ਦਾ ਹਰਿਗੋਬਿੰਦਪੁਰ ਹੋਣਾ ਸੁਣ ਕੇ ਉੱਥੇ ਆਇਆ। ਸੰਗਤ ਕੀਤੀ ਤੇ ਪੁਕਾਰ ਉਠਿਆ : 'ਜਾਨੀ ਕੋ ਜਾਨੀ ਮਿਲਾ ਦੋ।' ਉਸਦਾ ਯਕੀਨ ਬੱਝ ਗਿਆ ਸੀ ਕਿ ਜੋ ਵੀ ਗੁਰੂ ਦੇ ਦਰ ਨਿਮਾਣਾ ਹੋ ਕੇ ਆਉਂਦਾ ਹੈ ਗੁਰੂ ਉਸ ਦੀ ਇੱਛਾ ਪੂਰੀ ਕਰਦੇ ਹਨ। ਉਹ ਗੁਰੂ ਦਵਾਰੇ ਬਾਹਰ ਬੈਠ ਉੱਚੀ ਉੱਚੀ ਪੁਕਾਰ ਕਰੀ ਜਾਣ ਲੱਗ ਪਿਆ। 'ਜਾਨੀ ਕੋ ਜਾਨੀ ਮਿਲਾ ਦੋ।' ਰੱਬ ਦੀ ਛੋਅ ਲਈ ਤਰਸਣ ਲੱਗਾ।

ਗੁਰੂ ਅੰਤਰਜਾਮੀ ਸਭ ਘਟਾਂ ਦੀ ਜਾਣਨ ਵਾਲੇ ਸਨ। ਉਹ ਤਾਂ ਸਯਦ ਦੀ ਪਰਪੱਕਤਾ ਤੇ ਦ੍ਰਿੜ੍ਹਤਾ ਕਿੱਥੋਂ ਤੱਕ ਹੈ, ਪਰਖਣਾ ਲੋੜਦੇ ਸਨ। ਉਹ ਉਸ ਪਾਸੋਂ ਆਪਣੀ ਮੌਜ ਵਿਚੋਂ ਲੰਘ ਜਾਂਦੇ ਪਰ ਉਸ ਵੱਲ ਧਿਆਨ ਤੱਕ ਨਾ ਦੇਂਦੇ। ਪੁੱਛ-ਗਿੱਛ ਤੱਕ ਵੀ ਨਾ ਕਰਦੇ। ਇਕ ਵਾਰ ਘੋੜੇ ਦੇ ਸੁੰਮਾਂ ਨਾਲ ਠੁੱਡਾ ਵੀ ਮਾਰਿਆ। ਜਿੱਥੇ ਉਹ ਬੈਠਾ ਸੀ ਇੱਟਾਂ ਦੀ ਦੀਵਾਰ ਵੀ ਖੜ੍ਹੀ ਕਰ ਦਿੱਤੀ ਤਾਂ ਕਿ ਗੁਰੂ ਜੀ ਨੂੰ ਆਉਂਦਾ ਜਾਂਦਾ ਵੀ ਨਾ ਦੇਖ ਸਕੇ, ਪਰ ਉਹ ਜਾਨੀ ਆਪਣੀ ਥਾਵੇਂ ਦ੍ਰਿੜ੍ਹ ਚਿੱਤ ਬੈਠਾ ਪੁਕਾਰੀ ਗਿਆ : ਜਾਨੀ ਕੋ ਜਾਨੀ ਮਿਲਾ ਦੋ।

ਜੋ ਵੀ ਸਿੱਖ ਗੁਰੂ ਦੇ ਦਰਸ਼ਨਾਂ ਲਈ ਆਉਂਦਾ ਉਸ ਵੱਲ ਨੀਝ ਭਰ ਇਹ ਹੀ ਕਹਿੰਦਾ ਕਿ ਜਾਨੀ ਕੋ ਜਾਨੀ ਮਿਲਵਾ ਦੇਵੋ। ਗੁਰੂ ਜੀ ਤੱਕ ਕਈ ਉਸ ਦੀ ਇਹ ਹਾਲ ਗ਼ਲਤਾਨ ਪੁਜਾਂਦੇ। ਤਾਂ ਗੁਰੂ ਜੀ ਨੇ ਰੁਪਿਆਂ ਦੀ ਭਰੀ ਹੋਈ ਥੈਲੀ

ਭੇਜੀ। ਉਸ ਨੇ ਰੁਪਿਆਂ ਵੱਲ ਦੇਖ ਸਿਰਫ਼ ਇਤਨਾ ਹੀ ਆਖਿਆ, 'ਜਾਨੀ ਕੋ ਜਾਨੀ ਮਿਲਾ ਦੋ ਜੀ' ਗੁਰੂ ਦੇ ਸਿੱਖਾਂ ਨੇ ਜਦ ਸੱਯਦ ਸ਼ਾਹ ਦਾ ਰੁਪਿਆਂ ਦੀ ਥੈਲੀ ਠੁਕਰਾਣ ਦੀ ਗੱਲ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਜੀ ਨੇ ਕਿਹਾ ਕਿ ਉਸ ਨੂੰ ਕਹੋ ਜੇ ਇਤਨੀ ਜਲਦੀ ਸੂ ਤਾਂ ਦਰਿਆ ਵਿਚ ਛਾਲ ਮਾਰ ਦੇਵੇ। ਗੁਰੂ ਜੀ ਨੇ ਤਾਂ ਸੁਭਾਵਿਕ ਬਚਨ ਕਹੇ ਸਨ ਪਰ ਉਸ ਸੁਣਨਾ ਸੀ ਕਿ ਦਰਿਆ ਵੱਲ ਨੱਸ ਉਠਿਆ। ਪਰ ਜਦ ਅਸਲ ਗੱਲ ਗੁਰੂ ਜੀ ਨੂੰ ਪਤਾ ਲੱਗੀ ਤਾਂ ਉਨ੍ਹਾਂ ਕੁਝ ਸਿੱਖਾਂ ਨੂੰ ਘੋੜਿਆਂ 'ਤੇ ਦੌੜਾਇਆ। ਸਿੱਖ ਉਸ ਨੂੰ ਦਰਿਆ ਵਿਚੋਂ ਕੱਢ ਗੁਰੂ ਜੀ ਪਾਸ ਲੈ ਆਏ। ਗੁਰੂ ਜੀ ਨੇ ਉਸ ਉੱਤੇ ਬਖ਼ਸ਼ਸ਼ ਕੀਤੀ। ਉਸ ਦੀ ਜਾਨ ਵਿਚ ਜਾਨ ਆਈ। ਸੱਚੇ ਗੁਰੂ ਦੀ ਪ੍ਰਾਪਤੀ ਹੋਈ। ਸੱਚਮੁੱਚ ਸ਼ਬਦ ਰੂਪੀ ਰਤਨ ਨਾਲ ਮਨ ਰੂਪੀ ਉਸ ਦਾ ਹੀਰਾ ਵਿੰਨ੍ਹਿਆ ਗਿਆ। ਗੁਰੂ ਦੇ ਸਿੱਖ ਰਤਨ ਪਦਾਰਥ ਹਨ। ਇਹ ਸਾਧ ਸੰਗਤ ਵਿਚ ਮਿਲਦੇ ਹਨ। ਪਾਰਬ੍ਰਹਮ ਤੇ ਪੂਰਨ ਬ੍ਰਹਮ। ਗੁਰੂ ਅਤੇ ਪਰਮੇਸ਼ਵਰ ਸਭ ਉਸੇ ਵਿਚ ਸਮਾਏ ਹਨ। ਜਾਨੀ ਨੂੰ ਸੁਖ ਫਲ ਦਾ ਸਹਿਜ ਦਾ ਨਿਵਾਸ ਹੋ ਗਿਆ। ਗੁਰੂ ਚੇਲੇ ਦੀ ਵਿੱਥ ਮੁੱਕ ਗਈ। ਉਹੀ ਗੁਰੂ ਹੋ ਕੇ ਚੇਲਾ ਹੈ ਤੇ ਚੇਲਾ ਹੋ ਕੇ ਉਹੀ ਗੁਰੂ ਹੈ। ਦੋਵੇਂ ਇਕ ਦੂਜੇ ਵਿਚ ਮਿਲ ਗਏ। ਜਾਨੀ ਨੂੰ ਜਾਨੀ ਮਿਲ ਗਿਆ।

ਗੁਰੂ ਜੀ ਨੇ ਉਸ ਨੂੰ ਪ੍ਰਚਾਰ ਹਿੱਤ ਕਾਬਲ ਭੇਜਿਆ। ਗੁਰੂ ਜੀ ਇਹ ਪ੍ਰਗਟਾਉਣਾ ਚਾਹੁੰਦੇ ਸਨ ਕਿ ਪਰਮਾਤਮਾ ਉਸੇ ਨੂੰ ਹੀ ਮਿਲਦਾ ਹੈ ਜੋ ਦੁੱਖ ਵਿਚ ਸੁੱਖ ਮਨਾ ਸਕਦਾ ਹੈ। ਜੋ ਕਸ਼ਟਾਂ ਵਿਚ ਮੁਸਕਰਾ ਸਕਦਾ ਹੈ, ਜੋ ਰਿਧੀਆਂ ਸਿੱਧੀਆਂ ਨੂੰ ਠੁਕਰਾ ਸਕਦਾ ਹੈ ਅਤੇ ਸਭ ਉੱਤੇ ਆਪਣਾ ਮਿਟਾ ਸਕਦਾ ਹੈ ਤਾਂ ਕਿਧਰੇ ਅੰਦਰ ਗੁਰੂ ਵਸਦਾ ਹੈ ਜਿਸ ਨੇ ਪਾਰਬ੍ਰਹਮ ਤੱਕ ਪਹੁੰਚ ਕਰਾਉਣੀ ਹੈ।

❑ ❑ ❑

# ਪ੍ਰਚਾਰਕ ਤੇ ਸਿੱਖ



www.sikhbookclub.com

# ਸਾਧੂ ਅਲਮਸਤ ਜੀ

ਸਾਧੂ ਅਲਮਸਤ ਹਮੇਸ਼ਾ ਵਾਹਿਗੁਰੂ ਦੇ ਰੰਗ ਵਿਚ ਹੀ ਰੰਗੇ ਰਹਿੰਦੇ। ਦੁਨੀਆਂ ਤੋਂ ਬੇਪਰਵਾਹ ਆਪਣੀ ਹੀ ਮਸਤੀ ਵਿਚ ਜਿਉਂਦੇ। ਅਲਾਹ ਦੇ ਪ੍ਰੇਮ ਦੇ ਨਸ਼ੇ ਵਿਚ ਬੇਸੁਧ ਰਹਿੰਦੇ।

*ਹਰਿ ਰਸ ਪੀਵੇ ਅਲਮਸਤ ਮਤਵਾਰਾ*

ਅਲਮਸਤ ਜੀ ਗੁਰੂ ਨਾਨਕ ਜੀ ਦੇ ਤੇ ਮੁੱਖ ਤੌਰ 'ਤੇ ਬਾਬਾ ਸ੍ਰੀ ਚੰਦ ਜੀ ਦੇ ਸੇਵਕ ਸਨ। ਅਲਮਸਤ ਜੀ ਇਕ ਆਤਮ ਗਿਆਨੀ ਸਾਧੂ ਸਨ। ਵਾਹਿਗੁਰੂ ਦੇ ਰੰਗ ਵਿਚ ਰੰਗੇ ਰਹਿੰਦੇ ਸਨ ਜਿਸ ਕਰਕੇ ਕੁਝ ਇਨ੍ਹਾਂ ਨੂੰ ਕਮਲੀਆ ਅਤੇ ਗੋਦੜੀਆ ਵੀ ਆਖਦੇ ਸਨ।

ਅਲਮਸਤ ਜੀ ਦਾ ਜਨਮ ਕਸ਼ਮੀਰ ਦੇ ਇਲਾਕੇ ਗੌੜ ਬ੍ਰਾਹਮਣ ਦੇ ਘਰ ਸੰਮਤ 1610 ਵਿਚ ਹੋਇਆ। ਬਾਲੂ ਹਸਨਾ ਇਸ ਦਾ ਛੋਟਾ ਭਰਾ ਸੀ। ਇਹ ਬਾਬਾ ਗੁਰਦਿੱਤਾ ਜੀ ਦਾ ਚੇਲਾ ਹੋ ਕੇ ਉਦਾਸੀਆਂ ਦੇ ਇਕ ਧੂੰਏਂ ਦਾ ਮੁਖੀਆ ਬਣਿਆ। ਸ੍ਰੀ ਗੁਰੂ ਹਰਿਗੋਬਿੰਦ ਜੀ ਨਾਨਕ ਮਤੇ ਇਸ ਦੀ ਪੁਕਾਰ 'ਤੇ ਪਹੁੰਚੇ ਸਨ ਤੇ ਉਸ ਪਿੱਪਲ ਦੇ ਸਿਧਾਂ ਵੱਲੋਂ ਸਾੜੇ ਨਾਨਕ ਦਰਖ਼ਤਾਂ ਨੂੰ ਛੱਟੇ ਮਾਰ ਹਰਿਆ ਭਰਿਆ ਕੀਤਾ :

*ਪੁਨ ਅਲਮਸਤ ਸਾਧੂ ਕੋ ਧੀਰ,*
*ਦੇ ਕਹਿ ਭਲੇ ਗੁਰੂ ਬਰਬੀਰ।*

ਸਿੱਖ ਕੌਮ ਦਾ ਇਕ ਅੰਗ ਉਦਾਸੀਨ ਵੀ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੋਂ ਚਲਿਆ ਸੀ। ਬਾਬਾ ਗੁਰਦਿੱਤਾ ਜੀ ਇਨ੍ਹਾਂ ਦੇ ਪਹਿਲੇ ਚੇਲੇ ਬਣੇ। ਅੱਗੋ ਇਨ੍ਹਾਂ ਦੇ ਚਾਰ ਸੇਵਕ ਬਣੇ—

(1) ਬਾਲੂ ਹਸਨਾ

(2) ਅਲਮਸਤ

(3) ਫੁਲਸ਼ਾਹ

(4) ਗੋਂਦਾ ਅਥਵਾ ਗੋਇੰਦ ਜੀ।

ਇਹ ਸਭ ਕਰਨੀ ਵਾਲੇ ਸਾਧੂ ਸਨ ਜਿਨ੍ਹਾਂ ਦੇ ਨਾਂ ਚਾਰ ਧੂੰਏਂ ਉਦਾਸੀਆਂ ਦੇ ਪ੍ਰਸਿੱਧ ਹਨ—

*ਬਾਲੂ ਹਸਨਾ ਫੁਲ ਪੁਨ ਗੋਂਦਾ ਅਰੁ ਅਲਮਸਤ*
*ਮੁਖ ਉਦਾਸੀ ਇਹ ਭਏ ਬਹੁਰੋ ਸਾਧੂ ਸਮਸਤ।*

ਧੂਣੀ ਦਾ ਅਰਥ ਹੈ ਮਸ਼ਾਲ ਜਗਾਉਣਾ ਤੇ ਰੌਸ਼ਨੀ ਕਰਨਾ। ਇਹ ਮੁਖੀ ਤੇ

ਉਨ੍ਹਾਂ ਦੇ ਸਾਥੀ ਸਿੱਖੀ ਦੀ ਮਸ਼ਾਲ ਲੈ ਕੇ ਪਿੰਡ-ਪਿੰਡ ਪੁੱਜੇ ਤੇ ਸਿੱਖੀ ਉਸ ਥਾਂ-ਥਾਂ ਪੁਜਾਈ ਜਿੱਥੇ ਕਿਸੇ ਦੇ ਪੁੱਜਣ ਦੀ ਸ਼ਕਤੀ ਨਹੀਂ ਸੀ ਹੁੰਦੀ। ਇਨ੍ਹਾਂ ਦੇ ਪ੍ਰਚਾਰ ਸਦਕਾ ਸਿੱਖੀ ਚਾਰੇ ਪਾਸੇ ਫੈਲੀ।

ਇਨ੍ਹਾਂ ਚਾਰ ਧੂਨੀਆਂ ਨਾਲ ਛੇ ਬਖ਼ਸ਼ਿਸ਼ਾਂ ਮਿਲਾ ਕੇ ਦਮਨਾਮੀ ਸਾਧੂ ਕਹੇ ਜਾਂਦੇ ਹਨ।

ਛੇ ਬਖ਼ਸ਼ਿਸ਼ਾਂ ਹਨ—

1. ਸੁਥਰੇ ਸ਼ਾਹੀ ਬਖ਼ਸ਼ਿਸ਼ — ਗੁਰੂ ਹਰਿ ਰਾਇ ਸਾਹਿਬ ਜੀ
2. ਸੰਗਤ ਸਾਹਿਬੀਏ — ਬਖ਼ਸ਼ਿਸ਼ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ
3. ਜੀਤਮਲੀਏ — ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਜੀ
4. ਬਖ਼ਤਮਲੀਏ — ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਜੀ
5. ਭਗਤ ਭਗਵਾਨੀਏ — ਬਖ਼ਸ਼ਿਸ਼ ਗੁਰੂ ਹਰਿ ਰਾਇ ਸਾਹਿਬ ਜੀ
6. ਮੀਹਾਂ ਸ਼ਾਹੀਏ — ਬਖ਼ਸ਼ਿਸ਼ ਗੁਰੂ ਤੇਗ ਬਹਾਦਰ ਜੀ।

ਇਨ੍ਹਾਂ ਉਦਾਸੀਆਂ ਦਾ ਲਿਬਾਸ ਮਜੀਠੀ ਚੋਲਾ, ਗਲ ਕਾਲੀ ਥੈਲੀ, ਹੱਥ ਤੂੰਬਾ ਅਤੇ ਸਿਰ ਉੱਚੀ ਨੋਕਦਾਰ ਟੋਪੀ ਨੁਮਾ ਦਸਤਾਰ ਹੁੰਦੀ ਸੀ। ਇਸ ਮੱਤ ਦੇ ਸਾਧੂ ਕੇਸ ਦਾੜ੍ਹੀ ਨਹੀਂ ਮਨਾਉਂਦੇ ਸਨ ਪਰ ਹੁਣ ਬਹੁਤ ਜਟਾਧਾਰੀ, ਮੁੰਡਿਤ ਭਸਮਧਾਰੀ, ਨਾਂਗੇ ਅਤੇ ਗੇਰੂ ਰੰਗੇ ਵਸਤਰ ਹੀ ਪਾਏ ਦੇਖੇ ਜਾਂਦੇ ਹਨ।

ਅਲਮਸਤ ਜੀ ਨੇ ਨਾਨਕ ਮਤੇ ਆਪਣਾ ਸਥਾਨ ਬਣਾਇਆ ਹੋਇਆ ਸੀ। ਇਹ ਸਥਾਨ ਨੇਪਾਲ ਦੀ ਤਰਾਈ ਵਿਚ ਗੋਰਖਪੁਰ ਤੋਂ ਅੱਗੇ ਹੈ। ਇਹ ਉਹ ਸਥਾਨ ਹੈ ਜਿੱਥੇ ਜਦੋਂ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਉਥੋਂ ਗੁਜ਼ਰ ਰਹੇ ਸਨ ਤਾਂ ਮਰਦਾਨੇ ਨੂੰ ਭੁੱਖ ਨੇ ਸਤਾਇਆ। ਉਨ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਕੁਝ ਚਿਰ ਰੁੱਕ ਕੇ ਰੋਟੀ ਖਾਣ ਬਾਰੇ ਆਖਿਆ। ਗੁਰੂ ਨਾਨਕ ਦੇਵ ਜੀ ਨੇ ਚਾਰੇ ਪਾਸੇ ਨਜ਼ਰ ਮਾਰੀ ਤੇ ਰੀਠੇ ਦੇ ਪੇੜ ਹੀ ਸਨ। ਗੁਰੂ ਜੀ ਨੇ ਉਨ੍ਹਾਂ ਵੱਲ ਤੱਕ ਆਖਿਆ ਜਾ ਖਾ ਲੈ। ਮਰਦਾਨਾ ਬੜਾ ਹੈਰਾਨ ਹੋਇਆ ਕਿਉਂਕਿ ਰੀਠੇ ਦਾ ਫਲ ਅਤਿ ਕੌੜਾ ਹੁੰਦਾ ਹੈ। ਜਦ ਗੁਰੂ ਨਾਨਕ ਦਾ ਕਿਹਾ ਮੰਨ ਉਸ ਫਲ ਤੋੜਿਆ ਤਾਂ ਫਲ ਅਤਿ ਦਾ ਮਿੱਠਾ ਸੀ। ਉਸ ਆਪ ਵੀ ਖਾਧੇ ਤੇ ਗੁਰੂ ਜੀ ਨੂੰ ਵੀ ਦਿੱਤੇ। ਜਿਸ ਪੇੜ ਤੋਂ ਫਲ ਤੋੜਿਆ ਉਸ ਦਾ ਫਲ ਅੱਜ ਵੀ ਮਿੱਠਾ ਅਤੇ ਸੁਆਦਲਾ ਹੁੰਦਾ ਹੈ। ਉਸੇ ਥਾਂ 'ਤੇ ਹੀ ਅਲਮਸਤ ਜੀ ਨੇ ਆਪਣਾ ਡੇਰਾ ਬਣਾ ਲਿਆ ਸੀ। ਅਲਮਸਤ ਜੀ ਪਹਿਲਾਂ ਰਾਵੀ ਦੇ ਕੰਢੇ ਬੱਕਰੀਆਂ ਚਾਰਦੇ ਸਨ। ਉਸ ਦੇ ਦਿਲ ਵਿਚ ਬਹੁਤ ਚਿਰ ਬਾਅਦ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦੀ ਇੱਛਾ ਜਾਗੀ। ਜਦ ਗੁਰੂ ਜੀ ਦੇ ਦਰਸ਼ਨ ਹੋਏ ਤਾਂ ਪ੍ਰੇਮ ਭਗਤੀ ਜਾਗ ਪਈ। ਇਕ ਬੱਕਰੀ ਦਾ ਦੁੱਧ ਚੋ ਕੇ ਗੁਰੂ ਜੀ ਅੱਗੇ ਰੱਖਿਆ। ਗੁਰੂ ਜੀ ਦੇ ਕਹਿਣ ਤੇ

ਕਿ ਕੁਝ ਮੰਗ ਤਾਂ ਅਲਮਸਤ ਜੀ ਨੇ ਮੰਗਿਆ ਕਿ ਤੁਹਾਡੇ ਦਰਸ਼ਨ ਹੁੰਦੇ ਰਹਿਣ ਤਾਂ ਗੁਰੂ ਜੀ ਨੇ ਆਖਿਆ ਕਿ ਛੇਵੇਂ ਜਾਮੇ ਵਿਚ ਆਪ ਜੀ ਪਾਸ ਆਵਾਂਗੇ। ਅਲਮਸਤ ਜੀ ਦਿਨ ਰਾਤ ਪ੍ਰਭੂ ਦੀ ਮਹਿਮਾ ਗਾਂਦੇ ਮਸਤ ਰਹਿੰਦੇ ਅਤੇ ਹਰ ਵਕਤ ਮਨ ਵਿਚ ਇਕੋ ਵਿਸ਼ਵਾਸ ਰਹਿੰਦਾ ਕਿ ਕਦ ਗੁਰੂ ਜੀ ਮੈਨੂੰ ਦਰਸ਼ਨ ਦੇਣਗੇ। ਉਸ ਨੂੰ ਕੁਝ ਮਸਤ ਸਾਧੂ ਵੀ ਆਖਦੇ ਸਨ। ਉਸ ਵਕਤ ਦੇ ਰਾਜੇ ਬਾਜ਼ ਬਹਾਦਰ ਦੇ ਘਰ ਇਕ ਬੇਟਾ ਹੋਇਆ। ਉਸ ਖ਼ੁਸ਼ੀ ਵਿਚ ਬੜੀਆਂ ਹੀ ਸੁਗਾਤਾਂ ਅਲਮਸਤ ਸਾਧੂ ਨੂੰ ਭੇਟ ਕੀਤੀਆਂ। ਅਲਮਸਤ ਜੀ ਨੇ ਸਾਰੀਆਂ ਭੇਟਾਵਾਂ ਸੰਮਤ 1687 ਨੂੰ ਅੰਮ੍ਰਿਤਸਰ ਗੁਰੂ ਸਾਹਿਬ ਦੇ ਚਰਨਾਂ ਵਿਚ ਲਿਆ ਭੇਟ ਕਰ ਦਿੱਤੀਆਂ। ਅਲਮਸਤ ਜੀ ਉਥੋਂ ਲੰਗਰ ਤੇ ਸੰਗਤ ਨੂੰ ਵੇਖ ਬੜੇ ਹੀ ਪ੍ਰਭਾਵਿਤ ਹੋਏ। ਗੁਰੂ ਜੀ ਤੋਂ ਬੜੀਆਂ ਹੀ ਹੋਰ ਬਖ਼ਸ਼ਿਸ਼ਾਂ ਲੈ ਵਾਪਸ ਮੁੜ ਆਏ। ਰਾਹ ਵਿਚ ਉਨ੍ਹਾਂ ਦੇ ਕਾਫ਼ੀ ਚੇਲੇ ਬਣ ਗਏ। ਅਲਮਸਤ ਜੀ ਨੇ ਹੁਣ ਫ਼ਕੀਰੀ ਦੀ ਥਾਂ ਲੰਗਰ ਤੇ ਕੀਰਤਨ ਵੀ ਕਰਨਾ ਸ਼ੁਰੂ ਕਰ ਦਿੱਤਾ ਸੀ। ਕਿਉਂਕਿ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ ਤੇ ਹੁਣ ਉਨ੍ਹਾਂ ਨੂੰ ਆਪਣੇ ਡੇਰੇ ਗੁਰੂ ਹਰਿਗੋਬਿੰਦ ਜੀ ਦੇ ਮਿਲਣ ਦੀ ਚਾਅ ਹੋਣ ਲੱਗੀ। ਹਰ ਵਕਤ ਹੁਣ ਇਕੋ ਹੀ ਧਿਆਨ ਕਰਦੇ ਕਦ ਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇਣਗੇ।

ਜਦ ਅਲਮਸਤ ਜੀ ਆਪਣੇ ਚੇਲੇ ਨਾਲ ਜਗਨਨਾਥ ਗਏ ਤਾਂ ਉੱਥੇ ਉਨ੍ਹਾਂ ਨੂੰ ਭੋਜਨ ਖਾਣ ਨੂੰ ਨਾ ਮਿਲਿਆ। ਪੰਡਤਾਂ ਨੇ ਜਗਨਨਾਥ ਨੂੰ ਭੋਗ ਲਗਾਇਆ ਤੇ ਜਿਸ ਥਾਲ ਵਿਚ ਭੋਗ ਲਗਾਇਆ ਸੀ ਉਹੀ ਥਾਲ ਅਲਮਸਤ ਜੀ ਪਾਸ ਪਹੁੰਚ ਗਿਆ। ਜਦ ਪੰਡਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਥਾਲ ਬਾਰੇ ਪੁੱਛਿਆ ਤਾਂ ਅਲਮਸਤ ਜੀ ਨੇ ਕਿਹਾ ਕਿ ਥਾਲ ਸਮੁੰਦਰ ਵਿਚ ਹੈ ਪਰ ਜਦ ਉੱਥੇ ਗਏ ਤਾਂ ਉਹੋ ਜਿਹੇ ਬੇਅੰਤ ਥਾਲ ਦੇਖੇ। ਸਭ ਬੜੇ ਹੈਰਾਨ ਹੋਏ। ਰਾਜਾ ਮੰਗੂ ਨਾਥ ਵੀ ਉਨ੍ਹਾਂ ਦਾ ਸੇਵਕ ਬਣ ਗਿਆ। ਉੱਥੇ ਕਾਫ਼ੀ ਚਿਰ ਅਲਮਸਤ ਜੀ ਮਠ ਬਣਾ ਕੇ ਰਹੇ। ਉਸ ਮੱਠ ਦਾ ਨਾਂ ਮੰਗੂ ਮੱਠ ਨਾਲ ਪ੍ਰਸਿੱਧ ਹੈ। ਨਾਨਕ ਸ਼ਾਹੀ ਸਾਧੂ ਸੰਤ ਬੜੇ ਹੀ ਉੱਥੇ ਆਉਣ ਲੱਗੇ। 1926 ਵਿਚ ਉਥੋਂ ਦੇ ਇਕ ਮਹੰਤ ਮੰਗਲ ਦਾਸ ਨੇ ਵੀ ਉਦਾਸੀ ਧਾਰਨ ਕਰ ਆਪਣੀ ਜ਼ਮੀਨ ਮਕਾਨ ਸਭ ਉਸ ਮੱਠ ਦੇ ਨਾਂ ਕਰ ਦਿੱਤੀ। ਅਲਮਸਤ ਜੀ ਨੇ ਕਾਫ਼ੀ ਸਮਾਂ ਜਗਨ ਨਾਥ ਪੁਰੀ ਵਿਚ ਬਿਤਾਇਆ।

ਅਲਮਸਤ ਜੀ ਆਪਣੇ ਡੇਰੇ ਨਾਨਕ ਮਤਾ ਇਕੋ ਆਸ, ਇਕੋ ਵਿਸ਼ਵਾਸ ਨਾਲ ਬੈਠੇ ਰਹੇ ਕਿ ਕਦ ਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇਣਗੇ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਵਾਹਿਗੁਰੂ ਉਨ੍ਹਾਂ ਦੀ ਪੁਕਾਰ ਸੁਣ ਇਸੇ ਪ੍ਰੇਮ ਵਿਚ ਜ਼ਰੂਰ ਦੌੜੇ ਚਲੇ ਆਉਣਗੇ। ਇਕ ਸਮੇਂ ਐਸਾ ਹੋਇਆ ਕਿ ਸਿੱਧਾਂ ਨੇ ਅਲਮਸਤ ਜੀ ਦੀ ਪ੍ਰਸਿੱਧੀ ਤੋਂ ਐਸੀ ਖੁਣਸ ਖਾਧੀ ਕਿ ਉਸ ਪਾਵਨ ਪਿੱਪਲ ਨੂੰ ਸਾੜਨ ਦਾ ਯਤਨ ਕੀਤਾ। ਅਲਮਸਤ ਜੀ ਨੇ ਅੰਮ੍ਰਿਤਸਰ ਪੁਕਾਰ ਭੇਜੀ ਤੇ ਗੁਰੂ ਜੀ ਲਸ਼ਕਰ ਸਮੇਤ ਨਾਨਕ ਮਤਾ ਪੁੱਜੇ। ਸਾਧੂ ਅਲਮਸਤ ਜੀ ਨੇ ਜਦ ਘੋੜਿਆਂ ਦੇ ਟਾਪਾਂ ਦੀ ਆਵਾਜ਼ ਸੁਣੀ ਤਾਂ ਦੇਖ

ਹੈਰਾਨ ਹੋਇਆ ਕਿ ਮੀਰੀ ਪੀਰੀ ਦੇ ਮਾਲਕ ਉਸ ਥਾਂ ਸਾਹਮਣੇ ਖੜੋਤੇ ਹਨ ਜਿੱਥੇ ਉਹ ਖੀਵਾ ਹੋਇਆ ਉਡੀਕ ਰਿਹਾ ਸੀ। ਉੱਥੇ ਸਿੱਧਾਂ ਨੂੰ ਕੰਬਣੀ ਛਿੜ ਗਈ। ਪਾਪ ਤਨ ਤੀਕਰ ਕੰਬਣ ਲੱਗੇ। ਗੁਰੂ ਹਰਿਗੋਬਿੰਦ ਜੀ ਦਾ ਤੇਜ ਦੇਖ ਉਨ੍ਹਾਂ ਦੀਆਂ ਸਿੱਧੀਆਂ ਮੰਦ ਪੈ ਗਈਆਂ। ਸਾਹਮਣੇ ਆਉਣ ਦਾ ਸਾਹਸ ਕਿਸੇ ਵਿਚ ਨਹੀਂ ਸੀ। ਬਹੁਤੇ ਛੱਪਰਾਂ, ਚਿੱਪਣੀਆਂ ਚੁੱਕ ਨੱਠ ਗਏ, ਜੋ ਕੁਝ ਰਹਿ ਗਏ ਉਨ੍ਹਾਂ ਨੂੰ ਗੁਰੂ ਜੀ ਨੇ ਵਾਹਿਗੁਰੂ ਨੂੰ ਯਾਦ ਕਰਨ ਦਾ ਸਰਲ ਤਰੀਕਾ ਦੱਸਿਆ। ਸੇਵਾ ਸਿਮਰਨ ਸਤਸੰਗ ਨਾਲ ਵਾਹਿਗੁਰੂ ਅੰਗ ਸੰਗ ਰਵ੍ਹੇਗਾ। ਆਪਣੇ ਆਪ ਨੂੰ ਕਸ਼ਟ ਦੇ ਕੇ ਕੁਝ ਨਹੀਂ ਮਿਲਦਾ। ਵਾਹਿਗੁਰੂ ਤਾਂ ਨਿਕਟ ਖੜੋਤਾ ਹੈ। ਹਰ ਇਕ ਦੇ ਮਨ ਵਿਚ ਵਸਦਾ ਹੈ। ਅਲਮਸਤ ਜੀ ਨੂੰ ਪਿਆਰ ਨਾਲ ਗਲੇ ਲਗਾਇਆ। ਗੁਰੂ ਜੀ ਨੇ ਉਸ ਪਿੱਪਲ 'ਤੇ ਕੇਸਰ ਦੇ ਛਿੱਟੇ ਮਾਰ ਹਰਾ ਕੀਤਾ। ਅੱਜ ਤੱਕ ਪੱਤਿਆਂ 'ਤੇ ਕੇਸਰ ਦੇ ਛਿੱਟਿਆਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ। ਫਿਰ ਦੀਵਾਨ ਸੱਜਣ ਲੱਗ ਪਏ। ਅਲਮਸਤ ਜੀ ਨੇ ਉਸੇ ਉਤਸ਼ਾਹ ਨਾਲ ਫਿਰ ਸਿੱਖੀ ਪ੍ਰਚਾਰਨੀ ਸ਼ੁਰੂ ਕਰ ਦਿੱਤੀ। ਆਪ ਜੀ ਦਾ ਅਕਾਲ ਚਲਾਣਾ ਉੱਥੇ ਨਾਨਕ ਮਤਾ ਹੀ ਸੰਨ 1643 (ਸੰਮਤ 1700) ਵਿਚ ਹੋਇਆ।

❑ ❑ ❑


www.sikhbookclub.com

# ਭਾਈ ਗੋਇੰਦਾ ਤੇ ਬਾਬਾ ਫੂਲ ਜੀ

ਭਾਈ ਗੋਇੰਦਾ ਜੀ ਤੇ ਬਾਬਾ ਫੂਲ ਜੀ ਸੱਕੇ ਭਰਾ ਸਨ। ਇਹ ਵੀ ਬਾਬਾ ਅਲਮਸਤ ਤੇ ਬਾਲੂ ਹਸਨਾ ਵਾਂਗ ਸ੍ਰੀਨਗਰ ਦੇ ਹੀ ਜੰਮਪਲ ਸਨ। ਇਨ੍ਹਾਂ ਦੇ ਪਿਤਾ ਦਾ ਨਾਂ ਭਾਈ ਜੈ ਦੇਵ ਜੀ ਤੇ ਮਾਤਾ ਜੀ ਦਾ ਨਾਂ ਸੁੱਭਦਰਾ ਜੀ ਸੀ। ਜਦ ਗੁਰੂ ਹਰਿਗੋਬਿੰਦ ਜੀ ਸ੍ਰੀਨਗਰ ਭਾਗਭਰੀ ਦੀ ਆਸ ਪੁਜਾਉਣ ਲਈ ਗਏ ਤਾਂ ਉਹ ਉਨ੍ਹਾਂ ਦੀ ਚਰਨ ਸ਼ਰਨ ਵਿਚ ਆ ਗਏ। ਇਨ੍ਹਾਂ ਦੋਵਾਂ ਨੇ ਦੇਸ਼ ਦੇ ਉਨ੍ਹਾਂ ਭਾਗਾਂ ਵਿਚ ਸਿੱਖੀ ਫੈਲਾਈ ਜਿੱਥੇ ਕਿਸੇ ਦੀ ਪਹੁੰਚ ਨਹੀਂ ਸੀ। ਇਨ੍ਹਾਂ ਦੇ ਦੋਵੇਂ ਧੂੰਏਂ ਬੜੇ ਪ੍ਰਸਿੱਧ ਹੋਏ। ਤਕਰੀਬਨ 317 ਅਸਥਾਨ ਇਨ੍ਹਾਂ ਦੇ ਪ੍ਰਸਿੱਧ ਹਨ ਜਿੱਥੇ ਕੇਂਦਰ ਬਣਾ ਕੇ ਇਨ੍ਹਾਂ ਸਿੱਖੀ ਦਾ ਪ੍ਰਚਾਰ ਕੀਤਾ।

❑ ❑ ❑

## ਭਾਈ ਝਿਲਮਨ ਤੇ ਭਾਈ ਖ਼ੁਸ਼ਾਲੀ ਜੀ

ਡਰੋਲੀ ਤੋਂ ਚਾਰ ਕਿਲੋਮੀਟਰ ਦੂਰ ਸੁਲਤਾਨ ਪੁਰ ਵੱਲ, ਇਥੋਂ ਦਾ ਹੀ ਵਸਨੀਕ ਸੀ ਭਾਈ ਝਿਲਮਨ ਤੇ ਭਾਈ ਖ਼ੁਸ਼ਾਲੀ ਜੀ। ਦੋਵੇਂ ਗੁਰੂ ਹਰਿਗੋਬਿੰਦ ਜੀ ਦਾ ਆਉਣਾ ਜਦ ਆਪਣੇ ਆਸ-ਪਾਸ ਦੇ ਪਿੰਡਾਂ ਵਿਚ ਸੁਣਦੇ ਤਾਂ ਝੱਟ ਉਨ੍ਹਾਂ ਦੇ ਦਰਸ਼ਨ ਲਈ ਤਿਆਰ ਹੋ ਜਾਂਦੇ ਤੇ ਉੱਥੇ ਪਹੁੰਚ ਬੜੀ ਸੇਵਾ ਟਹਿਲ ਕਰਦੇ ਰਹਿੰਦੇ। ਝਿਲਮਨ ਜੀ ਸਦਾ ਪੱਖੇ ਝੱਲਣ ਦੀ ਸੇਵਾ ਕਰਦੇ। ਸਾਰੀ ਸੰਗਤ ਜਦ ਬੜੇ ਧਿਆਨ ਨਾਲ ਗੁਰੂ ਜੀ ਦੇ ਮਿੱਠੇ ਬਚਨ ਸੁਣ ਰਹੀ ਹੁੰਦੀ, ਭਾਈ ਜੀ ਪੱਖੇ ਨਾਲ ਨਿੰਮੀ-ਨਿੰਮੀ ਠੰਢੀ ਹਵਾ ਝੱਲ ਰਹੇ ਹੁੰਦੇ। ਉਨ੍ਹਾਂ ਦਾ ਉਤਸ਼ਾਹ ਹੋਰ ਵਧਦਾ। ਸੰਗਤ ਇਸ ਪਾਸੇ ਗੁਰੂ ਜੀ ਦੇ ਮਿੱਠੇ-ਠੰਢੇ ਬਚਨ ਸੁਣ ਕੇ ਨਿਹਾਲ ਹੁੰਦੀ ਪਰ ਭਾਈ ਜੀ ਦੀ ਸੇਵਾ ਵੀ ਅਨੋਖੀ ਹੀ ਸੀ ਜੋ ਚਾਰੇ ਪਾਸੇ ਠੰਢ ਵਰਸਾ ਰਹੀ ਸੀ। ਗੁਰੂ ਹਰਿਗੋਬਿੰਦ ਜੀ ਇਨ੍ਹਾਂ ਦੀ ਸੇਵਾ ਤੋਂ ਬੜੇ ਪ੍ਰਸੰਨ ਹੋਏ ਤੇ ਸਿੱਖੀ ਦਾਨ ਦਿੱਤੀ ਤੇ ਕਿਹਾ ਪੱਖੇ ਦੀ ਪੌਣ ਦੀ ਤਰ੍ਹਾਂ ਥਾਂ-ਥਾਂ ਸਿੱਖੀ ਦੀ ਖ਼ੁਸ਼ਬੂ ਫੈਲਾਓ। ਆਪਣਾ ਚੋਲਾ, ਕੰਘਾ ਤੇ ਜ਼ਰੀਦਾਰ ਪੋਠੋਹਾਰੀ ਜੁੱਤੀ ਪ੍ਰਸੰਨ ਹੋ ਕੇ ਆਪ ਜੀ ਨੂੰ ਦਿੱਤੀ ਤੇ ਥਾਂ-ਥਾਂ 'ਤੇ ਸਿੱਖੀ ਫੈਲਾਉਣ ਲਈ ਆਖਿਆ ਤੇ ਇਹ ਕੀਮਤੀ ਵਸਤਾਂ ਇਨ੍ਹਾਂ ਦੇ ਖ਼ਾਨਦਾਨ ਪਾਸ ਸਨ, ਪਰ ਹੁਣ ਪਤਾ ਕਰਨ 'ਤੇ ਬੜਾ ਅਫ਼ਸੋਸ ਹੋਇਆ ਕਿ ਉਹ ਕਿਧਰੇ ਗਵਾਚੀਆਂ ਹੋਈਆਂ ਹਨ। ਤਰੱਦਦ ਕਰਕੇ ਵੀ ਲੱਭਣੀਆਂ ਚਾਹੀਦੀਆਂ ਹਨ।

❑ ❑ ❑

# ਬਾਲੂ ਹਸਨਾ

ਲੋਕਾਂ ਵਿਚ ਵਿਸ਼ਵਾਸ ਸੀ ਕਿ ਤੀਰਥਾਂ 'ਤੇ ਇਸ਼ਨਾਨ ਕੀਤਿਆਂ, ਸਾਧੂਆਂ ਆਦਿ ਦੇ ਦਰਸ਼ਨ ਕੀਤਿਆਂ ਪਾਪ ਮਿਟਦੇ ਹਨ। ਸੱਚੇ ਮਾਰਗ ਦਾ ਗਿਆਨ ਕਿਸੇ ਨੂੰ ਨਹੀਂ ਸੀ, ਪਰ ਜਦ ਵੱਡੇ-ਵੱਡੇ ਫ਼ਕੀਰਾਂ ਨੇ ਵੀ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕੀਤੇ ਤੇ ਉਹ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਐਸੀ ਨਾਮ ਦੀ ਮਸਤੀ ਚੜ੍ਹੀ ਜਿਸ ਦਾ ਅਨੰਦ ਆਪ ਵੀ ਲਿਆ ਤੇ ਲੋਕਾਂ ਨੂੰ ਵੀ ਦਿੱਤਾ। ਬਾਲੂ ਹਸਨਾ ਐਸੇ ਹੀ ਸਨ, ਜੋ ਅਲਮਸਤ ਜੀ ਦੇ ਭਰਾ ਸਨ ਤੇ ਗੁਰੂ ਦੇ ਦਰਸ਼ਨ ਕਰਕੇ ਸਿੱਖੀ ਫੈਲਾਣ ਵਿਚ ਸਭ ਤੋਂ ਅੱਗੇ ਰਹੇ।

ਇਸ ਮਹਾਤਮਾ ਦਾ ਜਨਮ ਸੰਮਤ 1621 ਵਿਚ ਇਕ ਬ੍ਰਾਹਮਣ ਦੇ ਘਰ ਸ੍ਰੀ ਨਗਰ (ਕਸ਼ਮੀਰ) ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਹਰਦੱਤ ਸੀ ਤੇ ਮਾਤਾ ਦਾ ਨਾਂ ਪ੍ਰਭਾ ਜੀ ਸੀ। ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਦੀ ਸੇਵਾ ਕਰਿਆ ਕਰਦੇ ਸਨ। ਸੰਮਤ 1693 ਵਿਚ ਬਾਬਾ ਗੁਰਦਿੱਤਾ ਜੀ ਦੇ ਚੇਲੇ ਬਣੇ। ਇਕ ਧੂਣੀ ਦੇ ਮੁਖੀ ਵੀ ਬਣੇ।

ਗੁਰੂ ਹਰਿਗੋਬਿੰਦ ਜੀ ਨੇ ਅਲਮਸਤ, ਭਾਈ ਗੋਇੰਦਾ, ਬਾਬਾ ਫੂਲ ਤੇ ਬਾਲੂ ਹਸਨਾ ਨੂੰ ਬਾਬਾ ਗੁਰਦਿੱਤਾ ਜੀ ਦੇ ਹਵਾਲੇ ਕੀਤਾ ਸੀ ਤੇ ਕਿਹਾ ਸੀ ਕਿ ੧ੴ ਜਿਸ ਦੀ ਮਹਿਮਾ ਗੁਰੂ ਨਾਨਕ ਦੇਵ ਜੀ ਨੇ ਗਾਈ ਹੈ, ਅਸਾਂ ਉਸੇ ਦਾ ਹੁਣ ਗੁਰਦਿੱਤਾ ਜੀ ਨੂੰ ਪ੍ਰਚਾਰ ਕਰਨ ਲਈ ਆਗਿਆ ਕੀਤੀ ਹੈ। ੧ੴ ਨੂੰ ਥਾਂ-ਥਾਂ ਪਹੁੰਚਾਓ ਤੇ ਧਰਮਸ਼ਾਲਾਵਾਂ ਕਾਇਮ ਕਰੋ। ਗੁਰ ਅਸਥਾਨਾਂ ਦੀ ਸੰਭਾਲ ਕਰੋ।

***ਅਮਰ ਕਥਾ ਕਾ ਬੀਜ ਏਹ,***
***ਓਅੰਕਾਰ ਸੁਭਾਈ।***
***ਓਅੰਕਾਰ ਕੀ ਹੀ ਮਹਿਮਾ ਗੁਰੂ ਨਾਨਕ ਗਾਈ।***

ਬਾਬਾ ਗੁਰਦਿੱਤਾ ਜੀ ਨੇ ਵੀ ਚਾਰਾਂ ਧੂਣੀਆਂ ਨੂੰ ੧ੴ ਦਾ ਮੰਤਰ ਦਿੱਤਾ ਤੇ ਉਥੋਂ ਹੀ ਸਭ ਉਦਾਸੀਆਂ ਨੂੰ ਹੁਕਮ ਹੋਇਆ ਕਿ ਇਸ ਦਾ ਪ੍ਰਚਾਰ ਕਰੋ।

***ਬਾਲੂ ਹਸਨੇ ਕੋ ਦਯੋ, ਬਾਬੇ ਗੁਰਦਿੱਤੇ।***
***ਬਹੁਰਿ ਦਯੋ ਅਲਮਸਤ ਕੋ, ਪਰਮ ਇਹ ਬਿਤੈ।***

ਇਨ੍ਹਾਂ ਉਦਾਸੀ ਮਹਾਂਪੁਰਖਾਂ ਸੰਤਾਂ ਨੇ ਸਿੱਖੀ ਦੀ ਲੋਅ ਦੂਰ-ਦੂਰ ਤੱਕ ਪਹੁੰਚਾਈ। ਕੋਈ ਥਾਂ ਐਸਾ ਨਹੀਂ ਹੋਵੇਗਾ, ਜਿੱਥੇ ਸਿੱਖੀ ਦੀ ਲਾਗ ਤੇ ਜਾਗ ਨਾ ਲੱਗੀ ਹੋਵੇ। ਇਹ ਉਦਾਸੀ ਮਹਾਂਪੁਰਸ਼ ਨਿਰਚਾਹੀ, ਨਿਰਮੋਹ, ਨਿਰਮਾਣ, ਨਿਰਭੈ, ਵਿੱਦਿਆ ਦੇ ਕੋਟ ਤੇ ਸ਼ਰਧਾ ਦੀ ਮੂਰਤ ਹੁੰਦੇ ਸਨ।

ਇਨ੍ਹਾਂ ਧੂਣੀਆਂ ਨੇ ਬੰਗਾਲ, ਬਿਹਾਰ, ਉੜੀਸਾ, ਯੂ. ਪੀ. ਬਲੋਚਿਸਤਾਨ,

ਕਾਬਲ ਤੱਕ ਪ੍ਰਚਾਰ ਕੀਤਾ। ਬਾਬਾ ਬਾਲੂ ਹਸਨਾ ਜੀ ਦੇ ਧੂੰਆਂ ਵਿਚੋਂ ਸਨ—ਭਾਈ ਪ੍ਰਹਿਲਾਦ ਸਿੰਘ ਜੀ, ਜਿਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਮ ਲਾਲ ਦਾਸ ਤੇ ਤਖ਼ੱਲਸ ਖ਼ਿਆਲ ਸੀ। ਇਹ ਗੁਰੂ ਜੀ ਦੇ ਲਾਂਗਰੀ ਕਰਕੇ ਵੀ ਪ੍ਰਸਿੱਧ ਸਨ। ਇਨ੍ਹਾਂ ਦਾ ਲਿਖਿਆ ਰਹਿਤਨਾਮਾ ਪੰਥ ਵਿਚ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਨ੍ਹਾਂ ਧੂਣਿਆਂ ਨੇ ਖਾਸ ਤੌਰ 'ਤੇ ਸਿੰਧ ਤੇ ਸਮੁੰਦਰੀ ਇਲਾਕਿਆਂ ਵਿਚ ਪ੍ਰਚਾਰ ਕੀਤਾ। ਬਾਲੂ ਹਸਨਾ ਦਾ ਅਕਾਲ ਚਲਾਣਾ ਦੇਹਰਾਦੂਨ ਸੰਮਤ 1717 ਵਿਚ ਹੋਇਆ।

❑ ❑ ❑


www.sikhbookclub.com

# ਸੁਥਰੇ ਸ਼ਾਹ

ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਆਪਣੀ ਪੁਸਤਕ ਤਹਿਕੀਕਾਤਿ ਚਿਸ਼ਤੀ ਵਿਚ ਲਿਖਿਆ ਹੈ ਕਿ ਸੁਥਰਾ ਚੰਦ ਮੂਲ ਮਦਵਾਰਾ ਜਾਤ ਦਾ ਖਤਰੀ ਸੀ। ਉਸ ਦੇ ਨਾਨਕੇ ਨੰਦ ਖਤਰੀ ਸਨ। ਉਸ ਦੀ ਜਨਮ ਭੂਮੀ ਪਿੰਡ ਬਹਿਰਾਮਪੁਰ ਬਾਰਾਮੂਲੇ ਲਾਗੇ ਸੀ। ਇਸ ਦੇ ਜਨਮ ਨੂੰ ਕੁਸਗਨਾ ਜਾਣ ਕੇ ਮਾਪੇ ਬਾਹਰ ਸੁਟ ਗਏ, ਕਿਉਂਕਿ ਜੰਮਦਿਆਂ ਹੀ ਦੰਦੀਆਂ ਇਸਦੇ ਮੂੰਹ ਵਿਚ ਸਨ। ਕਸ਼ਮੀਰ ਤੋਂ ਵਾਪਸ ਮੁੜਦੇ ਰਾਹ ਵਿਚ ਰੋਣ ਦੀ ਆਵਾਜ਼ ਜਦ ਗੁਰੂ ਹਰਿਗੋਬਿੰਦ ਜੀ ਦੇ ਕੰਨੀਂ ਪਈ ਤਾਂ ਉਨ੍ਹਾਂ ਕਿਹਾ—'ਕੇਹਾ ਸੁਥਰਾ ਬਾਲ ਪਿਆ ਹੈ, ਚੁੱਕ ਕੇ ਸੰਭਾਲੋ ਤੇ ਪਾਲਣ ਦਾ ਪ੍ਰਬੰਧ ਕਰੋ।' ਮਹਾਰਾਜ ਨੇ ਮੁੱਖੋਂ ਸੁੱਥਰਾ ਸ਼ਬਦ ਉਚਾਰਿਆ ਤੇ ਨਾਮ ਹੀ ਸੁਥਰਾ ਪੈ ਗਿਆ।

ਪੰਜ ਸਾਲਾਂ ਦਾ ਹੋਇਆ ਤਾਂ ਮਾਪੇ ਪਛਤਾਵਾ ਕਰ ਬੱਚੇ ਨੂੰ ਨਾਲ ਘਰ ਲੈ ਗਏ। ਮਾਪੇ ਗੁਜ਼ਰਨ ਉਪਰੰਤ ਸਭ ਘਰ ਦਾ ਧਨ ਮਾਲ ਧਰਮ ਅਰਥ ਕਰਕੇ ਸੁਥਰਾ ਗੁਰੂ ਦੇ ਚਰਨਾਂ ਵਿਚ ਫਿਰ ਆ ਗਿਆ। ਮਹਾਰਾਜ ਨੇ ਆਉਂਦਿਆਂ ਹੀ ਕਿਹਾ : ਆਓ ਸੁਥਰੇ ਸ਼ਾਹ। ਲੋਕੀਂ ਸੁਥਰੇ ਸ਼ਾਹ ਕਹਿਣ ਲੱਗ ਪਏ। ਸੁਭਾਅ ਦਾ ਬੜਾ ਹਸਮੁਖ ਸੀ। ਗੁਰੂ ਸੇਵਾ ਦਾ ਸਦਕਾ ਬਚਨਾਂ ਵਿਚ ਸਤਿਆ ਵੀ ਆ ਗਈ। ਜੋ ਬੋਲੇ ਪੂਰਾ ਹੋਵੇ। ਬੜੇ ਕੌਤਕੀ ਢੰਗ ਨਾਲ ਪ੍ਰਚਾਰ ਕਰਦੇ ਸਨ। ਇਕ ਸਮੇਂ ਗੁਰੂ ਦਰਬਾਰ ਵਿਚ ਭੀੜ ਲੱਗੀ ਹੋਈ ਸੀ। ਕੋਈ ਅੱਗੇ ਨਾ ਆਉਣ ਦੇਵੇ। ਇਸਨੇ ਇਕ ਠੀਕਰੀਆਂ ਦੀ ਭਰੀ ਬੋਰੀ ਲਈ ਤੇ ਅੱਗੇ ਹੋ ਕੇ ਕਹਿਣ ਲੱਗਾ, 'ਰਾਹ ਦਿਓ, ਭੇਟਾ ਚਰਨਾਂ 'ਤੇ ਧਰਨੀ ਹੈ।' ਜਦ ਗੁਰੂ ਹਜ਼ੂਰ ਆਇਆ ਤਾਂ ਬੋਰੀ ਨੂੰ ਹੀ ਮੱਥਾ ਟੇਕੀ ਜਾਵੇ। ਮਹਾਰਾਜ ਨੇ ਪੁੱਛਿਆ, ਇਹ ਸੁਥਰੇ ਸ਼ਾਹ ਕੀ ਹੈ ? ਤਾਂ ਕਹਿਣ ਲੱਗਾ, ਮਹਾਰਾਜ! ਇਸੇ ਸਦਕਾ ਤਾਂ ਤੁਹਾਡੇ ਦਰਸ਼ਨ ਹੋਏ ਹਨ। ਨਹੀਂ ਤੇ ਤੁਹਾਡੇ ਚਰਨਾਂ ਤੱਕ ਕੌਣ ਪੁੱਜਣ ਦਿੰਦਾ। ਉਸ ਵੇਲੇ ਹੁਕਮ ਹੋਇਆ ਕਿ ਕਾਰ ਭੇਟਾ ਤੇ ਰਸਦਾਂ ਸਿੱਧੀ ਲੰਗਰ ਪਾਈ ਜਾਵੇ। ਦਰਸ਼ਨਾਂ ਲਈ ਕਿਸੇ ਨੂੰ ਨਾ ਰੋਕਿਆ ਜਾਵੇ।

ਇਕ ਵਾਰੀ ਜਦ ਗੁਰੂ ਜੀ ਬਚਨ ਕਰ ਰਹੇ ਸਨ ਤਾਂ ਸੁਥਰਾ ਪਿੱਠ ਕਰਕੇ ਬੈਠ ਗਿਆ। ਸੰਗਤਾਂ ਬੁਰਾ ਮਨਾਇਆ ਤੇ ਗੁਰੂ ਜੀ ਨੇ ਇਸ ਦਾ ਕਾਰਨ ਪੁੱਛਿਆ ਤਾਂ ਸੁਥਰੇ ਨੇ ਕਿਹਾ, ਮਹਾਰਾਜ ਆਪ ਜੀ ਦੇ ਬਚਨ ਪਹਿਲਾਂ ਤਾਂ ਮੈਂ ਸਨਮੁਖ ਹੋ ਚਿਹਰੇ 'ਤੇ ਝਲਦਾ ਰਿਹਾ ਪਰ ਮੇਰੀ ਤਾਂ ਹੋਰ ਸੱਤਾ ਨਹੀਂ ਰਹੀ ਇਸ ਲਈ ਪਿੱਠ ਕੀਤੀ ਕਿ ਉੱਥੇ ਬਚਨਾਂ ਦੀ ਮਾਰ ਪਵੇ। ਪਤਾ ਨਹੀਂ ਬਚਨਾਂ ਦੇ ਤੀਰ ਸੰਗਤ ਕਿਵੇਂ ਸਹਾਰ ਲੈਂਦੀ ਹੈ।

ਸੁਥਰੇ ਨੇ ਸਾਧੂ ਸੀਤਲ ਦਾਸ ਨੂੰ ਉਂਗਲਾਂ ਦਿਖਾ ਹੀ ਦਰਸਾ ਦਿੱਤਾ ਕਿ ਉਹ ਕੇਵਲ ਨਾਂ ਦਾ ਹੀ ਸੀਤਲ ਸੀ, ਅੰਦਰੋਂ ਸੁਲਗ ਰਿਹਾ ਹੈ। ਔਰੰਗਜ਼ੇਬ ਵੇਲੇ ਤਾਂ

ਜੁਰਅੱਤ ਦੀ ਹੱਦ ਦਸਦਿਆਂ ਦਿੱਲੀ ਜਾ ਕੇ ਕਈ ਵਾਰੀ ਮੌਲਾਣਿਆ, ਕਾਜ਼ੀਆਂ ਤੇ ਔਰੰਗਜ਼ੇਬ ਨੂੰ ਝੂਠਾ ਕੀਤਾ। ਔਰੰਗਜ਼ੇਬ ਸਾਹਮਣੇ ਜਾ ਕੇ ਵੀ ਕਹਿ ਦਿੱਤਾ ਕਿ ਦਿਲ ਨਾ ਢਾਹ ਇਹ ਹੀ ਰੱਬ ਦੀ ਮਸਤੀ ਹੈ।

ਗੁਰੂ ਦੇ ਹੁਕਮ ਅਨੁਸਾਰ ਸੁਥਰੇ ਨੇ ਪੰਜਾਬ ਦੀਆਂ ਪਰਬਤੀ ਰਿਆਸਤਾਂ, ਕਸ਼ਮੀਰ ਤੇ ਬਲਖ ਬੁਖ਼ਾਰਾ ਤੱਕ ਸਿੱਖੀ ਦਾ ਝੰਡਾ ਲਹਿਰਾਇਆ। ਦਬਿਸਤਾਨਿ-ਮਜ਼ਾਹਬ ਨੇ ਵੀ ਲਿਖਿਆ ਹੈ ਕਿ ਸੁਥਰਾ ਤੇ ਦੋ ਸਿਫਾ ਨੇ ਬੜੇ ਨਿਰਾਲੇ ਢੰਗ ਨਾਲ ਸਿੱਖੀ ਦੂਰ-ਦੂਰ ਤੱਕ ਫੈਲਾਈ।

ਇਸ ਬਖ਼ਸ਼ ਦੇ ਚਾਰ ਉੱਘੇ ਸੱਜਣ ਭਾਈ ਜਾਦੋ, ਭਾਈ ਝੂੰਜਾ ਸ਼ਾਹ, ਭਾਈ ਰਜ਼ਾਲ ਸ਼ਾਹ ਤੇ ਅੰਧੇਰ ਸ਼ਾਹ ਹੋਏ ਹਨ। ਸੁੱਥਰੇ ਸ਼ਾਹ ਨੇ ਕਈ ਟੱਪੇ ਰਚੇ ਜੋ ਬਹੁਤ ਹੀ ਭਾਵਪੂਰਤ ਹਨ ਅਤੇ ਲੋਕਾਂ ਦੇ ਮੂੰਹ ਚੜ੍ਹੇ ਹਨ। ਬੜਾ ਸਿੱਧਾ ਪ੍ਰਚਾਰ ਉਨ੍ਹਾਂ ਦੀ ਕਵਿਤਾ ਵਿਚ ਸੀ। ਜਿਵੇਂ—

*ਸੁਥਰਿਆ ਲੋਕਾਂ ਦੀਆਂ ਕਹਾਣੀਆਂ, ਧਰੈ ਕੰਮ ਨ ਕੋਇ।*
*ਜੋ ਤੇ ਕੰਮ ਸਵਾਰਨਾ, ਸਿਮਰ ਸਵੇਰੇ ਸੋਇ।*

ਮੀਰੀ ਪੀਰੀ ਦੇ ਮਾਲਕ ਦੀ ਉਪਮਾ ਵਿਚ ਬੜੀ ਸੋਹਣੀ ਪਉੜੀ ਲਿਖੀ ਹੈ।

*ਉਹ ਚਾਕਰ ਵੱਡੀ ਠਉਰ ਦਾ ਕਰਨੀ ਪੈ ਪੂਰਾ।*
*ਘੋੜਾ ਉਸ ਦਾ ਲਖ ਦਾ, ਹਥਿਆਰੀ ਸੂਰਾ।*
*ਘਾਓ ਨ ਖਾਇ ਮਗਰ ਵਿਚਿ, ਸਨਮੁਖ ਮਗਰੂਰਾ।*
*ਖਵਈਆ ਸਾੜ੍ਹੇ ਦੁੱਧ ਦਾ, ਕਦੇ ਖਾਇ ਨਾ ਕੂਰਾ।*
*ਸਭੇ ਗੱਲਾਂ ਊਣੀਆਂ, ਨਾਉ ਤੇਰਾ ਪੂਰਾ।*

ਭਾਈ ਸੁਥਰੇ ਸ਼ਾਹ ਚਰਵੰਜਾ ਵਰ੍ਹੇ ਦੀ ਆਯੂ ਭੋਗ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਕਾਲ ਚਲਾਣਾ ਕਰ ਗਏ। ਇਸ ਬਖ਼ਸ਼ਸ਼ ਦੇ ਹੋਰ ਉੱਘੇ ਸਿੱਖ ਭਾਈ ਝੱਗੜ ਸ਼ਾਹ, ਭਾਈ ਮੁਸ਼ਤਾਕ ਸ਼ਾਹ (ਲਾਹੌਰੀ), ਭਾਈ ਹਰੇ ਸ਼ਾਹ (ਬਟਾਲਾ) ਪ੍ਰਸਿੱਧ ਹੋਏ। ਇਨ੍ਹਾਂ ਦੇ ਦੋ ਅਸਥਾਨ ਇਕ ਸ੍ਰੀ ਅੰਮ੍ਰਿਤਸਰ ਚੌਕ ਛੱਤੀ ਖੂਹੀ ਅਤੇ ਦੂਜਾ ਖ਼ਜ਼ਾਨੇ ਦੇ ਕਟੜੇ ਲਾਗੇ ਦੇਖੇ ਜਾ ਸਕਦੇ ਹਨ ਅਤੇ ਕਈ ਨੂਰਮਹਿਲ, ਸਿੰਧ, ਜੌਨਪੁਰ ਤੇ ਅਫ਼ਗਾਨਿਸਤਾਨ ਵੀ ਹਨ।

❑ ❑ ❑

# ਗੈਰ ਚੋਣਵੇਂ ਸਿੱਖ



www.sikhbookclub.com

# ਸ਼ਰਧਾਲੂ ਸਿੱਖ

ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦੇ ਅਨੇਕਾਂ ਸਿੱਖਾਂ ਵਿਚੋਂ ਉਨ੍ਹਾਂ ਦੇ ਕੁਝ ਕੁ ਨਿਕਟਵਰਤੀਆਂ ਦੇ ਨਾਂ ਤੇ ਕਰਮ ਇਸ ਸੂਚੀ ਵਿਚ ਦੇਣ ਦਾ ਯਤਨ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਨੇ ਜਿਨ੍ਹਾਂ ਦਾ ਉਚੇਚਾ ਜ਼ਿਕਰ ਕੀਤਾ ਹੈ ਉਨ੍ਹਾਂ ਵਿਚ ਕੁਝ ਇਹ ਹਨ—

## ਭਾਈ ਦਰਗਾਹ ਭੰਡਾਰੀ

ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਲਈ ਆਇਆ ਤਾਂ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਦੱਸੋ ਕਿ ਕਿਸ ਤਰ੍ਹਾਂ ਦਾ ਗਿਆਨ ਮਨੁੱਖ ਨੂੰ ਸਹੀ ਰਸਤੇ 'ਤੇ ਪਾਉਂਦਾ ਹੈ। ਮਨੁੱਖ ਕੀ ਵਤੀਰਾ ਅਪਣਾਏ ਕਿ ਮਨ ਨੀਵਾਂ ਹੋਏ ਤੇ ਸੱਚਾ ਗਿਆਨ ਪ੍ਰਾਪਤ ਹੋਏ। ਗੁਰੂ ਜੀ ਨੇ ਫ਼ਰਮਾਇਆ ਕਿ ਕਿਸੇ ਦਾ ਦਿਲ ਨਹੀਂ ਦੁਖਾਣਾ। ਹਰ ਇਕ ਨਾਲ ਪ੍ਰਸੰਨਤਾ ਨਾਲ ਰਹਿਣਾ। ਇਹ ਹੀ ਗਿਆਨ ਦਾ ਮੂਲ ਹੈ।

## ਮੀਆਂ ਜਮਾਲ ਜੀ

ਮੀਆਂ ਜਮਾਲ ਨੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਪੁੱਛਿਆ : ਮਹਾਰਾਜ, ਕ੍ਰਿਪਾ ਕਰਕੇ ਮੇਰੀ ਸ਼ੰਕਾ ਨਿਵਾਰਨ ਕਰੋ ਕਿ ਪ੍ਰਭੂ ਤਾਂ ਇਕ ਹੈ ਤੇ ਸਾਰੇ ਉਸ ਦੇ ਜਾਏ ਹਨ। ਜੇ ਇਕ ਨੂੰ ਗਿਆਨ ਪ੍ਰਾਪਤ ਹੋ ਜਾਵੇ ਤਾਂ ਸਾਰੀ ਮਨੁੱਖਤਾ ਦਾ ਅਗਿਆਨ ਅੰਧੇਰਾ ਮਿਟ ਕਿਉਂ ਨਹੀਂ ਜਾਂਦਾ?" ਗੁਰੂ ਜੀ ਨੇ ਫ਼ਰਮਾਇਆ, "ਅਕਾਸ਼ ਵਿਚ ਚੰਨ ਇਕ ਹੈ ਪਰ ਜਿਸ ਦਾ ਮਨ ਠਹਿਰਿਆ ਹੋਵੇ ਉਹ ਹੀ ਚੰਨ ਦੇਖ ਸਕਦਾ ਹੈ। ਬਸ ਮਨ ਠਹਿਰਾਣ ਦੀ ਲੋੜ ਹੈ।

## ਭਾਈ ਅਨੰਤਾ ਤੇ ਭਾਈ ਕੁਕੋ

ਭਾਈ ਅਨੰਤਾ ਤੇ ਭਾਈ ਕੁਕੋ ਜਦ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਵਿਚ ਆਏ ਤਾਂ ਅਰਦਾਸ ਕੀਤੀ ਕਿ ਪਾਤਸ਼ਾਹ ਇਹ ਮਿਹਰ ਕਰ ਦੱਸੋ ਕਿ ਤੁਸਾਂ ਕੜਾਹ ਪ੍ਰਸ਼ਾਦ ਨੂੰ ਹੀ ਨਿਰੋਲ ਪ੍ਰਸ਼ਾਦ ਕਿਉਂ ਪ੍ਰਵਾਨ ਕੀਤਾ ਹੈ? ਗੁਰੂ ਜੀ ਨੇ ਕਿਹਾ, ਜਿਵੇਂ ਕੜਾਹ ਵਿਚੋਂ ਕੋਈ ਸ਼ੈ, ਸੁੱਟਣ ਵਾਲੀ ਨਹੀਂ ਹੁੰਦੀ, ਸਾਰੀ ਹੀ ਛਕ ਲਈਦੀ ਹੈ, ਤਿਵੇਂ ਦੀਵਾਨ ਦੀ ਸਮਾਪਤੀ ਪਿੱਛੋਂ ਜਦ ਕੜਾਹ ਪ੍ਰਸ਼ਾਦ ਵਰਤਾਈਦਾ ਹੈ ਤਾਂ ਇਹ ਦਰਸਾਈਦਾ ਹੈ ਕਿ ਜੋ ਗੁਰੂ ਉਪਦੇਸ਼ ਸੁਣਿਆ ਹੈ, ਉਸ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਕੇ ਜਾ ਰਹੇ ਹਾਂ। ਫਿਰ ਜਿਵੇਂ ਪਰਸ਼ਾਦ ਗਲ ਤੋਂ ਹੇਠਾਂ ਲੈ ਜਾਈਦਾ

ਹੈ ਤਾਂ ਹੀ ਸਵਾਦ ਆਉਂਦਾ ਹੈ ਤਿਵੇਂ ਉਪਦੇਸ਼ ਨੂੰ ਜੀਵਨ ਵਿਚ ਢਾਲਾਂਗੇ ਤਾਂ ਹੀ ਅਸਰ ਕਰੇਗਾ।

## ਭਾਈ ਨਿਵਲ ਤੇ ਨਿਹਾਲੂ

ਭਾਈ ਨਿਵਲ ਤੇ ਨਿਹਾਲੂ ਜੀ ਨੂੰ ਗੁਰੂ ਜੀ ਨੇ ਦੱਸਿਆ ਕਿ ਸ਼ੁੱਧ ਵਿਚਾਰ ਕਰਨ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ। ਜੋ ਗੁਰੂ ਦੇ ਹੁਕਮਾਂ 'ਤੇ ਟੁਰਦਾ ਹੈ ਜੀਵਨ ਮੁਕਤ ਹੋ ਜਾਂਦਾ ਹੈ।

## ਭਾਈ ਤਖ਼ਤ ਧੀਰ

ਭਾਈ ਤਖ਼ਤ ਧੀਰ ਨੇ ਗੁਰੂ ਜੀ ਕੋਲੋਂ ਪੁੱਛਿਆ ਕਿ ਕੁਝ ਵਕਤਿਆਂ ਦੀਆਂ ਕਹੀਆਂ ਗੱਲਾਂ, ਸਿੱਖਿਆਵਾਂ ਤਾਂ ਬੜਾ ਅਸਰ ਕਰਦੀਆਂ ਹਨ। ਇਹ ਕਿਸ ਤਰ੍ਹਾਂ ਹੁੰਦਾ ਹੈ? ਗੁਰੂ ਜੀ ਨੇ ਦੱਸਿਆ ਕਿ ਚੰਗਾ ਵਕਤਾ ਉਹ ਹੀ ਹੈ ਜੋ ਜਿਉਂ-ਜਿਉਂ ਕਥਾ ਕਰੇ ਤਿਉਂ-ਤਿਉਂ ਸਰੋਤਿਆਂ ਦੇ ਮਨ ਨੂੰ ਪ੍ਰੀਤ ਦਾ ਰੰਗ ਚੜ੍ਹਦਾ ਜਾਵੇ।

## ਕ੍ਰਿਸ਼ਨਾ ਝੇਈ, ਪੰਮੂ ਪੁਰੀ

ਕ੍ਰਿਸ਼ਨਾ ਝੇਈ, ਪੰਮੂ ਪੁਰੀ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਆਏ। ਉਨ੍ਹਾਂ ਪੁੱਛਿਆ ਕਿ ਜੀਵਨ ਮੁਕਤ ਕਿਸ ਤਰ੍ਹਾਂ ਹੁੰਦਾ ਹੈ, ਸਾਨੂੰ ਸਹੀ ਮਾਰਗ ਦੱਸੋ। ਗੁਰੂ ਜੀ ਨੇ ਫ਼ਰਮਾਇਆ : ਗਿਆਨੀ ਪੁਰਖਾਂ ਤੋਂ ਗਿਆਨ ਹਾਸਲ ਕੀਤਿਆਂ ਮਿਲਦਾ ਹੈ ਤੇ ਸੰਸਾਰ ਵੱਲੋਂ ਮਰ ਜਾਈਦਾ ਹੈ। ਸੰਸਾਰ ਵੱਲੋਂ ਮਰਨ ਤੱਕ ਜੀਵਨ ਮੁਕਤ ਹੋ ਜਾਈਦਾ ਹੈ।

## ਭਾਈ ਧਿੰਗੜ ਤੇ ਮਦੂ ਜੀ

ਭਾਈ ਧਿੰਗੜ ਤੇ ਮਦੂ ਜੀ ਗੁਰੂ ਹਰਿਗੋਬਿੰਦ ਜੀ ਦੇ ਸ਼ਰਨੀਂ ਆ ਕੇ ਸੇਵਾ ਟਹਿਲ ਕਰਦੇ ਰਹਿੰਦੇ। ਲੱਕੜੀਆਂ ਚੀਰ ਕੇ ਚੌਂਕੀਆਂ ਤੇ ਮੰਜੇ ਬਣਾਂਦੇ ਤੇ ਸਿੱਖਾਂ ਦਾ ਜੋ ਕੰਮ ਹੁੰਦਾ ਕਰ ਦਿੰਦੇ। ਗੁਰੂ ਜੀ ਦੇ ਬਚਨ ਵੀ ਸੁਣਦੇ ਰਹਿੰਦੇ। ਵਾਹਿਗੁਰੂ ਦਾ ਨਾਮ ਜਪਦਿਆਂ ਹੀ ਪ੍ਰਾਣ ਛੋੜੇ।

## ਭਾਈ ਬਨਵਾਲੀ ਤੇ ਪਰਸਰਾਮ

ਇਹ ਦੋਵੇਂ ਵੈਦ ਸਨ ਤੇ ਸਿੱਖਾਂ ਦੀ ਸੇਵਾ ਬੜੇ ਮਨ ਨਾਲ ਕਰਦੇ। ਗੁਰੂ ਹਰਿਗੋਬਿੰਦ ਜੀ ਇਨ੍ਹਾਂ 'ਤੇ ਬੜੇ ਪ੍ਰਸੰਨ ਹੋਏ। ਕਲਿਆਣ ਕੀਤੀ ਤੇ ਅਸ਼ੀਰਵਾਦ ਦਿੱਤੀ।

## ਭਾਈ ਤੀਰਥਾ

ਭਾਈ ਤੀਰਥਾ ਜੀ ਨੇ ਗੁਰੂ ਹਰਿਗੋਬਿੰਦ ਜੀ ਕੋਲੋਂ ਪੁੱਛਿਆ ਕਿ ਕਿਸ ਤਰ੍ਹਾਂ ਸੰਸਾਰ ਵਿਚ ਰਹਿ ਕੇ ਨਾਮ ਜਪਿਆ ਜਾ ਸਕਦਾ ਹੈ ਤਾਂ ਗੁਰੂ ਹਰਿਗੋਬਿੰਦ ਜੀ ਨੇ ਦੱਸਿਆ 'ਸੇਵਾ ਟਹਿਲ ਕਰਨ ਨਾਲ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਰਹਿੰਦੀ ਹੈ।'

## ਭਾਈ ਹਰਿਦਾਸ ਸੁਇਨੀ

ਭਾਈ ਹਰਿਦਾਸ ਗਵਾਲੀਅਰ ਵਿਚ ਰਹਿੰਦੇ ਸਨ। ਸਭ ਸਿੱਖਾਂ ਦੀ ਸੇਵਾ ਬੜਾ ਮਨ ਲਗਾ ਕੇ ਕਰਦੇ ਸਨ। ਜੇਲ੍ਹ ਦੇ ਦਰੋਗਾ ਸਨ। ਗੁਰੂ ਹਰਿਗੋਬਿੰਦ ਜੀ ਜਦ ਗਵਾਲੀਅਰ ਵਿਖੇ ਬੰਦੀ ਪਾਏ ਗਏ ਤਾਂ ਇਨ੍ਹਾਂ ਪ੍ਰਵਾਹ ਕੀਤੇ ਬਗ਼ੈਰ ਪੂਰਾ ਖ਼ਿਆਲ ਰੱਖਿਆ। ਇਥੋਂ ਤੱਕ ਜਦ ਜ਼ਹਿਰ ਭਰਿਆ ਚੋਲਾ ਚੰਦੂ ਨੇ ਭੇਜਿਆ ਤਾਂ ਉਸ ਦਾ ਮੂੰਹ ਤੋੜ ਜਵਾਬ ਦਿੱਤਾ।

## ਭਾਈ ਧੀਰੋ ਉਜੈਨੀ

ਭਾਈ ਧੀਰੋ ਉਜੈਨ ਦੇ ਰਹਿਣ ਵਾਲੇ ਸਨ। ਗੁਰੂ ਜੀ ਦੇ ਦਰਸ਼ਨਾਂ ਲਈ ਅੱਧੀ ਰਾਤ ਹੀ ਇਸ਼ਨਾਨ ਕਰਕੇ ਸਭ ਤੋਂ ਪਹਿਲਾਂ ਪੁੱਜਦੇ ਤੇ ਆਪ ਕੀਰਤਨ ਕਰਦੇ। ਫਿਰ ਜਦ ਰਬਾਬੀ ਆ ਜਾਂਦੇ ਤਾਂ ਆਪੂੰ ਬੈਠ ਸੁਣਦੇ। ਮਹਾਰਾਜ ਨੇ ਪ੍ਰਸੰਨ ਹੋ ਕੇ ਨਾਮ ਦਾਨ ਦਿੱਤਾ।

## ਭਾਈ ਭਗਵਾਨ ਦਾਸ, ਭਾਈ ਬੋਦਲਾ

ਜਦ ਦੋਵੇਂ ਗੁਰੂ ਜੀ ਦੀ ਸ਼ਰਨ ਆਏ ਤੇ ਆਖਿਆ, ਸਾਡਾ ਉਧਾਰ ਕਰੋ ਤਾਂ ਗੁਰੂ ਜੀ ਨੇ ਉਪਦੇਸ਼ ਦਿੰਦੇ ਕਿਹਾ, 'ਅੰਮ੍ਰਿਤ ਵੇਲਾ, ਨਹੀਂ ਖੁੰਝਾਉਣਾ। ਗੁਰੂ ਦੀ ਬਾਣੀ ਦੀ ਚਰਚਾ ਕਰਕੇ ਫਿਰ ਆਪਣੇ ਕੰਮਾਂ ਨੂੰ ਜਾਣਾ।' ਅੰਮ੍ਰਿਤ ਵੇਲੇ ਦੀ ਵਡਿਆਈ ਦੱਸੀ।

## ਭਾਈ ਮਲਕ ਕਟਾਰੂ ਪ੍ਰਿਥੀਮਲ ਜਰਾਂਦੀ

ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਨੂੰ ਵਹਿਮਾਂ, ਭਰਮਾਂ ਤੋਂ ਦੂਰ ਰਹਿਣ ਲਈ ਆਖਿਆ। ਵਹਿਮਾਂ ਵਿਚ ਨਾ ਪਇਆਂ ਸੱਚ ਦੇ ਦਰਸ਼ਨ ਹੁੰਦੇ ਹਨ।

## ਭਾਈ ਭਿਖਾਰੀ ਭਾਬੜਾ

ਭਾਈ ਭਿਖਾਰੀ ਭਾਬੜਾ ਗੁਜਰਾਤ ਦੇ ਰਹਿਣ ਵਾਲੇ ਸਨ। ਰਜ਼ਾ ਵਿਚ ਸਦਾ ਰਾਜ਼ੀ ਰਹਿੰਦੇ। ਜਗਤ ਨੂੰ ਝੂਠਾ ਜਾਣ ਮੋਹ ਨਹੀਂ ਵਧਾਇਆ। ਗੁਰੂ ਹਰਿਗੋਬਿੰਦ

ਜੀ ਨੇ ਉਨ੍ਹਾਂ ਦੀ ਗੁਰੂ-ਭਗਤੀ 'ਤੇ ਪ੍ਰਸੰਨ ਹੋ 'ਸਿੱਖੀ ਦੀ ਮੂਰਤ' ਕਿਹਾ। ਜਦ ਕੋਈ ਕਹਿੰਦਾ ਕਿ ਸਿੱਖ ਦੇ ਦਰਸ਼ਨ ਕਰਾਓ ਤਾਂ ਭਾਈ ਭਿਖਾਰੀ ਪਾਸ ਭੇਜਦੇ।

## ਮਈਆ ਲੰਬ

ਮਈਆ ਲੰਬ ਨੂੰ ਸਾਧ ਸੰਗਤ ਦੀ ਮਹਿਮਾ ਸਮਝਾਈ। ਸੰਗਤ ਕੀਤਿਆਂ ਮਾੜੀਆਂ ਰੁਚੀਆਂ ਖ਼ਤਮ ਹੁੰਦੀਆਂ ਹਨ।

## ਭਾਈ ਭਾਨਾ

ਭਾਈ ਭਾਨਾ ਜੀ ਪਰਾਗ (ਅਲਾਹਾਬਾਦ) ਦੇ ਵਸਨੀਕ ਸਨ। ਉਨ੍ਹਾਂ ਇਕ ਵਾਰ ਗੁਰੂ ਹਰਿਗੋਬਿੰਦ ਜੀ ਕੋਲੋਂ ਪੁੱਛਿਆ ਕਿ ਜੇ ਵਾਰ-ਵਾਰ ਵਾਹਿਗੁਰੂ ਨੂੰ ਬੁਲਾਈਏ ਤਾਂ ਉਹ ਖਿਝ ਨਹੀਂ ਜਾਂਦਾ ਜਿਵੇਂ ਕਿਸੇ ਸੰਸਾਰੀ ਮਨੁੱਖ ਨੂੰ ਵਾਰ-ਵਾਰ ਬੁਲਾਈਏ ਤਾਂ ਉਹ ਨਰਾਜ਼ ਹੋ ਜਾਂਦਾ ਹੈ। ਤਾਂ ਗੁਰੂ ਜੀ ਨੇ ਕਿਹਾ—ਐਸਾ ਨਹੀਂ, ਵਾਹਿਗੁਰੂ ਦਾ ਨਾਂ ਲਿਆਂ ਵਾਹਿਗੁਰੂ ਦਾ ਹੀ ਰੂਪ ਹੋ ਜਾਈਦਾ ਹੈ। ਆਪਾ ਮਿਟ ਜਾਂਦਾ ਹੈ।

## ਭਾਈ ਜੱਟੀ ਤਪਾ

ਭਾਈ ਜੱਟੀ ਤਪਾ ਸੁਜਾਨਪੁਰ (ਹਰਦੁਆਰ) ਵਿਚ ਰਹਿੰਦਾ ਸੀ। ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਵਾਹਿਗੁਰੂ ਸ਼ਬਦ ਦੀ ਮਹਿਮਾ ਸਮਝਾਂਦਿਆਂ ਕਿਹਾ ਕਿ ਵਾਹਿਗੁਰੂ ਕਹਿਆਂ ਅਗਿਆਨ ਦਾ ਅੰਧੇਰਾ ਦੂਰ ਹੁੰਦਾ ਹੈ ਤੇ ਅੰਦਰ ਪ੍ਰਕਾਸ਼ ਹੁੰਦਾ ਹੈ।

*ਭਾਈ ਨਵਲਾ, ਨਿਹਾਲਾ*

ਦੋਵੇਂ ਪਟਨਾ (ਬਿਹਾਰ) ਦੇ ਰਹਿਣ ਵਾਲੇ ਸਨ। ਸੱਚ ਹੀ ਬੋਲਦੇ ਤੇ ਸੱਚ ਦੀ ਹੀ ਕਮਾਈ ਕਰਦੇ। ਸੇਵਾ ਟਹਿਲ ਬਹੁਤ ਕਰਦੇ ਸਨ। ਭਗਤੀ ਵਿਚ ਬੜਾ ਵਿਸ਼ਵਾਸ ਰੱਖਦੇ।

## ਭਾਈ ਜੈਤਾ ਬੇਨ

ਭਾਈ ਜੈਤਾ ਗੁਰੂ ਦੇ ਦਰ 'ਤੇ ਆਏ ਤਾਂ ਗੁਰੂ ਜੀ ਨੇ ਕਿਹਾ ਕਿ ਪਰਿਵਾਰ ਨੂੰ ਪਾਲਣਾ ਵੀ ਸੇਵਾ ਹੈ, ਪਰ ਜਿੱਥੇ ਲੋੜਵੰਦ ਦੇਖੋ ਉੱਥੇ ਪੁੱਜ ਕੇ ਸੇਵਾ ਕਰਨੀ। ਉਨ੍ਹਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਆਪਣਾ ਜੀਵਨ ਸਫ਼ਲ ਕੀਤਾ।

## ਭਾਈ ਭਾਨੂ ਬਹਿਲ

ਭਾਈ ਭਾਨੂ ਬਹਿਲ ਰਾਜ ਮਹਿਲ (ਬੰਗਾਲ) ਵਿਚ ਰਹਿੰਦੇ ਸਨ ਤੇ ਸਿੱਖਾਂ ਦੀ ਭਾਉ ਭਗਤਿ ਕਰਕੇ ਸੇਵਾ ਕਰਦੇ। ਇਕ ਵਾਰ ਗੁਰੂ ਹਰਿਗੋਬਿੰਦ ਜੀ ਨੇ ਕੁਝ ਮੰਗਣ ਲਈ ਕਿਹਾ ਤਾਂ ਆਪ ਜੀ ਨੇ ਕਿਹਾ, 'ਗ਼ਰੀਬੀ ਬਖ਼ਸ਼ੀ ਰੱਖਣੀ ਤਾਂ ਕਿ ਮਹਾਰਾਜ ਦੇ ਸਰੂਪ ਨੂੰ ਪ੍ਰਾਪਤ ਹੋਇ ਰਹਾਂ।'

## ਬਦਲੀ ਸੋਢੀ, ਸੇਠ ਗੁਪਾਲ

ਗੁਰੂ ਹਰਿਗੋਬਿੰਦ ਜੀ ਨੇ ਦੋਵਾਂ ਨੂੰ ਨਿਮਰਤਾ ਬਾਰੇ ਦੱਸਿਆ ਕਿ ਸਭ ਤੋਂ ਵੱਡਾ ਗੁਣ ਨਿਮਰਤਾ ਹੈ। ਨਿਮਰਤਾ ਵਿਚ ਰਹਿ ਵਾਹਿਗੁਰੂ ਨੂੰ ਪਾਇਆ ਜਾ ਸਕਦਾ ਹੈ।

## ਭਾਈ ਸੁੰਦਰ ਚੱਢਾ

ਭਾਈ ਜੀ ਆਗਰੇ (ਯੂ. ਪੀ.) ਦੇ ਰਹਿਣ ਵਾਲੇ ਸਨ। ਗਿਆਨ ਪ੍ਰਾਪਤ ਕਰਨ ਲਈ ਹੋਰ ਕੋਈ ਸਾਧਨਾ ਨਹੀਂ ਹੁੰਦੀ। ਕੇਵਲ ਸਾਧ ਸੰਗਤ ਦੇ ਮੇਲ ਨਾਲ ਹੀ ਕਲਿਆਣ ਹੁੰਦਾ ਹੈ।

## ਭਾਈ ਮੋਹਣ ਜੀ

ਭਾਈ ਮੋਹਣ ਜੀ ਢਾਕੇ (ਬੰਗਲਾ ਦੇਸ਼) ਦੇ ਰਹਿਣ ਵਾਲੇ ਸਨ। ਗੁਰੂ ਹਰਿਗੋਬਿੰਦ ਜੀ ਕੋਲ ਆਏ ਤਾਂ ਦਰਸ਼ਨ ਕਰ ਅਰਦਾਸ ਕੀਤੀ ਕਿ ਮਨ ਕਿਸ ਤਰ੍ਹਾਂ ਕਾਬੂ ਵਿਚ ਰਵ੍ਹੇ ਅਤੇ ਗੁਰੂ ਵੱਲ ਲੱਗਾ ਰਵ੍ਹੇ। ਗੁਰੂ ਦੇ ਸ਼ੁੱਧ ਮਨ ਨਾਲ ਅਸ਼ੁੱਧ ਮਨ ਕਿਵੇਂ ਜੋੜਿਆ ਜਾਵੇ। ਸੱਚਾ ਮਾਰਗ ਦੱਸੋ। ਮਹਾਰਾਜ ਨੇ ਕਿਹਾ ਕਿ ਪਹਿਲਾਂ ਸਰੀਰ ਵਿਚ ਅਸਰੀਰ ਦੇਖਣ ਦੀ ਲੋੜ ਹੁੰਦੀ ਹੈ। ਇਹ ਸ਼ਬਦ ਗਾਇਆਂ ਦਿਸਦਾ ਹੈ। ਜਦ ਇਹ ਪਤਾ ਲੱਗ ਜਾਵੇ ਕਿ ਇਹ ਸਰੀਰ ਨਾਸ਼ਵੰਤ ਹੈ ਤਾਂ ਫਿਰ ਚਿਤ ਜੁੜਨ ਲੱਗ ਪੈਂਦਾ ਹੈ ਅਤੇ ਇਕਾਗਰਚਿੱਤ ਹੋਇਆਂ ਉਸ ਦਾ ਦੀਦਾਰ ਹੋ ਜਾਂਦਾ ਹੈ।

## ਸਯਦ ਅਬਦੁਲ ਹੱਕ

ਇਸ ਦੀ ਕਰਨੀ 'ਤੇ ਗੁਰੂ ਜੀ ਇਤਨੇ ਪ੍ਰਸੰਨ ਹੋਏ ਕਿ ਬਾਬਾ ਬਕਾਲੇ ਉਸ ਲਈ ਘਰ ਤੇ ਮਸੀਤ ਬਣਾਈ।

## ਤਾਲ ਮੋਹਰਾ

ਇਸ ਨੇ ਬੇਨਤੀ ਕੀਤੀ ਕਿ ਜਦ ਤੱਕ ਨਵੇਂ ਬਣੇ ਗ੍ਰਹਿ ਵਿਖੇ ਚਰਨ ਨਹੀਂ ਪਾਓਗੇ, ਪ੍ਰਵੇਸ਼ ਨਹੀਂ ਕਰਾਂਗਾ।

## ਭਾਈ ਜੀਵਨ

ਚੁਪਾਲਾਂ ਦੇ ਵਸਨੀਕ ਸਨ।

## ਭਾਈ ਪਾਲ

ਬਟਾਲਾ ਦੇ ਰਹਿਣ ਵਾਲੇ ਸਨ।

## ਭਾਈ ਤਖਤ ਮੱਲ

ਗਲੋਟੀਆਂ ਕਲਾਂ (ਸਿਆਲਕੋਟ) ਦੇ ਰਹਿਣ ਵਾਲੇ ਸਨ। ਗੁਰੂ ਜੀ ਦਾਂ ਆਉਣਾ ਸੁਣ ਕੇ ਆਪਣੇ ਗ੍ਰਿਹ ਲੈ ਗਏ ਤੇ ਸੇਵਾ ਕਰ ਜਨਮ ਸਵਾਰਿਆ।

## ਭਾਈ ਨੱਥ ਮਲ

ਸਿਆਲਕੋਟ ਦੇ ਰਹਿਣ ਵਾਲੇ ਸਨ। ਇਨ੍ਹਾਂ ਨੇ ਪਾਣੀ ਦੀ ਥੁੜ੍ਹ ਦੂਰ ਕਰਨ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਨੇਜ਼ਾ ਮਾਰ ਜਲ ਦਾ ਪ੍ਰਵਾਹ ਚਲਾਇਆ। ਗੁਰੂਸਰ ਅੱਜ ਤੱਕ ਗੁਰੂ ਦੀ ਰਹਿਮਤ ਦਰਸਾ ਰਿਹਾ ਹੈ।

## ਭਗਤ ਰਾਮ

ਹਾਫ਼ਜ਼ਾਬਾਦ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਬੇਨਤੀ 'ਤੇ ਗੁਰੂ ਜੀ ਇੱਥੇ ਆਏ ਸਨ।

## ਭਾਈ ਖੇਮ ਚੰਦ

ਵਜ਼ੀਰਾਬਾਦ ਦੇ ਰਹਿਣ ਵਾਲੇ ਸਨ। ਇਤਨੀ ਸੇਵਾ ਕੀਤੀ ਕਿ ਇਸਦੇ ਘਰ ਨੂੰ 'ਗੁਰੂ ਕਾ ਕੋਠਾ' ਕਹਿ ਕੇ ਨਿਵਾਜਿਆ।

## ਭਾਈ ਮੱਟੂ

ਹਾਫ਼ਜ਼ਾਬਾਦ ਦੇ ਰਹਿਣ ਵਾਲੇ ਸਨ। ਬੜੇ ਨਸ਼ੱਈ ਸਨ ਪਰ ਹੁਕਮ ਮੰਨ ਸਭ ਨਸ਼ੇ ਛੱਡੇ ਤੇ ਭਾਈ ਖ਼ਿਤਾਬ ਮਿਲਿਆ।

## ਭਾਈ ਸ਼ੀਹਾ

ਮਹੇਮਾ (ਲਾਹੌਰ) ਦਾ ਰਹਿਣ ਵਾਲਾ ਸੀ।

## ਨਾਨਕ ਚੰਦ

ਅਕੋਸ (ਸੰਗਰੂਰ) ਦਾ ਵਸਨੀਕ ਸੀ। ਸਰਵਰੀਆ ਸੀ। ਗੁਰੂ ਵਾਲਾ ਬਣਿਆ।

## ਭਾਈ ਮੂਲ ਚੰਦ

ਹਤਿਆਰਾ ਦਾ ਰਹਿਣ ਵਾਲਾ ਸੀ। ਗੁਰੂ ਜੀ ਦਾ ਆਉਣਾ ਸੁਣ ਕੇ ਬੇਨਤੀ ਕਰਕੇ ਪਿੰਡ ਲੈ ਗਿਆ। ਘੋੜੇ ਦੀ ਲਗਾਮ ਪਕੜ ਲਈ ਕਿ ਜਦ ਤੱਕ ਦਰਸ਼ਨ ਨਹੀਂ ਦਿਓਗੇ, ਮੈਂ ਅੱਗੇ ਨਹੀਂ ਜਾਣ ਦੇਣਾ।


www.sikhbookclub.com

ਗੁਰੂ ਹਰਿਗੋਬਿੰਦ ਜੀ ਦੇ ਇਕ ਹੁਕਮਨਾਮੇ ਵਿਚ ਵੀ, ਜੋ ਉਨ੍ਹਾਂ ਪਟਨਾ ਸਾਹਿਬ ਅਤੇ ਗਿਰਦ ਨਿਵਾਹ ਦੇ ਸਿੱਖਾਂ ਪ੍ਰਤੀ ਲਿਖਿਆ, ਉਸ ਵਿਚੋਂ ਕਈ ਸ਼ਰਧਾਲੂ ਸਿੱਖਾਂ ਦੇ ਪਾਵਨ ਨਾਂ ਮਿਲਦੇ ਹਨ, ਜੋ ਇਸ ਪ੍ਰਕਾਰ ਦੱਸੇ ਜਾ ਸਕਦੇ ਹਨ—

1. ਭਾਈ ਜਾਪੂ।
2. ਭਾਈ ਲਾਲ।
3. ਭਾਈ ਸੰਗਤੀਆ।
4. ਭਾਈ ਅਨੰਤਾ।
5. ਭਾਈ ਸਯਾਮ ਦਾਸ।
6. ਭਾਈ ਅਥੇਰ।
7. ਭਾਈ ਹਰਿ ਰਾਮ।
8. ਭਾਈ ਅਨੰਤਾ।
9. ਭਾਈ ਕੇਵਲ ਰਾਮ।
10. ਭਾਈ ਰਾਮ ਰਾਇ।
11. ਭਾਈ ਗੋਪੀ।
12. ਭਾਈ ਕਿਰਪਾਲੇ।
13. ਭਾਈ ਬਨਾਰਸੀਆ।
14. ਭਾਈ ਕਲਿਆਣਾ।
15. ਭਾਈ ਰੰਗ।
16. ਭਾਈ ਜਗਜੀਵਣ।
17. ਭਾਈ ਬਾਲਾ।
18. ਭਾਈ ਸ਼ੰਕਰ ਜੈ ਰਾਮ।
19. ਭਾਈ ਰਾਮ।
20. ਭਾਈ ਬਿਹਾਰੀ।
21. ਭਾਈ ਦਿਆਲ ਬਾਲਾ।
22. ਭਾਈ ਜਗਦੀਸ਼।
23. ਭਾਈ ਮਹੇਸਾ।
24. ਭਾਈ ਚੇਤੂ।
25. ਭਾਈ ਕਲਿਆਣ।
26. ਭਾਈ ਉੱਤਮ।
27. ਭਾਈ ਦਿਆਲ ਚੱਢਾ।


www.sikhbookclub.com

28. ਭਾਈ ਉੱਤਮ ਚੰਦ।
29. ਭਾਈ ਦੁਆਰੀ।
30. ਭਾਈ ਦੁਆਰਕਾ।
31. ਭਾਈ ਦਯਾ।
32. ਭਾਈ ਮੋਹਣ ਦਾਸ।
33. ਭਾਈ ਨਿਹਾਲ।
34. ਭਾਈ ਗੋਪੀ।
35. ਭਾਈ ਸੁੰਦਰ ਸੰਗਤੀਏ।
36. ਭਾਈ ਜਾਪੂ ਸ਼ੰਕਰ।
37. ਭਾਈ ਸੂਰਦਾਸ ਬਾਸੂ।
38. ਭਾਈ ਕਿਸ਼ਨਾ।
39. ਧਰਮਾ ਭਾਈ ਪਿਰਥੀ ਮਲ।
40. ਭਾਈ ਸੁੰਦਰ।
41. ਭਾਈ ਨੰਦ, ਭਾਈ ਦਰਗਹ ਮਲ।
42. ਭਾਈ ਫਿਰੰਦਾ।
43. ਭਾਈ ਰਾਊ।
44. ਭਾਈ ਸਾਈ ਦਿੱਤਾ
    ਤੇ ਕਈ ਹੋਰ।

❑ ❑ ❑


www.sikhbookclub.com